ਸ਼ੁੱਕਰਵਾਰ, 20 ਫਰਵਰੀ, 2026
9 ਫੱਗਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 261

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 20 FEBRUARY, 2026

ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

## ਭਾਰਤ-ਅਮਰੀਕਾ ਵਪਾਰ ਸਮਝੌਤੇ ਖਿਲਾਫ 10 ਨੂੰ ਬਰਨਾਲਾ 'ਚ ਵੱਡੀ ਰੈਲੀ



**ਚੰਡੀਗੜ੍ਹ** : ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਸਮਝੌਤੇ ਵਿਰੁੱਧ ਸੰਯੁਕਤ ਕਿਸਾਨ ਮੋਰਚਾ ਨੇ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ। ਮੋਰਚੇ ਵੱਲੋਂ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿੱਚ ਖੇਤੀ ਖੇਤਰ ਨੂੰ ਸ਼ਾਮਿਲ ਕਰਨ ਖਿਲਾਫ 10 ਮਾਰਚ ਨੂੰ ਬਰਨਾਲਾ ਵਿਖੇ ਵੱਡਾ ਇਕੱਠ ਕੀਤਾ ਜਾਵੇਗਾ, ਜਿੱਥੋਂ ਸੰਘਰਸ਼ ਦੀ ਅਗਲੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ । ਇਹ ਫੈਸਲਾ ਚੰਡੀਗੜ੍ਹ ਸਥਿਤ ਕਿਸਾਨ ਭਵਨ ਵਿਖੇ ਸੰਯੁਕਤ ਕਿਸਾਨ ਮੋਰਚਾ ਦੀ ਪੰਜਾਬ ਇਕਾਈ ਦੀ ਮੀਟਿੰਗ ਦੌਰਾਨ ਲਿਆ ਗਿਆ। ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਮੋਰਚੇ ਦੇ ਸੀਨੀਅਰ ਆਗੂ ਰਮਿੰਦਰ ਸਿੰਘ ਪਟਿਆਲਾ, ਬਲਵਿੰਦਰ ਸਿੰਘ ਰਾਜੂ, ਬੋਗ ਸਿੰਘ ਮਾਨਸਾ ਅਤੇ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਮਰੀਕਾ ਨਾਲ ਕੀਤੇ ਜਾਣ ਵਾਲੇ ਸਮਝੌਤੇ ਵਿੱਚ ਖੇਤੀ ਖੇਤਰ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਕੇਂਦਰੀ ਮੰਤਰੀ ਪੀਯੂਸ਼ ਗੋਇਲ ਵੱਲੋਂ ਭਾਰਤ-ਅਮਰੀਕਾ ਵਪਾਰ ਸਮਝੌਤੇ 'ਤੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਲਈ ਮੋਰਚੇ ਦੇ ਆਗੂਆਂ ਨੇ ਰਾਸ਼ਟਰਪਤੀ ਤੋਂ ਮੰਗ ਕੀਤੀ ਕਿ ਕੇਂਦਰੀ ਮੰਤਰੀ ਨੂੰ ਬਰਖਾਸਤ ਕੀਤਾ ਜਾਵੇ ਅਤੇ ਕੇਂਦਰ ਸਰਕਾਰ ਨੂੰ ਆਦੇਸ਼ ਦਿੱਤੇ ਜਾਣ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿੱਚੋਂ ਖੇਤੀ ਖੇਤਰ ਨੂੰ ਬਾਹਰ ਰੱਖਿਆ ਜਾਵੇ। ਰਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਵੀ ਝੂਠ ਬੋਲ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦੋਂ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਫਰੇਮਵਰਕ ਵਿੱਚ ਸਪੱਸ਼ਟ ਤੌਰ 'ਤੇ ਖੇਤੀ ਖੇਤਰ ਨੂੰ ਸ਼ਾਮਿਲ ਕਰਨ ਦਾ ਜ਼ਿਕਰ ਕੀਤਾ ਗਿਆ। ਸੰਯੁਕਤ ਕਿਸਾਨ ਮੋਰਚਾ ਨੇ ਲੰਘੇ ਦਿਨ ਬਠਿੰਡਾ ਵਿੱਚ ਪੁਲਸ ਵੱਲੋਂ ਕਿਸਾਨਾਂ ਉੱਤੇ ਕੀਤੇ ਗਏ ਲਾਠੀਚਾਰਜ ਅਤੇ ਜਬਰ ਦੀ ਨਿਖੇਧੀ ਕੀਤੀ। ਇਸ ਦੇ ਨਾਲ ਹੀ ਮੋਰਚਾ ਨੇ ਐੱਸ ਐੱਸ ਪੀ ਬਠਿੰਡਾ ਜੋਤੀ ਯਾਦਵ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਕਿਸਾਨਾਂ ਵੱਲੋਂ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ, ਜਦੋਂ ਕਿ ਜੋਤੀ ਯਾਦਵ ਦੇ ਆਦੇਸ਼ਾਂ 'ਤੇ ਪੁਲਸ ਨੇ ਕਿਸਾਨਾਂ ਉੱਤੇ ਹਮਲਾ ਕੀਤਾ ਅਤੇ ਉਸ ਤੋਂ ਬਾਅਦ ਟਕਰਾਅ ਵਧਿਆ। ਮੀਟਿੰਗ ਵਿੱਚ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ, ਬਲਬੀਰ ਸਿੰਘ ਰਾਜੇਵਾਲ, ਬੂਟਾ ਸਿੰਘ ਸ਼ਾਦੀਪੁਰ, ਦਲਬੀਰ ਸਿੰਘ, ਕੈਪਟਨ ਮੇਜਰ ਸਿੰਘ ਸਣੇ ਵੱਡੀ ਗਿਣਤੀ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਮੌਜੂਦ ਸਨ।

## 9 ਮਰੀਜ਼ਾਂ ਦੀਆਂ ਕੱਢਣੀਆਂ ਪਈਆਂ ਅੱਖਾਂ ਤੇ 9 ਹੋਏ ਨੇਤਰਹੀਣ

ਲਖਨਊ : ਉੱਤਰ ਪ੍ਰਦੇਸ਼ ਦੇ ਗੋਰਖਪੁਰ ਵਿੱਚ ਇੱਕ ਅੱਖਾਂ ਦੇ ਕੈਂਪ ਦੌਰਾਨ ਹੋਏ ਅਪਰੇਸ਼ਨਾਂ ਤੋਂ ਬਾਅਦ ਫੈਲੀ ਇਨਫੈਕਸ਼ਨ ਕਾਰਨ 9 ਮਰੀਜ਼ਾਂ ਦੀਆਂ ਅੱਖਾਂ ਕੱਢਣੀਆਂ ਪਈਆਂ, ਜਦ ਕਿ 9 ਹੋਰਨਾਂ ਦੀ ਨਜ਼ਰ ਖਤਮ ਹੋ ਗਈ। ਪ੍ਰਸ਼ਾਸਨ ਨੇ ਹਸਪਤਾਲ ਨੂੰ ਸੀਲ ਕਰ ਦਿੱਤਾ ਹੈ ਤੇ ਮਾਮਲੇ ਦੀ ਜਾਂਚ ਦਾ ਆਦੇਸ਼ ਦਿੱਤੇ ਹਨ। ਸਰਕਾਰੀ ਸੂਤਰਾਂ ਅਨੁਸਾਰ ਨਿਊ ਰਾਜੇਸ਼ ਹਾਈਟੈਕ ਹਸਪਤਾਲ ਵਿੱਚ ਬੀਤੀ ਪਹਿਲੀ ਫਰਵਰੀ ਨੂੰ 30 ਮਰੀਜ਼ਾਂ ਦੇ ਅਪਰੇਸ਼ਨ ਕੀਤੇ ਗਏ ਸਨ। ਸਰਜਰੀ ਤੋਂ 24 ਘੰਟਿਆਂ ਦੇ ਅੰਦਰ ਬਹੁਤਿਆਂ ਮਰੀਜ਼ਾਂ ਨੇ ਬਹੁਤ ਗੰਭੀਰ ਦਰਦ ਹੋਣ ਦੀ ਸ਼ਿਕਾਇਤ ਕੀਤੀ। ਇਨ੍ਹਾਂ ਵਿਚੋਂ 18 ਮਰੀਜ਼ਾਂ ਨੂੰ ਅੱਖਾਂ ਵਿੱਚ ਇਨਫੈਕਸ਼ਨ ਫੈਲ ਜਾਣ ਕਾਰਨ ਦਿੱਲੀ, ਲਖਨਊ ਤੇ ਵਾਰਾਨਸੀ ਦੇ ਹਸਪਤਾਲਾਂ 'ਚ ਲਿਜਾਣ ਲਈ ਕਿਹਾ ਗਿਆ, ਪਰੰਤੂ ਮਰੀਜ਼ਾਂ ਦੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਹੋਇਆ। ਡਿਸਟ੍ਰਿਕਟ ਮੈਜਿਸਟਰੇਟ ਦੀਪਕ ਮੀਨਾ ਨੇ ਕਿਹਾ ਕਿ ਜੇਕਰ ਹਸਪਤਾਲ ਦੋਸ਼ੀ ਪਾਇਆ ਗਿਆ ਤਾਂ ਉਸ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਜਾਵੇਗੀ। ਚੀਫ ਮੈਡੀਕਲ ਅਫਸਰ ਡਾ ਰਾਜੇਸ਼ ਝਾਅ ਅਨੁਸਾਰ ਅਪਰੇਸ਼ਨਾਂ ਵਿੱਚ ਗੰਭੀਰ ਕੁਤਾਹੀ ਹੋਈ ਹੈ। ਜਾਂਚ ਰਿਪੋਰਟ ਉਪਰੰਤ ਦੋਸ਼ੀਆਂ ਵਿਰੁੱਧ ਕਾਰਵਾਈ ਹੋਵੇਗੀ।

## ਬੱਚੇ ਮੈਦਾਨ 'ਚ ਮੁੜ੍ਹਕਾ ਵਹਾਉਣਗੇ ਤੇ ਤਮਗੇ ਲਿਆਉਣਗੇ ਤਾਂ ਨਸ਼ਾ ਵਿਰੋਧੀ ਮੁਹਿੰਮ ਦੀ ਲੋੜ ਨਹੀਂ ਰਹੇਗੀ : ਮਾਨ




**ਲੁਧਿਆਣਾ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਇਤਿਹਾਸਕ ਕਿਲ੍ਹਾ ਰਾਏਪੁਰ ਪੇਂਡੂ ਉਲੰਪਿਕਸ ਵਿੱਚ ਸ਼ਾਮਲ ਹੁੰਦਿਆਂ ਖੇਡਾਂ ਨੂੰ ਨਸ਼ਿਆਂ ਦੇ ਖਾਤਮੇ ਲਈ ਸਭ ਤੋਂ ਘਾਤਕ ਹਥਿਆਰ ਐਲਾਨਿਆ। ਉਨ੍ਹਾ ਕਿਹਾ ਕਿ ਆਉਣ ਵਾਲੇ ਪੰਜਾਬ ਦੇ ਬਜਟ ਵਿੱਚ ਖੇਡਾਂ ਦੇ ਬਜਟ ਵਿੱਚ ਵਾਧਾ ਕੀਤਾ ਜਾਵੇਗਾ, ਜਿਸ ਨਾਲ ਪੰਜਾਬ ਦੇ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਦਿਸ਼ਾ ਵੱਲ ਲਿਜਾਣ ਲਈ ਠੋਸ ਯਤਨ ਕੀਤੇ ਜਾਣਗੇ। ਇਹ ਦੱਸਦਿਆਂ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਬੰਦ ਕੀਤੀਆਂ ਗਈਆਂ ਬੈਲ ਗੱਡੀਆਂ ਦੀਆਂ ਦੌੜਾਂ ਹੁਣ ਕਾਨੂੰਨ ਵਿੱਚ ਸੋਧ ਉਪਰੰਤ ਮੁੜ ਸ਼ੁਰੂ ਹੋ ਗਈਆਂ ਹਨ, ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਬੱਚੇ ਮੈਦਾਨ ਵਿੱਚ ਪਸੀਨਾ ਵਹਾਉਣਗੇ ਅਤੇ ਘਰਾਂ ਨੂੰ ਤਮਗੇ ਲਿਆਉਣਗੇ ਤਾਂ ਕਿਸੇ ਵੀ ਨਸ਼ਾ ਵਿਰੋਧੀ ਮੁਹਿੰਮ ਦੀ ਲੋੜ ਨਹੀਂ ਰਹੇਗੀ।

ਕਿਲ੍ਹਾ ਰਾਏਪੁਰ ਖੇਡਾਂ ਦੀ ਪੁਨਰ-ਸੁਰਜੀਤੀ ਨੂੰ ਪੰਜਾਬ ਦੇ ਪੇਂਡੂ ਸੱਭਿਆਚਾਰ ਅਤੇ ਵਿਰਾਸਤ ਦੀ ਝਲਕ ਦੱਸਦਿਆਂ ਮੁੱਖ ਮੰਤਰੀ ਨੇ ਨਵੀਂ ਖੇਡ ਨੀਤੀ 2023 ਨੂੰ ਸੂਬੇ ਦੀਆਂ ਖੇਡਾਂ ਦੀ ਸ਼ਾਨ ਨੂੰ ਬਹਾਲ ਕਰਨ ਵੱਲ ਇੱਕ ਅਹਿਮ ਕਦਮ ਦੱਸਿਆ, ਜਿਸ ਤਹਿਤ ਹਰ ਪਿੰਡ ਵਿੱਚ ਸਟੇਡੀਅਮ ਬਣਾਏ ਜਾਣਗੇ। ਉਨ੍ਹਾ ਇਹ ਵੀ ਐਲਾਨ ਕੀਤਾ ਕਿ ਕਿਲ੍ਹਾ ਰਾਏਪੁਰ ਵਿੱਚ ਅੱਠ ਏਕੜ ਵਿੱਚ ਫੈਲੇ ਛੱਪੜ ਦਾ ਸੁੰਦਰੀਕਰਨ ਕੀਤਾ ਜਾਵੇਗਾ ਅਤੇ ਪਿੰਡ ਵਿੱਚ ਇੱਕ ਆਧੁਨਿਕ ਲਾਇਬ੍ਰੇਰੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਪਿਛਲੀਆਂ ਸਰਕਾਰਾਂ ਵੱਲੋਂ ਕੀਤੀ ਲੁੱਟ-ਖਸੁੱਟ ਦੀ ਲੀਕੇਜ ਨੂੰ ਬੰਦ ਕਰ ਰਹੇ ਹਾਂ, ਜਿਸ ਨਾਲ ਜਨਤਾ ਦਾ ਪੈਸਾ ਬਚਾਇਆ ਜਾ ਰਿਹਾ ਹੈ ਅਤੇ ਇਸ ਨੂੰ ਸਿੱਧਾ ਲੋਕਾਂ 'ਤੇ ਖਰਚ ਕੀਤਾ ਜਾ ਰਿਹਾ ਹੈ।ਕਿਲ੍ਹਾ ਰਾਏਪੁਰ ਪੇਂਡੂ ਉਲੰਪਿਕਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ

• ਬਾਕੀ ਸਫਾ 2 'ਤੇ

## ਟਰੈਕਟਰ ਢਾਬੇ 'ਚ ਵੜਿਆ; ਮਾਲਕ ਤੇ ਇੱਕ ਗਾਹਕ ਦੀ ਮੌਤ

**ਹੁਸ਼ਿਆਰਪੁਰ** : ਦਸੂਹਾ ਰੋਡ 'ਤੇ ਚਾਰੇ ਨਾਲ ਲੱਦੀ ਇੱਕ ਟਰੈਕਟਰ-ਟਰਾਲੀ ਬੇਕਾਬੂ ਹੋ ਕੇ ਇੱਕ ਢਾਬੇ ਵਿੱਚ ਜਾ ਵੜੀ। ਇਸ ਹਾਦਸੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਦੀ ਪਛਾਣ 35 ਸਾਲਾ ਕਮਲ ਕੁਮਾਰ ਵਜੋਂ ਹੋਈ ਹੈ, ਜੋ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਬਿਲਾਸਪੁਰ ਦਾ ਰਹਿਣ ਵਾਲਾ ਸੀ ਅਤੇ ਇਸ ਢਾਬੇ ਦਾ ਮਾਲਕ ਸੀ। ਦੂਜਾ ਮ੍ਰਿਤਕ 24 ਸਾਲਾ ਰਣਜੀਤ ਸਿੰਘ ਹੈ, ਜੋ ਬਿਹਾਰ ਦਾ ਰਹਿਣ ਵਾਲਾ ਸੀ ਅਤੇ ਉਸ ਵੇਲੇ ਢਾਬੇ 'ਤੇ ਇੱਕ ਗਾਹਕ ਵਜੋਂ ਮੌਜੂਦ ਸੀ। ਟਰੈਕਟਰ ਦੀ ਟੱਕਰ ਇੰਨੀ ਜ਼ਬਰਦਸਤ ਸੀ ਕਿ ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਨੇ ਟਰੈਕਟਰ ਚਾਲਕ ਨੂੰ ਹਿਰਾਸਤ ਵਿੱਚ ਲੈ ਲਿਆ ਹੈ ।

## ਪ੍ਰੀਖਿਆ ਦੌਰਾਨ ਸਕੂਲਾਂ ਨੂੰ ਉਡਾ ਦੇਣ ਦੀਆਂ ਮਿਲੀਆਂ ਧਮਕੀਆਂ

**ਨਵੀਂ ਦਿੱਲੀ** : ਕੇਂਦਰੀ ਸੈਕੰਡਰੀ ਸਿੱਖਿਆ ਬੋਰਡ ਦੀਆਂ ਚੱਲ ਰਹੀਆਂ ਪ੍ਰੀਖਿਆਵਾਂ ਦੇ ਦਰਮਿਆਨ ਵੀਰਵਾਰ ਨੂੰ ਨੋਇਡਾ ਦੇ ਘੱਟੋ-ਘੱਟ 12 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਵਾਲੀਆਂ ਈਮੇਲਾਂ ਮਿਲੀਆਂ, ਜਿਸ ਨਾਲ ਦਹਿਸ਼ਤ ਫੈਲ ਗਈ ਅਤੇ ਸਾਵਧਾਨੀ ਵਜੋਂ ਸਕੂਲਾਂ ਨੂੰ ਖਾਲੀ ਕਰਵਾ ਲਿਆ ਗਿਆ। ਪੁਲਸ ਅਧਿਕਾਰੀਆਂ ਅਨੁਸਾਰ ਇਹ ਧਮਕੀਆਂ ਪ੍ਰੀਖਿਆ ਦੇ ਸਮੇਂ ਦੌਰਾਨ ਈਮੇਲ ਰਾਹੀਂ ਪ੍ਰਾਪਤ ਹੋਈਆਂ ਸਨ। ਸਕੂਲ ਪ੍ਰਸ਼ਾਸਨ ਨੇ ਤੁਰੰਤ ਵਿਦਿਆਰਥੀਆਂ ਅਤੇ ਸਟਾਫ ਨੂੰ ਬਾਹਰ ਕੱਢਿਆ ਅਤੇ ਮਾਪਿਆਂ ਨੂੰ ਸੂਚਿਤ ਕੀਤਾ। ਨੋਇਡਾ ਪੁਲਸ ਦੀਆਂ ਟੀਮਾਂ, ਬੰਬ ਨਿਰੋਧਕ ਦਸਤੇ ਅਤੇ ਡੌਗ ਸਕੁਐਡ ਦੇ ਨਾਲ ਪ੍ਰਭਾਵਿਤ ਸਕੂਲਾਂ ਵਿੱਚ ਪਹੁੰਚੀਆਂ । ਵੀਰਵਾਰ ਸਵੇਰੇ ਦਿੱਲੀ ਦੇ ਘੱਟੋ-ਘੱਟ ਤਿੰਨ ਸਕੂਲਾਂ ਨੂੰ ਵੀ ਬੰਬ ਦੀਆਂ ਅਜਿਹੀਆਂ ਹੀ ਧਮਕੀਆਂ ਮਿਲੀਆਂ, ਜਿਸ ਤੋਂ ਬਾਅਦ ਐਮਰਜੈਂਸੀ ਏਜੰਸੀਆਂ ਨੇ ਤੇਜ਼ੀ ਨਾਲ ਕਾਰਵਾਈ ਕੀਤੀ। ਦਿੱਲੀ ਫਾਇਰ ਸਰਵਿਸਿਜ਼ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਦਵਾਰਕਾ ਦੇ ਸੀ ਆਰ ਪੀ ਐੱਫ ਪਬਲਿਕ ਸਕੂਲ ਅਤੇ ਸੇਂਟ ਥਾਮਸ ਸਕੂਲ ਅਤੇ ਪੱਛਮ ਐਨਕਲੇਵ ਦੇ ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਨੂੰ ਧਮਕੀ ਭਰੀਆਂ ਈਮੇਲਾਂ ਭੇਜੀਆਂ ਗਈਆਂ ਸਨ। ਸਾਵਧਾਨੀ ਵਜੋਂ ਫਾਇਰ ਟੈਂਡਰ ਅਤੇ ਬਚਾਅ ਟੀਮਾਂ ਤਾਇਨਾਤ ਕੀਤੀਆਂ ਗਈਆਂ ਸਨ।

## ਪੰਜਾਬ ਸਕੱਤਰੇਤ ਨੂੰ ਉਡਾਉਣ ਦੀ ਧਮਕੀ

**ਚੰਡੀਗੜ੍ਹ** : ਪੰਜਾਬ ਸਕੱਤਰੇਤ ਨੂੰ ਵੀਰਵਾਰ ਬੰਬ ਨਾਲ ਉਡਾਉਣ ਦੀ ਇੱਕ ਧਮਕੀ ਭਰੀ ਈ-ਮੇਲ ਪ੍ਰਾਪਤ ਹੋਈ, ਜਿਸ ਤੋਂ ਬਾਅਦ ਪੁਲਸ, ਫਾਇਰ ਬ੍ਰਿਗੇਡ ਦੇ ਅਧਿਕਾਰੀ, ਬੰਬ ਨਿਰੋਧਕ ਦਸਤੇ ਤੇ ਡੌਗ ਸਕੁਐਡ ਮੌਕੇ 'ਤੇ ਪੁੱਜੇ, ਪਰ ਤਲਾਸ਼ੀ ਮੁਹਿੰਮ ਤੋਂ ਬਾਅਦ ਕੋਈ ਸ਼ੱਕੀ ਸਮੱਗਰੀ ਜਾਂ ਵਿਸਫੋਟਕ ਨਹੀਂ ਮਿਲਿਆ। ਪੁਲਸ ਨੇ ਸਕੱਤਰੇਤ ਦੇ ਆਲੇ-ਦੁਆਲੇ ਸੁਰੱਖਿਆ ਵਧਾ ਦਿੱਤੀ ਹੈ। ਪਿਛਲੇ ਮਹੀਨੇ ਵੀ ਪੰਜਾਬ ਸਕੱਤਰੇਤ ਨੂੰ ਅਜਿਹੀ ਹੀ ਇੱਕ ਧਮਕੀ ਭਰੀ ਮੇਲ ਮਿਲੀ ਸੀ, ਜੋ ਕਿ ਫਰਜ਼ੀ ਨਿਕਲੀ ਸੀ।

## ਮਹਿਲਾ ਡਾਨ ਗ੍ਰਿਫ਼ਤਾਰ

**ਨਵੀਂ ਦਿੱਲੀ** : ਲਾਰੈਂਸ ਬਿਸ਼ਨੋਈ ਗੈਂਗ ਦੀ ਮੈਡਮ ਜਾਹਰ ਨੂੰ ਗ੍ਰਿਫ਼ਤਾਰ ਕਰ ਲੈਣ ਦੀ ਖਬਰ ਹੈ। ਲੇਡੀ ਡਾਨ ਖੁਸ਼ਨੁਮਾ ਅੰਸਾਰੀ ਉਰਫ਼ ਨੇਹਾ, ਜਿਸ 'ਤੇ ਲਾਰੈਂਸ ਬਿਸ਼ਨੋਈ ਗੈਂਗ ਦੇ ਅੰਦਰ ਡਰੱਗ ਸਿੰਡੀਕੇਟ ਵਿਚ ਸ਼ਾਮਿਲ ਹੋਣ ਦਾ ਦੋਸ਼ ਹੈ, ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਨੇਹਾ ਲਾਰੈਂਸ ਬਿਸ਼ਨੋਈ ਗੈਂਗ ਵਿਚ ਬੰਦੂਕਧਾਰੀ ਵਜੋਂ ਜਾਣੇ ਜਾਂਦੇ ਬੌਬੀ ਕਬੂਤਰ ਦੀ ਪ੍ਰੇਮਿਕਾ ਹੈ। ਬੌਬੀ ਕਬੂਤਰ ਲਾਰੈਂਸ ਬਿਸ਼ਨੋਈ ਗੈਂਗ ਨੂੰ ਹਥਿਆਰ ਸਪਲਾਈ ਕਰਦਾ ਹੈ। ਏਸ਼ੀਆ ਵਿਚ ਇਕ ਵੱਡਾ ਹਥਿਆਰ ਸਪਲਾਇਰ ਅਤੇ ਭਾਰਤ ਦਾ ਸਭ ਤੋਂ ਵੱਡਾ ਗੈਰ-ਕਾਨੂੰਨੀ ਹਥਿਆਰ ਡੀਲਰ ਬੌਬੀ ਕਬੂਤਰ ਸਲੀਮ ਪਿਸਤੌਲ ਤੋਂ ਹਥਿਆਰ ਖਰੀਦਦਾ ਸੀ। ਹਾਲ ਹੀ ਵਿੱਚ ਪਾਕਿਸਤਾਨ ਆਈ ਐੱਸ ਆਈ ਲਈ ਕੰਮ ਕਰਨ ਵਾਲੇ ਸਲੀਮ ਪਿਸਤੌਲ ਨੂੰ ਨੇਪਾਲ-ਭਾਰਤ ਸਰਹੱਦ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

## ਗਿਆਨੀ ਰਘਬੀਰ ਸਿੰਘ ਨੂੰ 72 ਘੰਟਿਆਂ ਦਾ ਅਲਟੀਮੇਟਮ



**ਅੰਮ੍ਰਿਤਸਰ** : ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਵੱਲੋਂ ਬੀਤੇ ਦਿਨ ਲਾਏ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਬਾਰੇ ਸਬੂਤ ਪੇਸ਼ ਕਰਨ ਲਈ ਉਨ੍ਹਾਂ ਨੂੰ 72 ਘੰਟੇ ਦਾ ਸਮਾਂ ਦਿੱਤਾ ਗਿਆ ਹੈ। ਇਹ ਜਾਣਕਾਰੀ ਇੱਥੇ ਅੰਤ੍ਰਿੰਗ ਕਮੇਟੀ ਦੀ ਅਹਿਮ ਇਕੱਤਰਤਾ ਉਪਰੰਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੱਤਰਕਾਰਾਂ ਨੂੰ ਦਿੱਤੀ ਗਈ। ਉਨ੍ਹਾ ਕਿਹਾ ਕਿ ਅੰਤ੍ਰਿੰਗ ਕਮੇਟੀ ਵੱਲੋਂ ਲਏ ਗਏ ਫ਼ੈਸਲੇ ਅਨੁਸਾਰ 72 ਘੰਟਿਆਂ ਅੰਦਰ ਸਬੂਤ ਪੇਸ਼ ਨਾ ਕਰਨ 'ਤੇ ਉਨ੍ਹਾਂ ਵਿਰੁੱਧ ਕਾਰਵਾਈ ਦੇ ਅਧਿਕਾਰ ਪ੍ਰਧਾਨ ਨੂੰ ਦਿੱਤੇ ਗਏ ਹਨ। ਇਸ ਦੇ ਨਾਲ ਹੀ ਐਡਵੋਕੇਟ ਧਾਮੀ ਨੇ ਗੁਰਦੁਆਰਾ ਅੰਬ ਸਾਹਿਬ ਅਤੇ ਗੁਰਦੁਆਰਾ ਭੱਠਾ ਸਾਹਿਬ ਰੋਪੜ ਦੀਆਂ ਜ਼ਮੀਨਾਂ ਸੰਬੰਧੀ ਕਥਿਤ ਤੌਰ 'ਤੇ ਗ਼ਲਤ ਬਿਆਨਬਾਜ਼ੀ ਕਰਨ 'ਤੇ ਸਾਬਕਾ ਜਥੇਦਾਰ ਅਤੇ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੂੰ ਕਿਹਾ ਹੈ ਕਿ ਜਾਂ ਤਾਂ ਉਹ ਮੁਆਫ਼ੀ ਮੰਗਣ ਨਹੀਂ ਤਾਂ ਗੁਰਦੁਆਰਾ ਭੱਠਾ ਸਾਹਿਬ ਦੇ ਮੈਨੇਜਰ ਨੂੰ ਉਨ੍ਹਾਂ ਖ਼ਿਲਾਫ਼ ਮਾਨਹਾਨੀ ਦਾ ਕੇਸ ਦਾਇਰ ਕਰਨ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜ਼ਮੀਨਾਂ ਦੇ ਮਾਮਲੇ ਵਿਚ ਜੋ ਵੀ ਕਾਰਵਾਈ ਕੀਤੀ ਗਈ ਹੈ, ਉਹ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਤੇ ਕਾਨੂੰਨ ਅਨੁਸਾਰ ਕੀਤੀ ਗਈ ਹੈ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦਾ ਵਿਰੋਧੀ ਧਿਰ ਦੇ ਮੈਂਬਰ ਮਿੱਠੂ ਸਿੰਘ ਕਾਹਨੇ ਕੇ ਨੇ ਬਾਈਕਾਟ ਕੀਤਾ ਹੈ। ਉਨ੍ਹਾ ਆਖਿਆ ਕਿ ਮੀਟਿੰਗ ਵਿੱਚ ਇੱਕ ਮਤਾ ਪਾਸ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੂੰ ਫਾਰਗ ਕਰ ਦਿੱਤਾ ਗਿਆ ਹੈ, ਜਿਸ ਦਾ ਉਨ੍ਹਾਂ ਨੇ ਵਿਰੋਧ ਕੀਤਾ ਹੈ। ਉਨ੍ਹਾ ਮੰਗ ਕੀਤੀ ਕਿ ਮੁੱਖ ਗ੍ਰੰਥੀ ਨੂੰ ਫਾਰਗ ਕਰਨ ਦੀ ਥਾਂ ਉਨ੍ਹਾਂ ਵੱਲੋਂ ਲਾਏ ਗਏ ਦੋਸ਼ਾਂ ਦੀ ਪਹਿਲਾਂ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾ ਦੱਸਿਆ ਕਿ ਮੀਟਿੰਗ ਦੌਰਾਨ ਸਕੱਤਰ ਪ੍ਰਤਾਪ ਸਿੰਘ ਨੂੰ ਮੀਟਿੰਗ ਵਿੱਚ ਬਿਠਾਉਣ ਦਾ ਵੀ ਵਿਰੋਧ ਕੀਤਾ ਹੈ।

## ਕਿੰਗ ਚਾਰਲਸ ਦਾ ਭਰਾ ਦੁਰਵਿਹਾਰ ਮਾਮਲੇ 'ਚ ਗ੍ਰਿਫ਼ਤਾਰ



**ਲੰਡਨ** : ਬਰਤਾਨੀਆ ਦੇ ਰਾਜਾ ਕਿੰਗ ਚਾਰਲਸ-3 ਦੇ ਛੋਟੇ ਭਰਾ ਐਂਡਰਿਊ ਮਾਊਂਟਬੈਟਨ ਵਿੰਡਸਰ ਨੂੰ ਪੁਲਸ ਨੇ ਜਨਤਕ ਅਹੁਦੇ 'ਤੇ ਰਹਿੰਦਿਆਂ ਗਲਤ ਵਿਹਾਰ ਦੇ ਸ਼ੱਕ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਇਹ ਕਾਰਵਾਈ ਉਨ੍ਹਾ ਦੇ ਜੈਫਰੀ ਐਪਸਟੀਨ ਨਾਲ ਸੰਬੰਧਾਂ ਦੇ ਗੰਭੀਰ ਦੋਸ਼ਾਂ ਤੋਂ ਬਾਅਦ ਕੀਤੀ ਗਈ ਹੈ। ਥੇਮਜ਼ ਵੈਲੀ ਪੁਲਸ ਨੇ ਦੱਸਿਆ ਕਿ ਸਾਬਕਾ ਪ੍ਰਿੰਸ ਐਂਡਰਿਊ ਨੂੰ ਵੀਰਵਾਰ ਸਵੇਰੇ ਕਰੀਬ 8 ਵਜੇ ਸੈਂਡਰਿੰਘਮ ਸਥਿਤ ਉਨ੍ਹਾ ਦੇ ਘਰ ਤੋਂ ਹਿਰਾਸਤ ਵਿੱਚ ਲਿਆ ਗਿਆ। ਇਸ ਸਮੇਂ ਪੁਲਸ ਬਰਕਸ਼ਾਇਰ ਅਤੇ ਨੌਰਫੋਕ ਵਿੱਚ ਉਨ੍ਹਾ ਨਾਲ ਜੁੜੇ ਟਿਕਾਣਿਆਂ ਦੀ ਤਲਾਸ਼ੀ ਲੈ ਰਹੀ ਹੈ। ਖਾਸ ਗੱਲ ਇਹ ਹੈ ਕਿ ਜਿਸ ਦਿਨ ਉਨ੍ਹਾ ਦੀ ਗ੍ਰਿਫ਼ਤਾਰੀ ਹੋਈ, ਉਸੇ ਦਿਨ ਉਨ੍ਹਾ ਦਾ ਜਨਮ ਦਿਨ ਵੀ ਹੈ। ਅਮਰੀਕੀ ਨਿਆਂ ਵਿਭਾਗ ਦੇ ਦਸਤਾਵੇਜ਼ਾਂ ਮੁਤਾਬਕ ਐਂਡਰਿਊ ਆਪਣੇ ਅਹੁਦੇ 'ਤੇ ਰਹਿੰਦਿਆਂ ਐਪਸਟੀਨ ਦੇ ਸੰਪਰਕ ਵਿੱਚ ਸਨ। ਵਰਜੀਨੀਆ ਗਿਫਰੇ ਨਾਂਅ ਦੀ ਔਰਤ ਨੇ ਦੋਸ਼ ਲਾਇਆ ਸੀ ਕਿ 2001 ਵਿੱਚ ਜਦੋਂ ਉਹ 17 ਸਾਲ ਦੀ ਸੀ ਤਾਂ ਐਂਡਰਿਊ ਨੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਸੀ। ਹਾਲਾਂ ਕਿ ਐਂਡਰਿਊ ਨੇ ਹਮੇਸ਼ਾ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਹੈ। ਵਰਜੀਨੀਆ ਗਿਫਰੇ ਦੀ ਅਪਰੈਲ 2025 ਵਿੱਚ ਖੁਦਕੁਸ਼ੀ ਕਾਰਨ ਮੌਤ ਹੋ ਗਈ ਸੀ।

## ਏ ਆਈ ਡੈਟਾ ਸੈਂਟਰ ਮਾਰਨਗੇ ਤਿਹਾਏ !

**ਨਵੀਂ ਦਿੱਲੀ** : ਅਮਰੀਕਾ ਦੇ ਜਾਰਜੀਆ ਰਾਜ ਵਿੱਚ ਨਿਊਟਨ ਕਾਊਂਟੀ ਅਤੇ ਯੂ ਪੀ ਦੇ ਗਰੇਟਰ ਨੋਇਡਾ ਵਿਚਾਲੇ ਹੋਰ ਕੁਝ ਸਾਂਝਾ ਨਹੀਂ, ਸਿਵਾਏ ਇੱਥੋਂ ਦੇ ਆਰਟੀਫਿਸ਼ੀਅਲ ਇੰਟੈਲੀਜੈਂਸ (ਏ ਆਈ) ਡੈਟਾ ਸੈਂਟਰਾਂ ਵੱਲੋਂ ਖਪਾਏ ਜਾਣ ਵਾਲੇ ਪਾਣੀ ਤੋਂ। ਮੈਟਾ ਵੱਲੋਂ ਨਿਊਟਨ ਕਾਉਂਟੀ ਕੋਲ 2018 ਤੋਂ 75 ਕਰੋੜ ਡਾਲਰਾਂ ਵਾਲਾ ਡੈਟਾ ਸੈਂਟਰ ਬਣਾਉਣਾ ਸ਼ੁਰੂ ਕਰਨ ਤੋਂ ਬਾਅਦ ਇੱਕ ਲੱਖ 20 ਹਜ਼ਾਰ ਦੀ ਆਬਾਦੀ ਵਾਲੇ ਕਰੀਬੀ ਕਸਬੇ ਦੀਆਂ ਪਾਣੀ ਵਾਲੀਆਂ ਟੂਟੀਆਂ ਬੰਦ ਹੋ ਗਈਆਂ ਹਨ, ਖੂਹ ਸੁੱਕ ਰਹੇ ਹਨ ਤੇ ਧਰਤੀ ਹੇਠਲਾ ਪਾਣੀ ਗਾਰ ਦਾ ਰੂਪ ਲੈ ਗਿਆ ਹੈ। 'ਦੀ ਨਿਊ ਯਾਰਕ ਟਾਈਮਜ਼' ਨੇ ਪਿਛਲੇ ਸਾਲ ਜੁਲਾਈ ਵਿੱਚ ਖਬਰ ਛਾਪੀ ਸੀ ਕਿ ਏ ਆਈ ਦੇ ਦੈਤਕਾਰ ਹਾਰਡਵੇਅਰ ਨੂੰ ਠੰਢਾ ਰੱਖਣ ਲਈ ਰੋਜ਼ਾਨਾ ਅੰਦਾਜ਼ਨ ਪੰਜ ਲੱਖ ਗੈਲਨ (18,92,705.89 ਲੀਟਰ) ਪਾਣੀ ਦੀ ਲੋੜ ਪੈਂਦੀ ਹੈ, ਇਹ ਆਲੇ-ਦੁਆਲੇ ਦੇ ਲੋਕਾਂ ਵੱਲੋਂ ਵਰਤੇ ਜਾਂਦੇ ਪਾਣੀ ਦਾ ਅੰਦਾਜ਼ਨ 10 ਫੀਸਦੀ ਬਣਦਾ ਹੈ। 'ਡਾਊਨ ਟੂ ਅਰਥ' ਰਸਾਲੇ ਨੇ ਪਿਛਲੇ ਸਾਲ ਦੱਸਿਆ ਸੀ ਕਿ ਯੂ ਪੀ ਦੇ ਮੁੱਖ ਮੰਤਰੀ ਆਦਿਤਿਆਨਾਥ ਨੇ 2022 ਵਿੱਚ ਗੌਤਮ ਬੁੱਧ ਨਗਰ ਜ਼ਿਲ੍ਹੇ ਦੇ ਤੁਸਯਾਨਾ ਪਿੰਡ ਵਿੱਚ 8 ਲੱਖ 20 ਹਜ਼ਾਰ ਵਰਗ ਫੁੱਟ ਦੇ ਜਿਸ ਯੋਟਾ ਡੈਟਾ ਸੈਂਟਰ ਪਾਰਕ ਦਾ ਉਦਘਾਟਨ ਕੀਤਾ ਸੀ, ਉਸ ਨੇ ਪਿੰਡ ਦੇ ਦੋ ਹਜ਼ਾਰ ਲੋਕਾਂ ਲਈ ਪਾਣੀ ਦਾ ਸੰਕਟ ਪੈਦਾ ਕਰ ਦਿੱਤਾ ਹੈ। ਪਿੰਡ ਦੇ ਲੋਕਾਂ ਨੇ ਰਸਾਲੇ ਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਪਾਣੀ ਲਈ 80 ਫੁੱਟ ਤੱਕ ਬੋਰ ਕਰਨਾ ਪੈ ਰਿਹਾ ਹੈ, ਜਦਕਿ ਦੋ ਦਹਾਕੇ ਪਹਿਲਾਂ 20-30 ਫੁੱਟ 'ਤੇ ਪਾਣੀ ਨਿਕਲ ਆਉਂਦਾ ਸੀ। ਯੂ ਪੀ ਨੇ ਯੋਟਾ ਨਾਲ 39 ਹਜ਼ਾਰ ਕਰੋੜ ਰੁਪਏ ਦਾ ਕਰਾਰ ਕੀਤਾ ਹੈ, ਜਿਸ ਤਹਿਤ ਉਸਨੇ ਸੱਤ ਸਾਲਾਂ ਵਿੱਚ ਛੇ ਅਜਿਹੇ ਡੈਟਾ ਸੈਂਟਰ ਕਾਇਮ ਕਰਨੇ ਹਨ। ਭਾਰਤ ਦੀ ਡੈਟਾ ਸੈਂਟਰਾਂ ਦੀ ਭੁੱਖ ਸਿਰਫ ਯੂ ਪੀ ਤੱਕ ਹੀ ਸੀਮਤ ਨਹੀਂ, ਇਸ ਸਾਲ ਦੇ ਕੇਂਦਰੀ ਬਜਟ ਵਿੱਚ ਅਜਿਹੇ ਡੈਟਾ ਸੈਂਟਰ ਬਣਾਉਣ ਵਾਲੀਆਂ ਵਿਦੇਸ਼ੀ ਕੰਪਨੀਆਂ ਨੂੰ 2047 ਤੱਕ ਟੈਕਸ ਤੋਂ ਛੋਟ ਦੇਣ ਦਾ ਐਲਾਨ ਕੀਤਾ ਗਿਆ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਏ ਆਈ ਇੰਪੈਕਟ ਸਮਿਟ ਐਕਸਪੋ ਦਾ ਉਦਘਾਟਨ ਕਰਦਿਆਂ ਕਿਹਾ ਕਿ ਡੈਟਾ ਸੈਂਟਰ ਨੌਜਵਾਨਾਂ ਲਈ ਰੁਜ਼ਗਾਰ ਦੇ ਜ਼ਬਰਦਸਤ

• ਬਾਕੀ ਸਫਾ 2 'ਤੇ

### ਏ ਆਈ ਦਾ ਕਮਾਲ, ਪੰਜਾਬੀ ਬੋਲਦੇ ਨਜ਼ਰ ਆਏ ਪ੍ਰਧਾਨ ਮੰਤਰੀ

**ਨਵੀਂ ਦਿੱਲੀ** : ਭਾਰਤ ਮੰਡਪ ਵਿਖੇ ਆਯੋਜਿਤ 'ਇੰਡੀਆ ਏ ਆਈ ਇਮਪੈਕਟ ਸਮਿਟ' ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਉਦਘਾਟਨੀ ਭਾਸ਼ਣ ਦੌਰਾਨ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਲੋਕਤੰਤਰੀਕਰਨ ਅਤੇ ਇਸ ਨੂੰ ਸਭ ਦੀ ਸ਼ਮੂਲੀਅਤ ਤੇ ਸ਼ਕਤੀਕਰਨ ਦਾ ਸਾਧਨ ਬਣਾਉਣ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਦੇ ਹਿੰਦੀ ਭਾਸ਼ਣ ਨੂੰ ਵਧੇਰੇ ਲੋਕਾਂ ਤੱਕ ਪਹੁੰਚਾਉਣ ਲਈ ਵੱਖ-ਵੱਖ ਭਾਸ਼ਾਵਾਂ ਵਿੱਚ ਡਬ ਕਰਕੇ ਵੀ ਪ੍ਰਦਰਸ਼ਿਤ ਕੀਤਾ ਗਿਆ। ਅੰਗਰੇਜ਼ੀ ਤੋਂ ਇਲਾਵਾ ਇਸ ਨੂੰ ਪੰਜਾਬੀ, ਅਸਾਮੀ, ਬੰਗਲਾ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਉੜੀਆ ਅਤੇ ਤਮਿਲ ਵਰਗੀਆਂ ਪ੍ਰਮੁੱਖ ਖੇਤਰੀ ਭਾਸ਼ਾਵਾਂ ਵਿੱਚ ਵੀ ਦਿਖਾਇਆ ਗਿਆ। ਇਸ ਦੌਰਾਨ, ਸੰਮੇਲਨ ਵਿੱਚ ਇੱਕ ਸਕ੍ਰੀਨ 'ਤੇ ਐਨੀਮੇਸ਼ਨ ਰਾਹੀਂ ਪ੍ਰਧਾਨ ਮੰਤਰੀ ਦੇ ਭਾਸ਼ਣ ਦੀ ਸੰਕੇਤਕ ਭਾਸ਼ਾ ਵਿੱਚ ਵੀ ਵਿਆਖਿਆ ਕੀਤੀ ਗਈ, ਜੋ ਪੂਰੀ ਤਰ੍ਹਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੁਆਰਾ ਸੰਚਾਲਿਤ ਸੀ।

## ਮੁਫ਼ਤਖੋਰੀ ਦੀ ਥਾਂ ਰੁਜ਼ਗਾਰ ਦੇ ਰਾਹ ਖੋਲ੍ਹਣ ਸੂਬਾ ਸਰਕਾਰਾਂ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਵੀਰਵਾਰ ਨੂੰ ਮੁਫ਼ਤਖੋਰੀ ਦੇ ਸੱਭਿਆਚਾਰ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਅਜਿਹੀਆਂ ਨੀਤੀਆਂ 'ਤੇ ਮੁੜ ਵਿਚਾਰ ਕਰਨ ਦਾ ਸਹੀ ਸਮਾਂ ਆ ਗਿਆ ਹੈ ਜੋ ਦੇਸ਼ ਦੇ ਆਰਥਿਕ ਵਿਕਾਸ ਵਿੱਚ ਰੁਕਾਵਟ ਪਾਉਂਦੀਆਂ ਹਨ। ਤਾਮਿਲਨਾਡੂ ਪਾਵਰ ਡਿਸਟਰੀਬਿਊਸ਼ਨ ਕਾਰਪੋਰੇਸ਼ਨ ਲਿਮਟਿਡ ਦੀ ਉਸ ਪਟੀਸ਼ਨ ਦਾ ਨੋਟਿਸ ਲੈਂਦਿਆਂ, ਜਿਸ ਵਿੱਚ ਖਪਤਕਾਰਾਂ ਦੀ ਵਿੱਤੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਸਾਰਿਆਂ ਨੂੰ ਮੁਫ਼ਤ ਬਿਜਲੀ ਦੇਣ ਦੀ ਤਜਵੀਜ਼ ਰੱਖੀ ਗਈ ਸੀ, ਸਰਬਉੱਚ ਅਦਾਲਤ ਨੇ ਕਿਹਾ ਕਿ ਜੇਕਰ ਸੂਬੇ ਗਰੀਬਾਂ ਦੀ ਮਦਦ ਕਰਦੇ ਹਨ ਤਾਂ ਇਹ ਗੱਲ ਸਮਝ ਵਿੱਚ ਆਉਂਦੀ ਹੈ। ਚੀਫ਼ ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਜੋਏਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐੱਮ ਪੰਚੋਲੀ ਦੇ ਬੈਂਚ ਨੇ ਕਿਹਾ, ਦੇਸ਼ ਦੇ ਜ਼ਿਆਦਾਤਰ ਸੂਬੇ ਮਾਲੀਆ ਘਾਟੇ ਵਾਲੇ ਰਾਜ ਹਨ ਅਤੇ ਫਿਰ ਵੀ ਉਹ ਵਿਕਾਸ ਨੂੰ ਅਣਗੌਲਿਆ ਕਰਕੇ ਅਜਿਹੀਆਂ ਮੁਫ਼ਤ ਸਹੂਲਤਾਂ ਦੀ ਪੇਸ਼ਕਸ਼ ਕਰ ਰਹੇ ਹਨ। ਬੈਂਚ ਨੇ ਕਿਹਾ ਕਿ ਇਸ ਤਰ੍ਹਾਂ ਦੀ ਖੁੱਲ੍ਹੇ ਦਿਲ ਦੀ ਵੰਡ ਨਾਲ ਦੇਸ਼ ਦਾ ਆਰਥਿਕ ਵਿਕਾਸ ਪ੍ਰਭਾਵਿਤ ਹੁੰਦਾ ਹੈ ਅਤੇ ਸੂਬਿਆਂ ਨੂੰ ਸਾਰਿਆਂ ਨੂੰ ਮੁਫ਼ਤ ਭੋਜਨ, ਸਾਈਕਲ, ਬਿਜਲੀ ਦੇਣ ਦੀ ਬਜਾਏ ਰੁਜ਼ਗਾਰ ਦੇ ਰਾਹ ਖੋਲ੍ਹਣ ਲਈ ਕੰਮ ਕਰਨਾ ਚਾਹੀਦਾ ਹੈ।

ਹਾਲਾਂਕਿ ਸਰਬਉੱਚ ਅਦਾਲਤ ਨੇ ਮੁਫ਼ਤ ਬਿਜਲੀ ਪ੍ਰਦਾਨ ਕਰਨ ਦੀ ਤਜਵੀਜ਼ ਰੱਖਣ ਵਾਲੀ ਡੀ ਐੱਮ ਕੇ ਸਰਕਾਰ ਦੀ ਅਗਵਾਈ ਵਾਲੀ ਬਿਜਲੀ ਵੰਡ ਕੰਪਨੀ ਦੀ ਪਟੀਸ਼ਨ 'ਤੇ ਕੇਂਦਰ ਅਤੇ ਹੋਰਾਂ ਨੂੰ ਨੋਟਿਸ ਜਾਰੀ ਕੀਤਾ ਹੈ। ਬਿਜਲੀ ਕੰਪਨੀ ਨੇ ਬਿਜਲੀ ਸੋਧ ਨਿਯਮ 2024 ਦੇ ਇੱਕ ਨਿਯਮ ਨੂੰ ਚੁਣੌਤੀ ਦਿੱਤੀ ਹੈ। ਬੈਂਚ ਨੇ ਪੁੱਛਿਆ ਹੈ ਕਿ ਅਸੀਂ ਭਾਰਤ ਵਿੱਚ ਕਿਸ ਤਰ੍ਹਾਂ ਦਾ ਸੱਭਿਆਚਾਰ ਵਿਕਸਿਤ ਕਰ ਰਹੇ ਹਾਂ ? ਇਹ ਸਮਝਿਆ ਜਾ ਸਕਦਾ ਹੈ ਕਿ ਭਲਾਈ ਉਪਾਅ ਵਜੋਂ ਤੁਸੀਂ ਉਨ੍ਹਾਂ ਨੂੰ ਸਹੂਲਤ ਦੇਣਾ ਚਾਹੁੰਦੇ ਹੋ, ਜੋ ਬਿਜਲੀ ਦੇ ਖਰਚੇ ਅਦਾ ਕਰਨ ਦੇ ਅਸਮਰੱਥ ਹਨ। ਸੀ ਜੇ ਆਈ ਨੇ ਪੁੱਛਿਆ, ਪਰ ਜੋ ਸਮਰੱਥ ਹਨ ਅਤੇ ਜੋ ਅਸਮਰੱਥ ਹਨ, ਉਨ੍ਹਾਂ ਵਿਚਕਾਰ ਕੋਈ ਫਰਕ ਕੀਤੇ ਬਿਨਾਂ ਤੁਸੀਂ ਵੰਡਣਾ ਸ਼ੁਰੂ ਕਰ ਦਿੰਦੇ ਹੋ। ਕੀ ਇਹ ਤੁਸ਼ਟੀਕਰਨ ਦੀ ਨੀਤੀ ਨਹੀਂ ਹੋਵੇਗੀ ? ਬੈਂਚ ਨੇ ਸਵਾਲ ਕੀਤਾ ਕਿ ਬਿਜਲੀ ਦਰਾਂ ਨੋਟੀਫਾਈ ਹੋਣ ਤੋਂ ਬਾਅਦ ਤਾਮਿਲਨਾਡੂ ਦੀ ਕੰਪਨੀ ਨੇ ਅਚਾਨਕ ਖਜ਼ਾਨੇ ਦੇ ਮੂੰਹ ਖੋਲ੍ਹਣ ਦਾ ਫੈਸਲਾ ਕਿਉਂ ਕੀਤਾ। ਸੀ ਜੇ ਆਈ ਨੇ ਕਿਹਾ, ਸੂਬਿਆਂ ਨੂੰ ਰੁਜ਼ਗਾਰ ਦੇ ਰਾਹ ਖੋਲ੍ਹਣ ਲਈ ਕੰਮ ਕਰਨਾ ਚਾਹੀਦਾ ਹੈ। ਜੇ ਤੁਸੀਂ ਸਵੇਰ ਤੋਂ ਸ਼ਾਮ ਤੱਕ ਮੁਫ਼ਤ ਭੋਜਨ, ਫਿਰ ਮੁਫ਼ਤ ਸਾਈਕਲ, ਫਿਰ ਮੁਫ਼ਤ ਬਿਜਲੀ ਦੇਣੀ ਸ਼ੁਰੂ ਕਰ ਦਿੱਤੀ ਤਾਂ ਕੰਮ ਕੌਣ ਕਰੇਗਾ ਅਤੇ ਫਿਰ ਕੰਮ ਦੇ ਸੱਭਿਆਚਾਰ ਦਾ ਕੀ ਬਣੇਗਾ।

## ਗ੍ਰੀਨ ਫ਼ੀਲਡ ਐੱਕਸਪ੍ਰੈੱਸ ਵੇਅ ਪ੍ਰਾਜੈਕਟ ਲਈ 1,463.95 ਕਰੋੜ ਮਨਜ਼ੂਰ

**ਨਵੀਂ ਦਿੱਲੀ** : ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਪੰਜਾਬ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਇੱਕ ਵੱਡਾ ਐਲਾਨ ਕਰਦਿਆਂ ਅੰਬਾਲਾ-ਚੰਡੀਗੜ੍ਹ ਸੈਕਸ਼ਨ ਨੂੰ ਜ਼ੀਰਕਪੁਰ ਬਾਈਪਾਸ ਨਾਲ ਜੋੜਨ ਵਾਲੇ ਇੱਕ ਛੇ ਮਾਰਗੀ ਐਕਸੈਸ-ਕੰਟਰੋਲਡ ਗ੍ਰੀਨਫੀਲਡ ਸਪਰ ਦੇ ਨਿਰਮਾਣ ਲਈ 1,463.95 ਕਰੋੜ ਰੁਪਏ ਦੀ ਰਾਸ਼ੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਬਾਰੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਆਪਣੇ 'ਐਕਸ' ਖਾਤੇ 'ਤੇ ਜਾਣਕਾਰੀ ਸਾਂਝੀ ਕੀਤੀ ਹੈ। ਟਰਾਈਸਿਟੀ ਰਿੰਗ ਰੋਡ ਪ੍ਰੋਜੈਕਟ ਦੇ ਹਿੱਸੇ ਵਜੋਂ ਤਿਆਰ ਕੀਤਾ ਜਾਣ ਵਾਲਾ ਇਹ ਕਾਰੀਡੋਰ ਮੋਹਾਲੀ, ਚੰਡੀਗੜ੍ਹ ਅਤੇ ਪੰਚਕੂਲਾ ਦੇ ਮੁੱਖ ਸ਼ਹਿਰੀ ਜੰਕਸ਼ਨਾਂ 'ਤੇ ਵਾਹਨਾਂ ਦੇ ਦਬਾਅ ਨੂੰ ਘੱਟ ਕਰੇਗਾ ਅਤੇ ਟਰੈਫਿਕ ਨੂੰ ਸ਼ਹਿਰ ਤੋਂ ਬਾਹਰੋਂ ਡਾਇਵਰਟ ਕਰਨ ਵਿੱਚ ਮਦਦ ਕਰੇਗਾ। ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਰਾਸ਼ਟਰੀ ਮਾਰਗ 'ਤੇ ਜਾਮ ਤੋਂ ਰਾਹਤ ਮਿਲੇਗੀ ਅਤੇ ਹਿਮਾਚਲ ਪ੍ਰਦੇਸ਼, ਖਾਸ ਕਰਕੇ ਸ਼ਿਮਲਾ ਖੇਤਰ ਵੱਲ ਜਾਣ ਵਾਲੇ ਮੁਸਾਫ਼ਰਾਂ ਨੂੰ ਤੇਜ਼ ਅਤੇ ਨਿਰਵਿਘਨ ਸੰਪਰਕ ਮਿਲੇਗਾ। ਇਸ ਨਾਲ ਨਾ ਸਿਰਫ ਸਫਰ ਦਾ ਸਮਾਂ ਘਟੇਗਾ, ਸਗੋਂ ਖੇਤਰੀ ਆਰਥਿਕ ਏਕੀਕਰਨ ਨੂੰ ਵੀ ਮਜ਼ਬੂਤੀ ਮਿਲੇਗੀ।

## ਪੰਜਾਬ ਦੇ ਦਰਿਆਵਾਂ 'ਚੋਂ ਰੇਤਾ ਤੇ ਗਾਰ ਕੱਢਣ ਦੇ ਕੰਮ 'ਤੇ ਰੋਕ

**ਰੋਪੜ** : ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਰੋਪੜ ਜ਼ਿਲ੍ਹੇ ਸਮੇਤ ਪੰਜਾਬ ਭਰ ਦੇ ਕਈ ਦਰਿਆਵਾਂ ਅਤੇ ਮੌਸਮੀ ਨਾਲਿਆਂ ਵਿੱਚ ਗਾਰ/ਰੇਤ ਕੱਢਣ (ਡਿਸਿਲਟਿੰਗ) ਦੇ ਕੰਮ 'ਤੇ ਰੋਕ ਲਗਾ ਦਿੱਤੀ ਹੈ, ਜਿਸ ਨਾਲ ਵਾਤਾਵਰਣ ਮਨਜ਼ੂਰੀ ਅਤੇ ਸਮੱਗਰੀ ਦੇ ਵਪਾਰਕ ਸ਼ੋਸ਼ਣ ਬਾਰੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਇਹ ਹੁਕਮ ਦਲਜੀਤ ਸਿੰਘ ਵੱਲੋਂ ਪੰਜਾਬ ਰਾਜ ਅਤੇ ਹੋਰ ਅਧਿਕਾਰੀਆਂ ਵਿਰੁੱਧ ਦਾਇਰ ਪਟੀਸ਼ਨ ਦੀ ਸੁਣਵਾਈ ਕਰਦਿਆਂ ਪਾਸ ਕੀਤਾ ਗਿਆ। ਬਿਨੈਕਾਰ ਨੇ ਪੰਜਾਬ ਜਲ ਸਰੋਤ ਵਿਭਾਗ ਦੇ ਡਰੇਨੇਜ ਡਵੀਜ਼ਨ ਵੱਲੋਂ 17 ਅਕਤੂਬਰ 2025 ਨੂੰ ਜਾਰੀ ਨਿਲਾਮੀ ਨੋਟਿਸ ਨੂੰ ਚੁਣੌਤੀ ਦਿੱਤੀ ਸੀ। ਨਿਲਾਮੀ ਨੋਟਿਸ ਐੱਸ ਏ ਐੱਸ ਨਗਰ, ਪਟਿਆਲਾ, ਮਾਨਸਾ, ਰੋਪੜ, ਲੁਧਿਆਣਾ, ਅਨੰਦਪੁਰ ਸਾਹਿਬ ਅਤੇ ਐੱਸ.ਬੀ.ਐੱਸ. ਨਗਰ ਸਮੇਤ ਕਈ ਜ਼ਿਲ੍ਹਿਆਂ ਵਿੱਚ ਸਿਲਟ (ਗਾਰ/ਰੇਤ) ਕੱਢਣ ਵਾਲੀਆਂ ਥਾਵਾਂ ਨਾਲ ਸੰਬੰਧਤ ਹੈ। ਬਿਨੈਕਾਰ ਅਨੁਸਾਰ ਸੂਬਾ ਸਰਕਾਰ ਵੱਲੋਂ ਪ੍ਰਸਤਾਵਿਤ ਡਿਸਿਲਟਿੰਗ ਦਾ ਕੰਮ ਸਿਰਫ ਹੜ੍ਹ ਰੋਕੂ ਜਾਂ ਜਲ ਮਾਰਗਾਂ ਦੇ ਰੱਖ-ਰਖਾਅ ਤੱਕ ਸੀਮਤ ਨਹੀਂ ਹੈ। ਇਸ ਦੀ ਬਜਾਏ ਇਹ ਵਪਾਰਕ ਉਦੇਸ਼ਾਂ ਲਈ ਕੀਤਾ ਜਾ ਰਿਹਾ ਹੈ, ਕਿਉਂਕਿ ਕੱਢੀ ਗਈ ਸਿਲਟ ਅਤੇ ਰੇਤ ਨੂੰ ਖੁੱਲ੍ਹੇ ਬਾਜ਼ਾਰ ਵਿੱਚ ਵੇਚਿਆ ਜਾਣਾ ਹੈ।

## ਅੱਜ-ਨਾਮਾ

ਭਾਜਪਾ ਵਿੱਚ ਜਦ ਗਿਆ ਰਵਨੀਤ ਬਿੱਟੂ,
ਵਜ਼ੀਰੀ ਕੇਂਦਰ ਦੀ ਮਿਲੀ ਹੈ ਨਾਲ ਬੇਲੀ।
ਪੁਰਾਣੀ ਪਾਰਟੀ ਉੱਪਰ ਆ ਵਰ੍ਹਨ ਲੱਗਾ,
ਬੀਤਿਆ ਏਸੇ ਤਰ੍ਹਾਂ ਡੇਢ ਕੁ ਸਾਲ ਬੇਲੀ।
ਬੈਠੇ-ਬਿਠਾਏ ਜਦ ਸਨਕ ਦਾ ਪਵੇ ਦੌਰਾ,
ਦਿਲ ਦਾ ਕੱਢ ਜਾਏ ਕੁੱਲ ਉਬਾਲ ਬੇਲੀ।
ਪਿਛਲੀ ਯਾਦ ਨਾ ਰਹਿੰਦੀ ਆ ਚਾਪਲੂਸੀ,
ਰਹਿੰਦਾ ਭਵਿੱਖ ਦੇ ਤਰਫ ਖਿਆਲ ਬੇਲੀ।
ਪੁਰਾਣੇ ਭਾਸ਼ਣ ਵਜਾਈ ਕਈ ਲੋਕ ਜਾਂਦੇ,
ਨਿਕਲਦਾ ਬਿੱਟੂ ਦਾ ਬਹੁਤ ਜਲੂਸ ਬੇਲੀ।
ਉਹਨੂੰ ਕੱਖ ਨਾ ਇਹਦਾ ਹੈ ਫਰਕ ਪੈਂਦਾ,
ਕਰਦਾ ਸੱਤਾ ਹੀ ਸਿਰਫ ਮਹਿਸੂਸ ਬੇਲੀ।

-ਤੀਸ ਮਾਰ ਖਾਂ

## ਵਪਾਰੀਆਂ ਦੀ ਸੁਰੱਖਿਆ ਨਾਲ ਸਮਝੌਤਾ ਬਰਦਾਸ਼ਤ ਨਹੀਂ : ਚੀਮਾ

**ਚੰਡੀਗੜ੍ਹ. (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਵਪਾਰੀਆਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਅਤੇ ਜ਼ਮੀਨੀ ਪੱਧਰ 'ਤੇ ਤਾਲਮੇਲ ਨੂੰ ਸੰਸਥਾਗਤ ਬਣਾਉਣ ਲਈ ਇੱਕ ਨਿਰਣਾਇਕ ਕਦਮ ਚੁੱਕਦਿਆਂ ਭਗਵੰਤ ਮਾਨ ਸਰਕਾਰ ਨੇ ਪੰਜਾਬ ਦੇ ਵਪਾਰਕ ਭਾਈਚਾਰੇ ਦੇ ਆਲੇ-ਦੁਆਲੇ ਸੁਰੱਖਿਆ ਘੇਰੇ ਨੂੰ ਸਖ਼ਤ ਕਰਨ ਵੱਲ ਅਹਿਮ ਕਦਮ ਵਧਾਏ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀਰਵਾਰ ਇੱਥੇ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ (ਪੀ.ਐੱਸ.ਟੀ.ਸੀ.), ਜ਼ਿਲ੍ਹਾ ਅਤੇ ਹਲਕਾ ਪੱਧਰੀ ਵਪਾਰਕ ਕਮੇਟੀਆਂ ਅਤੇ ਪੁਲਸ ਪ੍ਰਸ਼ਾਸਨ ਵਿਚਕਾਰ ਢਾਂਚਾਗਤ ਅਤੇ ਮੁਕੰਮਲ ਤਾਲਮੇਲ ਦੇ ਨਿਰਦੇਸ਼ ਦਿੰਦਿਆਂ ਸਪੱਸ਼ਟ ਕੀਤਾ ਕਿ ਵਪਾਰੀਆਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ ਅਤੇ ਇਹ ਸੂਬੇ ਦੇ 'ਈਜ਼ ਆਫ ਡੂਇੰਗ ਬਿਜ਼ਨਸ' (ਵਪਾਰ ਕਰਨ ਨੂੰ ਸੌਖਾਲਾ ਬਣਾਉਣ) ਦਾ ਮੁੱਖ ਹਿੱਸਾ ਹੈ।ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਵਜੋਂ ਡੀ.ਜੀ.ਪੀ. ਗੌਰਵ ਯਾਦਵ ਅਤੇ ਆਬਕਾਰੀ ਤੇ ਕਰ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਨਾਲ ਪੰਜਾਬ ਭਵਨ ਤੋਂ ਉੱਚ ਪੱਧਰੀ ਵੀਡੀਓ ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਚੀਮਾ ਨੇ ਵਪਾਰੀ ਵਰਗ ਦੀਆਂ ਸੁਰੱਖਿਆ ਸੰਬੰਧੀ ਸ਼ਿਕਾਇਤਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੀਆਂ ਸਖ਼ਤ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਪੁਲਸ ਪ੍ਰਸ਼ਾਸਨ ਅਤੇ ਵਪਾਰੀ ਕਮਿਸ਼ਨ ਅਤੇ ਕਮੇਟੀਆਂ ਦੇ ਮੈਂਬਰਾਂ ਨੂੰ ਆਪਣਾ ਆਪਸੀ ਤਾਲਮੇਲ ਮਜ਼ਬੂਤ ਕਰਨ ਦੇ ਨਿਰਦੇਸ਼ ਦਿੱਤੇ ਅਤੇ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਉਹ ਇਸ ਤਹਿਤ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਦੀਆਂ ਰਿਪੋਰਟਾਂ ਸਿੱਧੇ ਡੀ.ਜੀ.ਪੀ. ਦਫ਼ਤਰ ਨਾਲ ਲਗਾਤਾਰ ਸਾਂਝੀਆਂ ਕਰਨ।ਉਨ੍ਹਾ ਕਿਹਾ, 'ਸਰਕਾਰ ਦਾ ਮਕਸਦ ਟਰੇਡਰਜ਼ ਕਮਿਸ਼ਨ ਨੂੰ ਅਧਿਕਾਰਤ ਕਰਨ ਅਤੇ ਇਸ ਨੂੰ ਸੂਬੇ ਭਰ ਦੇ ਕਾਰੋਬਾਰੀਆਂ ਤੱਕ ਪੁਲਸ ਦੀ ਪਹੁੰਚ ਨੂੰ ਮਹੱਤਵਪੂਰਨ ਢੰਗ ਨਾਲ ਬਿਹਤਰ ਬਣਾਉਣ ਲਈ ਇੱਕ ਮੁੱਖ ਤਾਕਤ ਵਜੋਂ ਵਰਤਣ ਦੀ ਹੈ।'

ਇਸ ਸੰਬੰਧੀ ਜ਼ਮੀਨੀ ਪੱਧਰ 'ਤੇ ਨਿਰੰਤਰ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਚੀਮਾ ਨੇ ਸਮੂਹ ਜ਼ਿਲ੍ਹਾ ਪੁਲਸ ਬਲਾਂ ਨੂੰ ਵਪਾਰੀ ਕਮਿਸ਼ਨ ਅਤੇ ਕਮੇਟੀ ਮੈਂਬਰਾਂ ਨਾਲ ਨਿਰੰਤਰ ਗੱਲਬਾਤ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾ ਆਦੇਸ਼ ਦਿੱਤਾ ਕਿ ਹਲਕਾ ਅਤੇ ਜ਼ਿਲ੍ਹਾ ਪੱਧਰ 'ਤੇ ਵਪਾਰੀ ਕਮਿਸ਼ਨ ਅਤੇ ਕਮੇਟੀ ਦੀਆਂ ਸਾਰੀਆਂ ਮੀਟਿੰਗਾਂ ਵਿੱਚ ਸਮਰੱਥ ਪੁਲਸ ਅਧਿਕਾਰੀਆਂ ਦੀ ਮੌਜੂਦਗੀ ਯਕੀਨੀ ਹੋਣੀ ਚਾਹੀਦੀ ਹੈ ਤਾਂ ਜੋ ਦਰਪੇਸ਼ ਚੁਣੌਤੀਆਂ ਨੂੰ ਮੌਕੇ 'ਤੇ ਹੀ ਹੱਲ ਕੀਤਾ ਜਾ ਸਕੇ। ਵਿੱਤ ਮੰਤਰੀ ਨੇ ਕਿਹਾ, 'ਟਰੇਡਰਜ਼ ਕਮਿਸ਼ਨ ਤੇ ਕਮੇਟੀਆਂ ਦੇ ਮੈਂਬਰਾਂ ਜਾਂ ਵਿਅਕਤੀਗਤ ਵਪਾਰੀਆਂ ਦੁਆਰਾ ਸਾਂਝੀ ਕੀਤੀ ਗਈ ਕਿਸੇ ਵੀ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਣਾ ਚਾਹੀਦਾ ਹੈ। ਸੰਬੰਧਤ ਪੁਲਸ ਅਧਿਕਾਰੀ ਸੂਚਨਾ ਦੇਣ ਵਾਲਿਆਂ ਦੀ ਸੁਰੱਖਿਆ ਲਈ ਪੂਰੀ ਜ਼ਿੰਮੇਵਾਰੀ ਲੈਣਗੇ, ਅਤੇ ਇਸ ਡਿਊਟੀ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਦੇ ਨਤੀਜੇ ਵਜੋਂ ਸਖ਼ਤ ਜਵਾਬਦੇਹੀ ਤੈਅ ਕੀਤੀ ਜਾਵੇਗੀ।' ਚੀਮਾ ਨੇ ਜ਼ਿਲ੍ਹਾ ਅਤੇ ਹਲਕਾ ਪੱਧਰੀ ਵਪਾਰੀ ਕਮੇਟੀਆਂ ਦੇ ਅਹੁਦੇਦਾਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਾਰੋਬਾਰੀਆਂ ਵਿੱਚ ਵਿਸ਼ਵਾਸ ਪੈਦਾ ਕਰਨ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਉਣ ਕਿ ਸਰਕਾਰ ਵੱਲੋਂ ਉਨ੍ਹਾਂ ਦੇ ਘਰ-ਦਰਵਾਜ਼ੇ ਤੱਕ ਸਰਗਰਮ ਪਹੁੰਚ ਬਣਾਉਣ ਲਈ ਕੰਮ ਕਰ ਰਹੀ ਹੈ ਤਾਂ ਜੋ ਉਹ ਬਿਨਾਂ ਕਿਸੇ ਡਰ ਜਾਂ ਝਿਜਕ ਦੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰ ਸਕਣ।

ਡੀ.ਜੀ.ਪੀ. ਨੇ ਸਮੂਹ ਜ਼ਿਲ੍ਹਾ ਪੁਲਸ ਮੁਖੀਆਂ ਨੂੰ ਟਰੇਡਰਜ਼ ਕਮਿਸ਼ਨ ਅਤੇ ਕਮੇਟੀਆਂ ਦੇ ਮੈਂਬਰਾਂ ਨਾਲ ਨਿਰੰਤਰ ਅਤੇ ਸਰਗਰਮ ਸੰਚਾਰ ਬਣਾਈ ਰੱਖਣ ਅਤੇ ਫੀਡਬੈਕ ਵਿਧੀ ਨੂੰ ਮਜ਼ਬੂਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾ ਕਿਹਾ, ਟਰੇਡਰਜ਼ ਕਮਿਸ਼ਨ ਜਾਂ ਕਮੇਟੀਆਂ ਦੇ ਮੈਂਬਰਾਂ ਦੁਆਰਾ ਪ੍ਰਦਾਨ ਕੀਤੀ ਗਈ ਕਿਸੇ ਵੀ ਖੁਫੀਆ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਣਾ ਬੇਹੱਦ ਜ਼ਰੂਰੀ ਹੈ। ਉਨ੍ਹਾ ਇਸ ਮੌਕੇ ਕਮਿਸ਼ਨ ਅਤੇ ਕਮੇਟੀਆਂ ਦੇ ਮੈਂਬਰਾਂ ਅਤੇ ਹੋਰ ਵਪਾਰਕ ਭਾਈਚਾਰੇ ਨੂੰ ਵੀ ਅਣਪ੍ਰਮਾਣਿਤ ਅਫਵਾਹਾਂ ਦਾ ਸ਼ਿਕਾਰ ਹੋਣ ਜਾਂ ਫੈਲਾਉਣ ਤੋਂ ਬਚਣ ਦੀ ਅਪੀਲ ਕੀਤੀ।

ਮੀਟਿੰਗ ਹਾਂ-ਪੱਖੀ ਮਾਹੌਲ ਵਿੱਚ ਸਮਾਪਤ ਹੋਈ, ਜਿਸ ਦੌਰਾਨ ਸੂਬੇ ਭਰ ਦੇ ਜ਼ਿਲ੍ਹਾ ਪੁਲਸ ਹੈੱਡਕੁਆਰਟਰਾਂ ਤੋਂ ਜੁੜੇ ਟਰੇਡਰਜ਼ ਕਮਿਸ਼ਨ ਅਤੇ ਜ਼ਿਲ੍ਹਾ ਤੇ ਹਲਕਾ ਪੱਧਰੀ ਕਮੇਟੀ ਮੈਂਬਰਾਂ ਨੇ ਵਿੱਤ ਮੰਤਰੀ ਅਤੇ ਸੀਨੀਅਰ ਅਧਿਕਾਰੀਆਂ ਨਾਲ ਉਸਾਰੂ ਫੀਡਬੈਕ ਸਾਂਝੀ ਕੀਤੀ। ਇਨ੍ਹਾਂ ਨੁਮਾਇੰਦਿਆਂ ਨੇ ਪੁਲਸ ਅਤੇ ਵਪਾਰ ਖੇਤਰ ਦੇ ਵਿਚਕਾਰ ਸਹਿਯੋਗ ਦਾ ਇੱਕ ਮਜ਼ਬੂਤ ਮਾਹੌਲ ਪੈਦਾ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਦੇ ਸਰਗਰਮ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਇਸ ਉਪਰਾਲੇ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਨੂੰ ਆਪਣੇ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

CMYK

## ਹੈਰੋਇਨ ਤਸਕਰੀ ਦੇ ਦੋਸ਼ 'ਚ ਬੀ ਐੱਸ ਐੱਫ ਕਾਂਸਟੇਬਲ ਨੂੰ 15 ਸਾਲ ਦੀ ਸਖ਼ਤ ਕੈਦ ਤੇ 4 ਲੱਖ ਦਾ ਜੁਰਮਾਨਾ

**ਫਾਜ਼ਿਲਕਾ (ਨਿਸ਼ਾ ਸ਼ਰਮਾ)**- ਸ੍ਰੀ ਅਜੀਤ ਪਾਲ ਸਿੰਘ ਜੱਜ ਵਿਸ਼ੇਸ਼ ਅਦਾਲਤ ਦੀ ਅਦਾਲਤ ਨੇ ਪਾਕਿਸਤਾਨ ਤੋਂ ਨਸ਼ਾ ਤਸਕਰੀ ਦੇ ਦੋਸ਼ੀ ਬੀਐੱਸਐੱਫ ਦੇ ਕਾਂਸਟੇਬਲ ਨੂੰ 15 ਸਾਲਾਂ ਦੀ ਸਖ਼ਤ ਕੈਦ ਤੇ 4 ਲੱਖ ਰੁਪਏ ਦੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ।ਜਾਣਕਾਰੀ ਅਨੁਸਾਰ 21 ਜੂਨ 2022 ਨੂੰ ਅਪਰਾਧ ਨੰਬਰ 44 ਵਾਲੇ ਮਾਮਲੇ ਵਿੱਚ ਐਨਡੀਪੀਐਸ ਐਕਟ ਤਹਿਤ ਪੁਲਸ ਸਟੇਸ਼ਨ ਐਨਸੀਬੀ ਚੰਡੀਗੜ੍ਹ ਵਿਖੇ ਧਾਰਾ 8, 21, 23 ਤਹਿਤ ਬੀਐੱਸਐੱਫ ਦੇ ਸਾਬਕਾ ਕਾਂਸਟੇਬਲ ਅਰਵਿੰਦ ਸਰੋਏ ਖਿਲਾਫ ਪਰਚਾ ਦਰਜ ਕੀਤਾ ਗਿਆ ਸੀ, ਜਿਸ ਵਿੱਚ ਸੁਣਵਾਈ ਤੋਂ ਬਾਅਦ ਅਦਾਲਤ ਨੇ ਉਸ ਨੂੰ ਦੋਸ਼ੀ ਠਹਿਰਾਇਆ ਅਤੇ 15 ਸਾਲ ਦੀ ਸਖ਼ਤ ਕੈਦ ਤੇ 4 ਲੱਖ ਰੁਪਏ ਦਾ ਜੁਰਮਾਨਾ ਅਦਾ ਕਰਨ ਦੀ ਸਜ਼ਾ ਸੁਣਾਈ।ਜੁਰਮਾਨੇ ਦੀ ਅਦਾਇਗੀ ਨਾ ਕਰਨ ਦੀ ਸੂਰਤ ਵਿੱਚ 2 ਸਾਲ ਦੀ ਹੋਰ ਸਖ਼ਤ ਕੈਦ ਦੀ ਸਜ਼ਾ ਸੁਣਾਈ। ਦੱਸਣਯੋਗ ਹੈ ਕਿ 21 ਜੂਨ 2022 ਨੂੰ ਬਾਰਡਰ ਪੋਸਟ ਜੋਧਾਵਾਲਾ ਦੇ ਖੇਤਰ ਵਿੱਚ ਦੋਸ਼ੀ ਨੂੰ ਪਾਕਿਸਤਾਨ ਤੋਂ ਆਯਾਤ ਕੀਤੀ ਗਈ ਲਗਭਗ 4.235 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ।ਉਸ 'ਤੇ ਐਨਡੀਪੀਐਸ ਐਕਟ ਦੀ ਧਾਰਾ 21(ਸੀ), 23 (ਸੀ) ਤੇ 8 ਤਹਿਤ ਦੋਸ਼ ਲਗਾਇਆ ਗਿਆ ਸੀ। ਨਾਰਕੋਟਿਕ ਕੰਟਰੋਲ ਬਿਊਰੋ ਦੁਆਰਾ ਮਾਮਲੇ ਦੀ ਪੂਰੀ ਜਾਂਚ ਕੀਤੀ ਗਈ ਸੀ।ਅਦਾਲਤ ਨੇ ਕਿਹਾ ਕਿ ਦੋਸ਼ੀ ਬੀਐੱਸਐੱਫ ਅਧਿਕਾਰੀ ਹੋਣ ਦੇ ਨਾਤੇ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦਾ ਪਤਾ ਲਗਾਉਣ ਤੇ ਰੋਕਣ ਲਈ ਪਾਬੰਦ ਸੀ ਪਰ, ਉਸ ਨੇ ਘਿਨਾਉਣਾ ਅਪਰਾਧ ਕੀਤਾ, ਜਦੋਂ ਉਹ ਖੁਦ ਪਾਕਿਸਤਾਨ ਤੋਂ ਹੈਰੋਇਨ ਦੀ ਤਸਕਰੀ ਵਿੱਚ ਸ਼ਾਮਲ ਹੋ ਗਿਆ ਅਤੇ ਇਸ ਲਈ ਉਹ ਮਿਸਾਲੀ ਸਜ਼ਾ ਦਾ ਹੱਕਦਾਰ ਸੀ।

## ਜੰਗ ਬਹਾਦੁਰ ਗੋਇਲ 'ਸੁਖਜੀਤ ਯਾਦਗਾਰੀ ਐਵਾਰਡ' ਨਾਲ ਸਨਮਾਨਤ

**ਸਮਰਾਲਾ (ਸੁਰਜੀਤ ਸਿੰਘ)**- ਸਾਹਿਤ ਸਭਾ (ਰਜਿ.) ਸਮਰਾਲਾ ਵੱਲੋਂ ਉੱਘੇ ਕਹਾਣੀਕਾਰ ਤੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਸੁਖਜੀਤ ਦੀ ਯਾਦ ਵਿੱਚ ਸਾਲਾਨਾ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ।ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਕੰਗ ਅਨੁਸਾਰ ਸਮਾਰੋਹ ਵਿੱਚ ਪੰਜਾਬ ਭਰ ਤੋਂ ਨਾਮੀ ਲੇਖਕਾਂ ਅਤੇ ਸਾਹਿਤਕਾਰਾਂ ਨੇ ਹਿੱਸਾ ਲਿਆ। ਇਸ ਮੌਕੇ ਦੂਜਾ "ਸੁਖਜੀਤ ਯਾਦਗਾਰੀ ਐਵਾਰਡ 2026" ਉੱਘੇ ਲੇਖਕ ਤੇ ਅਨੁਵਾਦਕ ਜੰਗ ਬਹਾਦੁਰ ਗੋਇਲ (ਸਾਬਕਾ ਆਈ.ਏ.ਐਸ. ਅਫ਼ਸਰ) ਨੂੰ ਸਾਹਿਤ ਸਭਾ ਦੀ ਰਵਾਇਤ ਅਨੁਸਾਰ ਪਹਿਲੇ ਐਵਾਰਡ ਜੇਤੂ ਕਹਾਣੀਕਾਰ ਕਿਰਪਾਲ ਕਜ਼ਾਕ ਵਲੋਂ ਪ੍ਰਦਾਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ 'ਪੰਜਾਬੀ ਲੋਕ ਵਿਰਾਸਤ' ਅਕਾਦਮੀ ਲੁਧਿਆਣਾ ਦੇ ਪ੍ਰਧਾਨ ਤੇ ਉੱਘੇ ਕਵੀ ਪ੍ਰੋ. ਗੁਰਭਜਨ ਗਿੱਲ ਨੇ ਕੀਤੀ।ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਬਤੌਰ ਮੁੱਖ ਮਹਿਮਾਨ, ਕਹਾਣੀਕਾਰ ਕਿਰਪਾਲ ਕਜ਼ਾਕ, ਡਾ. ਸੁਰਜੀਤ ਅਤੇ ਆਧਾਰ ਪਬਲੀਕੇਸ਼ਨ ਪੰਚਕੂਲਾ ਦੇ ਸੰਚਾਲਕ ਦੇਸ਼ ਨਿਰਮੋਹੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਸਭਾ ਦੇ ਪ੍ਰਧਾਨ ਸਿਮਰਜੀਤ ਸਿੰਘ ਕੰਗ ਤੇ ਸੁਖਜੀਤ ਜੀ ਦੀ ਧਰਮਪਤਨੀ ਗੁਰਦੀਪ ਮਾਛੀਵਾੜਾ ਵੀ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ।ਸਾਹਿਤ ਸਭਾ ਦੀ ਮੀਤ ਪ੍ਰਧਾਨ ਯਤਿੰਦਰ ਮਾਹਲ ਨੇ ਆਏ ਲੇਖਕਾਂ ਦਾ ਸਵਾਗਤ ਕੀਤਾ।ਸਮਾਗਮ ਲਈ ਸਹਿਯੋਗ ਕਰਨ ਵਾਲੇ ਨਵਦੀਪ ਸਿੱਧੂ ਕੈਨੇਡਾ, ਬਲਵਿੰਦਰ ਸਿੰਘ ਚਾਹਲ ਇੰਗਲੈਂਡ ਅਤੇ ਦਲਜਿੰਦਰ ਰਹਿਲ ਇਟਲੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਕਹਾਣੀਕਾਰ ਅਮਨ ਸਮਰਾਲਾ, ਸੰਦੀਪ ਸਮਰਾਲਾ ਤੇ ਦੀਪ ਦਿਲਬਰ ਨੇ ਕਵਿਤਾਵਾਂ ਪੇਸ਼ ਕੀਤੀਆਂ।ਕਹਾਣੀਕਾਰ ਬਲਵਿੰਦਰ ਗਰੇਵਾਲ ਤੇ ਡਾ. ਸੁਰਜੀਤ ਨੇ ਸੁਖਜੀਤ ਦੇ ਜੀਵਨ ਅਤੇ ਲਿਖਤਾਂ ਬਾਰੇ ਚਾਨਣਾ ਪਾਇਆ। ਇਸੇ ਦੌਰਾਨ 'ਸੁਖਜੀਤ ਸ਼ਬਦ ਲਾਇਬਰੇਰੀ' ਸਥਾਪਤ ਕਰਨ ਤੇ ਮਾਨਵਵਾਦੀ ਸੋਚ ਰੱਖਣ ਵਾਲੇ ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਮੋਹਿਤ ਕੁੰਦਰਾ ਦਾ ਵਿਸ਼ੇਸ਼ ਸਨਮਾਨ ਵਿਦੇਸ਼ ਦੌਰੇ 'ਤੇ ਹੋਣ ਕਾਰਨ ਉਨ੍ਹਾਂ ਦੀ ਗੈਰ ਮੌਜੂਦਗੀ ਵਿਚ ਪੱਤਰਕਾਰ ਅੰਮ੍ਰਿਤਪਾਲ ਵੱਲੋਂ ਪ੍ਰਾਪਤ ਕੀਤਾ ਗਿਆ।ਜੰਗ ਬਹਾਦੁਰ ਗੋਇਲ ਨੇ ਕਿਹਾ ਕਿ ਸੁਖਜੀਤ ਯਾਦਗਾਰੀ ਸਨਮਾਨ ਹਾਸਿਲ ਕਰਕੇ ਉਨ੍ਹਾਂ ਦੀ ਸਾਹਿਤਕ ਜ਼ਿੰਮੇਵਾਰੀ ਹੋਰ ਵੀ ਵੱਧ ਗਈ ਹੈ।ਕਹਾਣੀਕਾਰ ਕਿਰਪਾਲ ਕਜ਼ਾਕ, ਦਰਸ਼ਨ ਬੁੱਟਰ, ਗੁਰਭਜਨ ਗਿੱਲ ਸਮੇਤ ਕਈ ਲੇਖਕਾਂ ਨੇ ਸੰਬੋਧਨ ਕਰਦਿਆਂ ਮਰਹੂਮ ਕਹਾਣੀਕਾਰ ਸੁਖਜੀਤ ਨੂੰ ਉੱਚ ਕੋਟੀ ਦਾ ਲੇਖਕ ਤੇ ਇਨਸਾਨ ਦੱਸਿਆ। ਇਸੇ ਦੌਰਾਨ ਸੁਖਜੀਤ ਵਲੋਂ ਰਚਿਤ ਸਵੈ-ਬਿਰਤਾਂਤ ਦੀ ਕਿਤਾਬ ਮੈਂ ਜੈਸਾ ਹੂੰ ਮੈਂ ਵੈਸਾ ਕਿਊਂ ਹੂੰ ਦਾ ਜੰਗ ਬਹਾਦੁਰ ਗੋਇਲ ਵੱਲੋਂ ਕੀਤੇ ਹਿੰਦੀ ਅਨੁਵਾਦ ਤੇ ਸੁਖਜੀਤ ਦੇ ਬੇਟੀ ਜਪੁਜੀ ਵਲੋਂ ਸੰਪਾਦਿਤ ਸੁਖਜੀਤ ਦੀਆਂ ਚੋਣਵੀਆਂ ਕਹਾਣੀਆਂ ਪੁਸਤਕ ਵੀ ਲੋਕ-ਅਰਪਣ ਕੀਤੀਆਂ ਗਈਆਂ।ਅਖੀਰ ਵਿੱਚ ਸਭਾ ਦੇ ਪ੍ਰਧਾਨ ਸਿਮਰਜੀਤ ਸਿੰਘ ਕੰਗ ਨੇ ਹਾਜ਼ਰ ਲੇਖਕਾਂ ਅਤੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਕ ਦੀਪ ਦਿਲਬਰ ਵਲੋਂ ਪ੍ਰਭਾਇਤ ਢੰਗ ਨਾਲ ਕੀਤਾ ਗਿਆ।



## ਸੰਕਲਪ ਸੁਸਾਇਟੀ ਨੇ ਉਦੇਕਰਨ 'ਚ ਲਾਇਆ ਖ਼ੂਨਦਾਨ ਕੈਂਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਸਮਾਜ ਸੇਵੀ ਸੰਸਥਾ ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੋਸਾਇਟੀ (ਰਜਿ.) ਵੱਲੋਂ ਪਿੰਡ ਉਦੇਕਰਨ ਵਿਖੇ ਖ਼ੂਨਦਾਨ ਕੈਂਪ ਲਾਇਆ ਗਿਆ।ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਨਰਿੰਦਰ ਸਿੰਘ ਪੰਮਾ ਸੰਧੂ ਨੇ ਦੱਸਿਆ ਕਿ ਇਸ ਮੌਕੇ ਮੁੱਖ ਮਹਿਮਾਨ ਵਜੋਂ ਸਿਵਲ ਸਰਜਨ ਡਾਕਟਰ ਸੁਨੀਲ ਬਾਂਸਲ (ਸਟੇਟ ਐਵਾਰਡੀ) ਤੇ ਵਿਸ਼ੇਸ਼ ਮਹਿਮਾਨ ਵਜੋਂ ਡਾਕਟਰ ਨਰੇਸ਼ ਪਰੂਥੀ ਚੇਅਰਮੈਨ ਸਮਾਜ ਸੇਵੀ ਸੰਸਥਾਵਾਂ ਸ੍ਰੀ ਮੁਕਤਸਰ ਸਾਹਿਬ ਪੁੱਜੇ।30 ਖ਼ੂਨਦਾਨੀਆਂ ਨੇ ਇਸ ਮੌਕੇ ਖ਼ੂਨਦਾਨ ਕੀਤਾ।ਬਤੌਰ ਮੁੱਖ ਮਹਿਮਾਨ ਪੁੱਜੇ ਡਾ. ਸੁਨੀਲ ਬਾਂਸਲ ਨੇ ਸੰਕਲਪ ਸੁਸਾਇਟੀ ਦੇ ਇਸ ਉੱਦਮ ਦੀ ਭਰਪੂਰ ਸ਼ਲਾਘਾ ਕਰਦਿਆਂ ਖੇਡ ਮੇਲਿਆਂ ਦੌਰਾਨ ਵੱਧ ਤੋਂ ਵੱਧ ਖ਼ੂਨਦਾਨ ਕੈਂਪ ਲਗਾਉਣ ਦੀ ਅਪੀਲ ਕੀਤੀ।ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਡਾ. ਨਰੇਸ਼ ਪਰੂਥੀ ਨੇ ਦੱਸਿਆ ਕਿ ਸੰਕਲਪ ਸੁਸਾਇਟੀ ਸਾਲ 2016 ਤੋਂ ਮੇਲਾ ਮਾਘੀ ਮੌਕੇ ਖ਼ੂਨਦਾਨ ਕੈਂਪ ਲਗਾਉਣ ਦੀ ਪਿਰਤ ਪਾਉਣ ਵਾਲੀ ਸੰਸਥਾ ਹੈ। ਸੰਸਥਾ ਦੁਆਰਾ ਸਮੇਂ ਸਮੇਂ ਤੇ ਖ਼ੂਨਦਾਨ ਕੈਂਪ ਲਗਾ ਕੇ ਹੁਣ ਤੱਕ ਸੈਂਕੜੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਚੁੱਕਾ ਹੈ।ਸੰਸਥਾ ਦੇ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਇਸ ਮੌਕੇ ਪੁੱਜੇ ਮਹਿਮਾਨਾਂ ਤੇ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰੱਖਣ ਦਾ ਵਾਅਦਾ ਕੀਤਾ।ਸੰਸਥਾ ਦੇ ਜਨਰਲ ਸਕੱਤਰ ਸਤਵਿੰਦਰ ਸਿੰਘ ਬਰਾੜ ਨੇ ਦੱਸਿਆ ਇਸ ਖ਼ੂਨਦਾਨ ਕੈਂਪ ਨੂੰ ਸਿਰੇ ਚਾੜ੍ਹਨ ਵਿੱਚ ਸੀਨੀਅਰ ਮੈਡੀਕਲ ਅਫਸਰ ਡਾ. ਰਜੀਵ ਸਚਦੇਵਾ, ਬਲੱਡ ਬੈਂਕ ਇੰਚਾਰਜ ਡਾ. ਅਮਨਿੰਦਰ ਸਿੰਘ, ਗਗਨ ਗਾਰਮੈਂਟਸ, ਟੂਰਨਾਮੈਂਟ ਕਮੇਟੀ ਤੇ ਖ਼ੂਨਦਾਨੀ ਵੀਰਾਂ ਦਾ ਵਿਸ਼ੇਸ਼ ਸਹਿਯੋਗ ਰਿਹਾ।ਇਸ ਮੌਕੇ ਸਿਵਲ ਸਰਜਨ ਡਾਕਟਰ ਸੁਨੀਲ ਬਾਂਸਲ, ਡਾ. ਨਰੇਸ਼ ਪਰੂਥੀ, ਸ਼ਮਸ਼ੇਰ ਸਿੰਘ ਬਰਾੜ, ਪ੍ਰਧਾਨ ਨਰਿੰਦਰ ਸਿੰਘ ਸੰਧੂ, ਗੁਰਪ੍ਰੀਤ ਸਿੰਘ ਭੁੱਲਰ, ਭਵਕੀਰਤ ਸਿੰਘ ਸੰਧੂ, ਅਰਸ਼ ਬਰਾੜ, ਪਿੰਦਾ ਬਰਾੜ, ਸੁਮੀਤ ਸਿੰਘ, ਡਾ. ਆਸਥਾ ਨਰੂਲਾ, ਹਰਦੀਪ ਸਿੰਘ ਐੱਮ ਐੱਲ ਟੀ, ਰਮਨਦੀਪ ਸਿੰਘ ਵਾਰਡ ਅਟੈਂਡੈਂਟ, ਟੂਰਨਾਮੈਂਟ ਕਮੇਟੀ ਦੇ ਮੈਂਬਰ ਤੇ ਟੀਮ ਸੰਕਲਪ ਦੇ ਮੈਂਬਰ ਹਾਜ਼ਰ ਸਨ।

## ਬਲਤੇਜ ਪੰਨੂ ਵੱਲੋਂ ਫਲਾਵਰ ਤੇ ਫੂਡ ਫੈਸਟੀਵਲ ਦਾ ਉਦਘਾਟਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪਟਿਆਲਾ ਦੇ ਇਤਿਹਾਸਕ ਬਾਰਾਂਦਰੀ ਬਾਗ ਵਿੱਚ ਹੋਰਟੀਕਲਚਰ ਵਿਭਾਗ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਾਂਝੇ ਸਹਿਯੋਗ ਨਾਲ ਸਾਲਾਨਾ ਫੁੱਲਾਂ ਦੀ ਪ੍ਰਦਰਸ਼ਨੀ ਤੇ ਫੂਡ ਫੈਸਟੀਵਲ ਸ਼ਾਨੋ-ਸ਼ੌਕਤ ਨਾਲ ਆਯੋਜਿਤ ਕੀਤਾ ਗਿਆ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਤੇ ਮੁੱਖ ਬੁਲਾਰੇ (ਮੀਡੀਆ ਐਡਵਾਈਜ਼ਰ) ਸ੍ਰੀ ਬਲਤੇਜ ਪੰਨੂ ਤੇ ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਹ ਫੈਸਟੀਵਲ ਬੜੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਪਟਿਆਲਵੀਆਂ ਨੇ ਵੱਧ ਚੜ੍ਹ ਕੇ ਹਿੱਸਾ ਲੈਂਦਿਆਂ ਸਮਾਗਮ ਨੂੰ ਕਾਮਯਾਬ ਬਣਾਇਆ। ਸ੍ਰੀ ਬਲਤੇਜ ਪੰਨੂ ਨੇ ਪ੍ਰਦਰਸ਼ਨੀ ਦਾ ਉਦਘਾਟਨ ਕਰਦੇ ਹੋਏ ਵੱਖ-ਵੱਖ ਸਟਾਲਾਂ ਦਾ ਦੌਰਾ ਕੀਤਾ ਤੇ ਬਾਗਬਾਨੀ ਪ੍ਰੇਮੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਉਨ੍ਹਾ ਕਿਹਾ ਕਿ ਪਟਿਆਲਾ ਬਾਗਾਂ ਤੇ ਰਾਗਾਂ ਦਾ ਸ਼ਹਿਰ ਹੈ ਅਤੇ ਇਸ ਦੀ ਵਿਰਾਸਤ ਸਾਡੀ ਸਾਂਝੀ ਜਾਇਦਾਦ ਹੈ।ਉਨ੍ਹਾਂ ਅਪੀਲ ਕੀਤੀ ਕਿ ਹਰ ਵਿਅਕਤੀ ਆਪਣੀ ਜ਼ੁੰਮੇਵਾਰੀ ਸਮਝਦਿਆਂ ਇਸ ਹੈਰੀਟੇਜ ਨੂੰ ਬਚਾਉਣ ਵਿੱਚ ਯੋਗਦਾਨ ਪਾਏ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਹਿਰ ਦੀ ਹਰਿਆਵਲੀ ਤੇ ਵਿਰਾਸਤੀ ਸਥਾਨਾਂ ਦੀ ਸੰਭਾਲ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਾਲਾਨਾ ਫੈਸਟੀਵਲ ਨਾ ਸਿਰਫ਼ ਪ੍ਰਕਿਰਤੀ ਪ੍ਰਤੀ ਜਾਗਰੂਕਤਾ ਪੈਦਾ ਕਰਦੇ ਹਨ, ਸਗੋਂ ਸਥਾਨਕ ਕਲਾਕਾਰਾਂ ਤੇ ਵਪਾਰੀਆਂ ਨੂੰ ਵੀ ਮੰਚ ਪ੍ਰਦਾਨ ਕਰਦੇ ਹਨ।ਫੈਸਟੀਵਲ ਦੇ ਨੋਡਲ ਅਫ਼ਸਰ ਜਸ਼ਨਪ੍ਰੀਤ ਕੌਰ ਗਿੱਲ ਨੇ ਸਮਾਗਮ ਦੀ ਸਫਲਤਾ ਲਈ ਸਾਰੇ ਵਿਭਾਗਾਂ, ਸਹਿਯੋਗੀਆਂ ਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ।



## 22 ਦੀ ਰੈਲੀ 'ਚ ਜ਼ਿਲ੍ਹੇ 'ਚੋਂ ਵੱਡੀ ਗਿਣਤੀ ਅਧਿਆਪਕ ਹੋਣਗੇ ਸ਼ਾਮਲ : ਡੀ ਟੀ ਐੱਫ

**ਸੰਗਰੂਰ/ਲੌਂਗੋਵਾਲ (ਪ੍ਰਵੀਨ ਸਿੰਘ/ਪ੍ਰਦੀਪ ਸੱਪਲ)**- ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਦੀ ਮੀਟਿੰਗ ਦਾਤਾ ਸਿੰਘ ਨਮੋਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਫੈਸਲੇ ਨੂੰ ਅਧਾਰ ਬਣਾ ਕੇ ਸਿੱਖਿਆ ਵਿਭਾਗ ਵੱਲੋਂ ਸਾਰੇ ਅਧਿਆਪਕਾਂ ਉੱਤੇ ਅਧਿਆਪਕ ਯੋਗਤਾ ਟੈਸਟ (ਟੈੱਟ) ਥੋਪ ਕੇ ਉਨ੍ਹਾਂ ਨੂੰ ਸੇਵਾ ਖ਼ਤਮ ਕਰਨ ਦੀਆਂ ਹਦਾਇਤਾਂ ਜਾਰੀ ਕਰਨ, ਤਰੱਕੀਆਂ ਰੋਕਣ ਆਦਿ ਵਿਰੁੱਧ ਪੰਜਾਬ ਦੀਆਂ ਸਮੁੱਚੀਆਂ ਅਧਿਆਪਕ ਜਥੇਬੰਦੀਆਂ ਵੱਲੋਂ 22 ਫਰਵਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਜਾਣ ਵਾਲੀ ਰੋਸ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਕਰਵਾਉਣ ਸਬੰਧੀ ਯੋਜਨਾਬੰਦੀ ਕੀਤੀ ਗਈ।ਅਧਿਆਪਕਾਂ ਨੂੰ ਉਨ੍ਹਾਂ ਦੇ ਹੱਕਾਂ ਦੇ ਘਾਣ ਵਿਰੁੱਧ ਜਾਗਰੂਕ ਕੀਤਾ ਜਾਵੇਗਾ ਤੇ ਸੰਘਰਸ਼ ਦੇ ਰਸਤੇ ਅਜਿਹੀਆਂ ਨਵੀਆਂ ਲੀਹਾਂ ਪਾਉਣ ਵਿਰੁੱਧ ਲਾਮਬੰਦ ਕੀਤਾ ਜਾਵੇਗਾ।ਸੁਪਰੀਮ ਕੋਰਟ ਦਾ ਫੈਸਲਾ ਰਾਸ਼ਟਰੀ ਅਧਿਆਪਕ ਸਿੱਖਿਆ ਸੰਸਥਾਨ ਰਾਹੀਂ ਕੇਂਦਰ ਸਰਕਾਰ ਦੁਆਰਾ ਜਾਰੀ ਕੀਤੀਆਂ ਹਦਾਇਤਾਂ ਨੂੰ ਅੱਖੋਂ ਪਰੋਖੇ ਕਰਕੇ ਸਮੁੱਚੇ ਅਧਿਆਪਕਾਂ ਉੱਤੇ ਜਬਰੀ ਟੈੱਟ ਥੋਪਦਾ ਹੈ, ਜਦੋਂਕਿ ਉਕਤ ਨੋਟੀਫਿਕੇਸ਼ਨਾਂ ਰਾਹੀਂ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਦੇ ਆਉਣ ਤੋਂ ਪਹਿਲਾਂ ਭਰਤੀ ਹੋਏ ਅਧਿਆਪਕਾਂ ਨੂੰ ਟੈੱਟ ਤੋਂ ਛੋਟ ਦਿੱਤੀ ਗਈ ਸੀ ਅਤੇ ਕਈ ਕੈਟਾਗਰੀਆਂ ਦੇ ਅਧਿਆਪਕਾਂ ਨੂੰ ਵੀ ਛੋਟ ਦਿੱਤੀ ਗਈ ਸੀ, ਕਿਸੇ ਕਾਨੂੰਨ ਨੂੰ ਪਿਛਲੀ ਮਿਤੀ ਤੋਂ ਲਾਗੂ ਕਰਨਾ ਕੁਦਰਤੀ ਨਿਆਂ ਦੇ ਵਿਰੁੱਧ ਹੈ।ਇਸੇ ਤਰ੍ਹਾਂ 20-20 ਸਾਲ ਦੇ ਤਜਰਬੇ ਵਾਲੇ ਅਧਿਆਪਕਾਂ ਨੂੰ ਟੈੱਟ ਦੀ ਸ਼ਰਤ ਲਾ ਕੇ ਉਨ੍ਹਾਂ ਦੀ ਤਰੱਕੀ ਰੋਕਣਾ ਮਨਮਾਨੇ ਤਰੀਕੇ ਨਾਲ ਉਨ੍ਹਾਂ ਦਾ ਹੱਕ ਮਾਰਨਾ ਹੈ।ਮੀਟਿੰਗ ਵਿੱਚ ਉਕਤ ਤੋਂ ਇਲਾਵਾ ਜਨਰਲ ਸਕੱਤਰ ਹਰਭਗਵਾਨ ਗੁਰਨੇ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ, ਪ੍ਰੈੱਸ ਸਕੱਤਰ ਜਸਬੀਰ ਨਮੋਲ ਤੇ ਬਲਾਕਾਂ ਦੇ ਆਗੂ ਗਗਨਦੀਪ ਧੂਰੀ, ਮਹਿੰਦਰ ਪ੍ਰਤਾਪ, ਰਾਜਵੀਰ ਨਾਗਰਾ ਤੇ ਰਣਬੀਰ ਜਖੇਪਲ ਸ਼ਾਮਲ ਸਨ।



## 'ਸਵੱਛ ਜਲ-ਸਵੱਛ ਮਨ' ਦੇ ਚੌਥੇ ਚਰਨ ਦਾ ਸ਼ੁੱਭ-ਅਰੰਭ 22 ਨੂੰ

**ਸਮਾਣਾ/ਦਿੱਲੀ (ਇਕਬਾਲ ਸਿੰਘ ਬੱਲ)**- ਜਦੋਂ ਸੇਵਾ ਸਾਧਨਾ ਬਣ ਜਾਂਦੀ ਹੈ ਤੇ ਪ੍ਰਕ੍ਰਿਤੀ ਦੇ ਪ੍ਰਤੀ ਸਵੰਦੇਨਾ ਜੀਵਨ ਦਾ ਮੂਲ ਮੰਤਰ ਹੋਵੇ ਤਾਂ ਪਵਿੱਤਰ ਸੰਕਲਪ ਜਨਮ ਲੈਂਦੇ ਹਨ।ਮਾਨਵ ਸੇਵਾ ਤੇ ਲੋਕ ਕਲਿਆਣ ਦੀ ਇਸ ਅਦਭੁੱਤ ਚੇਤਨਾ ਨੂੰ ਸਾਕਾਰ ਰੂਪ ਪ੍ਰਦਾਨ ਕਰਨ ਲਈ ਸੰਤ ਨਿਰੰਕਾਰੀ ਮਿਸ਼ਨ ਦੁਆਰਾ 'ਪ੍ਰੋਜੈਕਟ ਅਮ੍ਰਿਤ' ਅਧੀਨ 'ਸਵੱਛ ਜਲ-ਸਵੱਛ ਮਨ' ਦੇ ਚੌਥੇ ਚਰਨ ਦਾ ਸ਼ਾਨਦਾਰ ਸ਼ੁਭ ਕਾਰਜ 22 ਫਰਵਰੀ 2026 ਨੂੰ ਸਵੇਰੇ 8 ਵਜੇ ਤੋਂ ਲੈ ਕੇ 11:00 ਵਜੇ ਤੱਕ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੂਰੇ ਭਾਰਤ ਵਿੱਚ ਅਯੋਜਿਤ ਕੀਤਾ ਜਾ ਰਿਹਾ ਹੈ। ਸੰਤ ਨਿਰੰਕਾਰੀ ਮਿਸ਼ਨ ਸਮਾਣਾ ਦੇ ਸੰਯੋਜਕ ਐਡਵੋਕੇਟ ਸੁਰਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੇਂ ਸੰਤ ਨਿਰੰਕਾਰੀ ਸਤਿਸੰਗ ਭਵਨ ਸਮਾਣਾ ਵਿਖੇ ਸਫਾਈ ਅਭਿਆਨ ਚਲਾਇਆ ਜਾਵੇਗਾ ਤੇ ਇਸ ਦੇ ਆਲੇ ਦੁਆਲੇ ਦੇ ਖੇਤਰਾਂ ਦੀ ਸਫਾਈ ਕੀਤੀ ਜਾਵੇਗੀ। ਸੰਤ ਨਿਰੰਕਾਰੀ ਮਿਸ਼ਨ ਤੇ ਸਕੱਤਰ ਸਤਿਕਾਰਯੋਗ ਭਾ. ਸਾ. ਜੋਗਿੰਦਰ ਸੁਖੀਜਾ ਨੇ ਦੱਸਿਆ ਕਿ ਇਹ ਵਿਸ਼ਾਲ ਅਭਿਆਨ ਦੇਸ਼ ਭਰ ਵਿੱਚ 1500 ਤੋਂ ਵੱਧ ਸਥਾਨਾਂ 'ਤੇ ਇੱਕੋ ਸਮੇਂ ਤੇ ਆਯੋਜਿਤ ਕੀਤਾ ਜਾ ਜਾਵੇਗਾ।

## ਕਿਸਾਨ-ਮਜ਼ਦੂਰ ਸੰਘਰਸ਼ਾਂ ਨੂੰ ਜਬਰ ਨਾਲ ਦਬਾਉਣਾ ਬੰਦ ਕਰੇ ਸਰਕਾਰ : ਜਮਹੂਰੀ ਫਰੰਟ

**ਲੌਂਗੋਵਾਲ (ਪ੍ਰਦੀਪ ਸੱਪਲ)**- ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ. ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ, ਯਸ਼ਪਾਲ ਮੁਹਾਲੀ ਤੇ ਸੂਬਾ ਕਮੇਟੀ ਮੈਂਬਰ ਬਲਬੀਰ ਲੌਂਗੋਵਾਲ ਨੇ ਭਾਕਿਯੂ ਉਗਰਾਹਾਂ ਦੇ ਬਠਿੰਡਾ ਪ੍ਰਦਰਸ਼ਨ ਨੂੰ ਨਾਕਾਮ ਬਣਾਉਣ ਲਈ ਪੁਲਸ ਵੱਲੋਂ ਆਗੂਆਂ ਦੇ ਘਰ ਛਾਪੇਮਾਰੀ ਕਰਨ, ਜਿਉਂਦ ਪਿੰਡ ਵਿੱਚ ਪੁਰਅਮਨ ਕਿਸਾਨਾਂ ਉੱਪਰ ਅੱਥਰੂ ਗੈਸ ਦੇ ਗੋਲੇ ਵਰਸਾਉਣ, ਬੇਕਿਰਕੀ ਨਾਲ ਤਸ਼ੱਦਦ ਕਰਨ ਤੇ ਇੱਕ ਕਿਸਾਨ ਦੇ ਹੱਥ ਨੂੰ ਨੁਕਸਾਨ ਪਹੁੰਚਾਉਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਫਰੰਟ ਆਗੂਆਂ ਨੇ ਕਿਹਾ ਕਿ ਸੱਤਾ ਦੇ ਇਸ਼ਾਰੇ 'ਤੇ ਜੇਲ੍ਹੀਂ ਡੱਕੇ ਕਿਸਾਨਾਂ ਦੀ ਰਿਹਾਈ ਲਈ ਸੰਘਰਸ਼ ਨੂੰ ਦਬਾਉਣ ਲਈ ਨਹਾਇਤ ਜਾਬਰ ਵਤੀਰਾ 'ਆਪ ਸਰਕਾਰ' ਦੀ ਲੋਕ-ਵਿਰੋਧੀ ਖ਼ਸਲਤ ਦਾ ਮੂੰਹ ਬੋਲਦਾ ਸਬੂਤ ਹੈ।ਬਠਿੰਡਾ ਜਾ ਕੇ ਪੁਰਅਮਨ ਧਰਨਾ ਲਾਉਣ ਦੇ ਐਕਸ਼ਨ ਨੂੰ ਨਾਕਾਮ ਬਣਾਉਣ ਲਈ ਕਿਸਾਨਾਂ ਨੂੰ ਪਿੰਡਾਂ ਵਿੱਚੋਂ ਬਾਹਰ ਨਾ ਜਾਣ ਦੇਣ, ਕਿਸਾਨਾਂ ਨਾਲ ਦੁਸ਼ਮਣ ਦੀ ਤਰ੍ਹਾਂ ਪੇਸ਼ ਆਉਣ ਤੇ ਸਰਕਾਰੀ ਦਹਿਸ਼ਤ ਪਾਉਣ ਲਈ ਲਾਈਆਂ ਜਾ ਰਹੀਆਂ ਤਾਨਾਸ਼ਾਹ ਰੋਕਾਂ ਸੰਘਰਸ਼ ਦੇ ਜਮਹੂਰੀ ਹੱਕ ਉੱਪਰ ਬੇਹੱਦ ਖ਼ਤਰਨਾਕ ਹਮਲਾ ਹੈ, ਜਿਸ ਦਾ ਸਮੂਹ ਲੋਕਪੱਖੀ ਜਮਹੂਰੀ ਤਾਕਤਾਂ ਨੂੰ ਗੰਭੀਰ ਨੋਟਿਸ ਲੈਣ ਤੇ ਬੁਨਿਆਦੀ ਜਮਹੂਰੀ ਹੱਕ ਦੀ ਰਾਖੀ ਲਈ ਇਸ ਜਬਰ ਵਿਰੁੱਧ ਵਿਆਪਕ ਜਮਹੂਰੀ ਸੰਘਰਸ਼ ਉਸਾਰਨ ਦੀ ਲੋੜ ਹੈ। ਫਰੰਟ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਤਾਨਾਸ਼ਾਹ ਵਤੀਰਾ ਤਿਆਗ ਕੇ ਗੱਲਬਾਤ ਦਾ ਰਾਹ ਅਖ਼ਤਿਆਰ ਕਰੇ, ਗ੍ਰਿਫ਼ਤਾਰ ਕੀਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕਰੇ ਤੇ ਕਿਸਾਨ-ਮਜ਼ਦੂਰ ਅਤੇ ਹੋਰ ਸੰਘਰਸ਼ਾਂ ਨੂੰ ਦਬਾਉਣ ਲਈ ਜਬਰ ਢਾਹੁਣਾ ਬੰਦ ਕਰੇ।



## ਮਾਲਵਾ ਪੰਜਾਬੀ ਸਾਹਿਤ ਸਭਾ ਰਾਮਪੁਰਾ ਫੂਲ (ਬਠਿੰਡਾ) ਦੀ ਮੀਟਿੰਗ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਮਾਲਵਾ ਪੰਜਾਬੀ ਸਾਹਿਤ ਸਭਾ ( ਰਜਿ:) ਰਾਮਪੁਰਾ ਫੂਲ (ਬਠਿੰਡਾ) ਦੀ ਮੀਟਿੰਗ ਸਰਕਾਰੀ ਸੀਨੀ, ਸੈਕੰ, ਸਕੂਲ ਪਿੰਡ ਰਾਮਪੁਰਾ ਦੀ ਖੇਡ ਗਰਾਉਂਡ ਵਿਖੇ ਦਰਸ਼ਨ ਸਿੰਘ ਪ੍ਰੀਤੀਮਾਨ ਦੀ ਪ੍ਰਧਾਨਗੀ ਹੇਠ ਹੋਈ। ਮਾਲਵਾ ਪੰਜਾਬੀ ਸਾਹਿਤ ਸਭਾ (ਰਜਿ:) ਰਾਮਪੁਰਾ ਫੂਲ ਬਠਿੰਡਾ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਦੀਆਂ ਹਦਾਇਤਾਂ ਅਨੁਸਾਰ 21 ਫਰਵਰੀ ਨੂੰ ਮਾਤ-ਭਾਸ਼ਾ ਦਿਵਸ ਮਨਾਉਣ ਦਾ ਫ਼ੈਸਲਾ ਕੀਤਾ ਗਿਆ । ਠੀਕ 12.00 ਵਜੇ ਸਰਕਾਰੀ ਸੀਨੀ.ਸੈਕੰ. ਸਕੂਲ ਪਿੰਡ ਰਾਮਪੁਰਾ ਦੇ ਖੇਡ ਗਰਾਉਂਡ ਵਿੱਚੋਂ ਸ਼ੁਰੂ ਹੋ ਕੇ ਭਰਵਾਂ ਇਕੱਠ ਪਿੰਡ ਰਾਮਪੁਰਾ ਵੱਲ ਰਵਾਨਾ ਹੋਵੇਗਾ। ਪਿੰਡ ਦੇ ਮੇਨ ਪੜਾਵਾਂ 'ਤੇ ਬੁਲਾਰੇ ਮਾਂ-ਬੋਲੀ ਸਬੰਧੀ ਆਪਣੇ ਵਿਚਾਰ ਰੱਖਣਗੇ । ਇਸ ਪ੍ਰੋਗਰਾਮ ਵਿੱਚ ਬੱਚੇ, ਨੌਜਵਾਨ ਤੇ ਸਿਆਣੇ ਬਜ਼ੁਰਗ ਸਾਰੇ ਹੀ ਭੈਣਾਂ ਭਰਾ ਸ਼ਮੂਲੀਅਤ ਕਰਨਗੇ। ਗੀਤ- ਸੰਗੀਤ ਮਾਂ-ਬੋਲੀ ਲਈ ਸਬੰਧਤ ਹੋਵੇਗਾ। ਢੋਲ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਠੀਕ 11.00 ਵਜੇ ਠੀਕ ਸਥਾਨ ਤੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ। ਸਮਾਪਤੀ 3.00 ਵਜੇ ਸਕੂਲ ਗਰਾਉਂਡ ਵਿਖੇ ਹੀ ਕੀਤੀ ਜਾਵੇਗੀ।ਇਹ ਜਾਣਕਾਰ ਲੈਕ. ਦਹੂਦ ਸਿੰਘ, ਹੈਡਮਾਸਟਰ ਹਰਿੰਦਰ ਸਿੰਘ ਭੁੱਲਰ ਤੇ ਗਗਨ ਫੂਲ ਨੇ ਪ੍ਰੈੱਸ ਨਾਲ ਸਾਂਝੀ ਕੀਤੀ।



## ਵਿਭਾਗ ਵੱਲੋਂ ਸੂਬੇ 'ਚ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ ਮਾਤ ਭਾਸ਼ਾ ਦਿਵਸ : ਜ਼ਫ਼ਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਭਾਸ਼ਾ ਵਿਭਾਗ ਪੰਜਾਬ ਵੱਲੋਂ ਮਾਤ ਭਾਸ਼ਾ ਦਿਵਸ ਸਬੰਧੀ ਸੂਬੇ 'ਚ ਵੱਖ-ਵੱਖ ਥਾਵਾਂ 'ਤੇ ਕਈ ਪ੍ਰਕਾਰ ਦੇ ਸਮਾਗਮ ਕਰਵਾਏ ਜਾਣਗੇ ਤੇ ਰਾਜ ਪੱਧਰੀ ਸਮਾਗਮ ਮੁੱਖ ਦਫ਼ਤਰ ਪਟਿਆਲਾ ਵਿਖੇ ਕਰਵਾਇਆ ਜਾਵੇਗਾ।ਇਸ ਸਬੰਧੀ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਪਟਿਆਲਾ ਵਿਖੇ 21 ਫਰਵਰੀ ਨੂੰ ਰਾਜ ਪੱਧਰੀ ਸਮਾਗਮ ਦੌਰਾਨ ਡਾ. ਸਤਨਾਮ ਸਿੰਘ ਸੰਧੂ 'ਪੰਜਾਬ ਭਾਸ਼ਾ ਦੀ ਵਰਤਮਾਨ ਸਥਿਤੀ ਤੇ ਭਵਿੱਖ ਦੀਆਂ ਚਣੌਤੀਆਂ' ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਦੇਣਗੇ।ਇਸੇ ਦੌਰਾਨ ਨਾਮਵਰ ਲੇਖਕ ਲੱਖੇਵਾਲੀ ਦੀ ਪੁਸਤਕ ਵੀ ਲੋਕ ਅਰਪਣ ਕੀਤੀ ਜਾਵੇਗੀ ਤੇ ਅਖ਼ੀਰ ਵਿੱਚ ਡਾ. ਲੱਖਾ ਲਹਿਰੀ ਦੀ ਨਿਰਦੇਸ਼ਨਾ 'ਚ ਨਾਟਕ 'ਪੀੜ੍ਹੀ ਦਰ ਪੀੜ੍ਹੀ' ਦਾ ਮੰਚਨ ਹੋਵੇਗਾ।ਇਸੇ ਦਿਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸੱਦੇ 'ਤੇ ਪੰਜਾਬੀ ਭਵਨ ਵਿਖੇ ਸ਼ਾਮ ਨੂੰ ਨਾਟਕ 'ਸੋਹਣੀ ਮਹੀਵਾਲ' ਦੀ ਪੇਸ਼ਕਾਰੀ ਹੋਵੇਗੀ, 21 ਫਰਵਰੀ ਨੂੰ ਬਾਵਾ ਨਿਹਾਲ ਸਿੰਘ ਬੀ. ਐੱਡ. ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਭਾਸ਼ਣ ਮੁਕਾਬਲੇ ਕਰਵਾਏ ਜਾਣਗੇ।ਜ਼ਿਲ੍ਹਾ ਭਾਸ਼ਾ ਦਫ਼ਤਰ ਮਾਨਸਾ ਵੱਲੋਂ ਇਸੇ ਦਿਨ ਅੰਬੇਡਕਰ ਭਵਨ ਵਿਖੇ 'ਪਿੰਡ ਤੋਂ ਵਿਸ਼ਵੀ ਪਿੰਡ ਤੱਕ' ਵਿਸ਼ੇ 'ਤੇ ਡਾ. ਸੋਮੀ ਰਾਮ ਦਾ ਵਿਸ਼ੇਸ਼ ਭਾਸ਼ਣ ਕਰਵਾਇਆ ਜਾਵੇਗਾ।ਇਸੇ ਦਿਨ ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਿਰੋਜ਼ਪੁਰ ਵੱਲੋਂ ਡੀ.ਏ.ਵੀ. ਮਹਿਲਾ ਕਾਲਜ ਫ਼ਿਰੋਜ਼ਪੁਰ ਛਾਉਣੀ ਵਿਖੇ ਸਾਹਿਤਕ ਸਮਾਗਮ ਦੌਰਾਨ 'ਮਾਤ ਭਾਸ਼ਾ ਤੇ ਸਾਹਿਤ : ਵਿਭਿੰਨ ਸਰੋਕਾਰ' ਵਿਸ਼ੇ 'ਤੇ ਹਰਮੀਤ ਵਿਦਿਆਰਥੀ ਵਿਸ਼ੇਸ਼ ਭਾਸ਼ਣ ਦੇਣਗੇ।ਉਪਰੰਤ ਕਮਲ ਦਰਾਵਿੜ ਤੇ ਤਰਸੇਮ ਅਰਮਾਨ ਸਾਹਿਤਕ ਗਾਇਕੀ ਦਾ ਮੁਜ਼ਾਹਰਾ ਕਰਨਗੇ ਤੇ ਪ੍ਰੋ. ਜਸਪਾਲ ਘਈ ਟਿੱਪਣੀਕਾਰ ਵਜੋਂ ਸ਼ਮੂਲੀਅਤ ਕਰਨਗੇ।ਇਸੇ ਦਿਨ ਸੰਗਰੂਰ ਵਿਖੇ ਡਾ. ਭਗਵੰਤ ਸਿੰਘ ਪੰਜਾਬੀ ਭਾਸ਼ਾ ਨਾਲ ਸਬੰਧਤ ਵਿਸ਼ੇਸ਼ ਭਾਸ਼ਮ ਦੇਣਗੇ।21 ਫਰਵਰੀ ਨੂੰ ਹੀ ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਰੀਦਕੋਟ ਵੱਲੋਂ 'ਮਾਂ ਬੋਲੀ ਸਮਰੱਥਾ, ਸਰੋਕਾਰ ਤੇ ਸੰਭਾਵਨਾਵਾਂ' ਵਿਸ਼ੇ 'ਤੇ ਦੇਸ਼ ਭਗਤ ਪੰਡਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਵਿਖੇ ਸੈਮੀਨਾਰ ਕਰਵਾਇਆ ਜਾਵੇਗਾ, ਜਿਸ ਦੌਰਾਨ ਉੱਘੇ ਕਵੀ, ਅਨੁਵਾਦਕ ਤੇ ਚਿੰਤਕ ਸੁਖਜਿੰਦਰ ਮੁੱਖ ਸੁਰ ਭਾਸ਼ਨ ਦੇਣਗੇ।ਨਿਬੰਧਕਾਰ ਨਰਿੰਦਰ ਸਿੰਘ ਤੇ ਖੋਜਾਰਥੀ ਸੁਰਿੰਦਰ ਕੰਬੋਜ ਵਿਚਾਰ ਚਰਚਾ ਕਰਨਗੇ ਅਤੇ ਟਿੱਪਣੀਕਾਰਾਂ ਵਜੋਂ ਵਿਜੇ ਵਿਵੇਕ, ਸੰਤੋਖ ਮਿਨਹਾਸ ਅਮਰੀਕਾ ਤੇ ਕੁਮਾਰ ਜਗਦੇਵ ਸ਼ਾਮਲ ਹੋਣਗੇ।ਇਸ ਮੌਕੇ ਸੁਰ ਆਂਗਣ ਵੱਲੋਂ ਸਾਹਿਤਕ ਗਾਇਕੀ ਦੇ ਰੰਗ ਪੇਸ਼ ਵੀ ਕੀਤੇ ਜਾਣਗੇ। ਇਸੇ ਲੜੀ ਵਿੱਚ 20 ਫਰਵਰੀ ਨੂੰ ਜਗਤ ਗੁਰੂ ਨਾਨਕ ਓਪਨ ਯੂਨੀਵਰਸਿਟੀ ਪਟਿਆਲਾ ਵਿਖੇ ਸੁਰਜੀਤ ਪਾਤਰ ਨੂੰ ਸਮਰਪਤ ਪਟਿਆਲਾ ਸਾਹਿਤ ਉਤਸਵ ਦੌਰਾਨ ਸਥਾਨਕ ਕਵੀਆਂ 'ਤੇ ਅਧਾਰਤ ਭਾਸ਼ਾ ਵਿਭਾਗ ਵੱਲੋਂ ਕਵੀ ਦਰਬਾਰ ਕਰਵਾਇਆ ਜਾਵੇਗਾ।ਇਸੇ ਦਿਨ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਲੁਧਿਆਣਾ ਵਿਖੇ ਕਵੀ ਦਰਬਾਰ ਕਰਵਾਇਆ ਜਾਵੇਗਾ।ਜ਼ਿਲ੍ਹਾ ਭਾਸ਼ਾ ਦਫ਼ਤਰ ਪਠਾਨਕੋਟ ਵੱਲੋਂ 23 ਫਰਵਰੀ ਨੂੰ ਤ੍ਰੈ-ਭਾਸ਼ੀ ਕਵੀ ਦਰਬਾਰ ਕਰਵਾਇਆ ਜਾਵੇਗਾ ਤੇ 24 ਫਰਵਰੀ ਨੂੰ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਤੇ ਕਪੂਰਥਲਾ ਵੱਲੋਂ ਸਾਂਝੇ ਤੌਰ 'ਤੇ ਨਾਮਵਰ ਗੀਤਕਾਰ ਤੇ ਗਾਇਕ ਦੇਬੀ ਮਕਸੂਸਪੁਰੀ ਨਾਲ ਰੂਬਰੂ ਤੇ ਕਵੀ ਦਰਬਾਰ ਕਰਵਾਇਆ ਜਾਵੇਗਾ।ਜ਼ਿਲ੍ਹਾ ਭਾਸ਼ਾ ਦਫ਼ਤਰ ਮੋਹਾਲੀ ਵਿਖੇ 23 ਫਰਵਰੀ ਨੂੰ ਅਮਰਜੀਤ ਗਰੇਵਾਲ ਦੀ ਪੁਸਤਕ 'ਅਦਭੁਤ ਦੀ ਵਾਪਸੀ' ਬਾਰੇ ਵਿਚਾਰ ਗੋਸ਼ਟੀ ਕਰਵਾਈ ਜਾਵੇਗੀ।

## ਸਟਾਫ ਨਰਸਿਜ਼ ਵੈੱਲਫੇਅਰ ਐਸੋਸੀਏਸ਼ਨ ਦੀ ਸੂਬਾ ਕਮੇਟੀ ਦੀ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸਟਾਫ ਨਰਸਿਜ਼ ਵੈੱਲਫੇਅਰ ਐਸੋਸੀਏਸ਼ਨ ਆਫ ਪੰਜਾਬ ਦੀ ਸੂਬਾ ਕਮੇਟੀ ਵੱਲੋਂ ਡਾਇਰੈਕਟਰ ਸਿਹਤ ਯੂਨੀਅਨ ਦੇ ਪ੍ਰਧਾਨ ਸੁਖਜਾਦ ਸਿੰਘ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਡਾਇਰੈਕਟਰ ਤੋਂ ਬਿਨਾਂ ਸੁਪਰਡੈਂਟ ਸੂਰਜ ਕੁਮਾਰ, ਪ੍ਰਬੰਧਕੀ ਅਫਸਰ ਔਜਲਾ ਤੇ ਮਹਾਵੀਰ ਦੀ ਮੌਜੂਦਗੀ ਵਿੱਚ ਯੂਨੀਅਨ ਦੀਆਂ ਵੱਖ-ਵੱਖ ਮੰਗਾਂ ਜਿਵੇਂ ਕਿ ਨਰਸਿੰਗ ਕੇਡਰ ਦਾ 4600 ਗ੍ਰੇਡ ਪੇ ਬਹਾਲ ਕੀਤਾ ਜਾਵੇ, ਸਟਾਫ ਨਰਸ ਨੂੰ ਦੂਜੇ ਸੂਬਿਆਂ ਵਾਂਗ ਬਣਦੇ ਭੱਤੇ ਦਿੱਤੇ ਜਾਣ, ਡਾਕਟਰ ਕੇਡਰ ਦੀ ਤਰ੍ਹਾਂ ਮੋਡੀਫਾਈਡ ਏਸੀਪੀ ਸਟਾਫ ਨਰਸਿਜ਼ ਤੇ ਬਹਾਲ ਕੀਤਾ ਜਾਵੇ, ਸਟਾਫ ਨਰਸ ਦੇ ਅਹੁਦੇ ਦਾ ਨਾਮ ਬਦਲ ਕੇ ਨਰਸਿੰਗ ਅਫਸਰ ਦਾ ਨਾਮ ਦਿੱਤਾ ਜਾਵੇ, ਨਰਸਿੰਗ ਸਿਸਟਰ ਤੋਂ ਮੇਟਰਨ ਦੀ ਤਰੱਕੀ ਲਈ ਤਿੰਨ ਸਾਲ ਦੀ ਜਗ੍ਹਾ ਇਕ ਸਾਲ ਦਾ ਤਜਰਬਾ ਕੀਤਾ ਜਾਵੇ, ਸਟਾਫ ਨਰਸ ਦੀ ਨਵੀਂ ਭਰਤੀ ਆਬਾਦੀ ਦੇ ਅਨੁਪਾਤ ਨਾਲ ਹੋਵੇ, ਅਮਰਨਾਥ ਯਾਤਰਾ 'ਤੇ ਲੱਗ ਰਹੀਆਂ ਡਿਊਟੀਆਂ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਡਿਊਟੀ ਕਰ ਰਹੇ ਸਟਾਫ ਦਾ ਟੀਏ, ਡੀਏ ਤੇ ਸਪੈਸ਼ਲ ਡਿਊਟੀ ਭੱਤਾ ਜਾਰੀ ਕੀਤਾ ਜਾਵੇ, 140 ਟਿਊਟਰ ਦੀਆਂ ਖਾਲੀ ਪਈਆਂ ਅਸਾਮੀਆਂ ਵਿੱਚ ਨਰਸਿੰਗ ਕੇਡਰ ਵਿੱਚੋਂ ਹੀ ਯੋਗਤਾ ਦੇ ਆਧਾਰ 'ਤੇ ਪਦ-ਉਨਤੀ ਕਰਕੇ ਭਰੀਆਂ ਜਾਣ ਆਦਿ ਮੁੱਦਿਆਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ। ਮੀਟਿੰਗ ਵਿੱਚ ਯੂਨੀਅਨ ਦੇ ਵਾਈਸ ਪ੍ਰਧਾਨ ਸੁਖਵਿੰਦਰ ਕੌਰ ਮੋਹਾਲੀ, ਚੇਅਰਪਰਸਨ ਕੁਲਵਿੰਦਰ ਕੌਰ ਕੰਵਲ, ਕਮਲਜੀਤ ਕੌਰ ਪੰਨੂ, ਮਿੰਨੀ ਘੁੰਮਣ, ਮੰਜੂ ਮਹਾਜਨ, ਮਲਕੀਤ ਸਿੰਘ, ਜਾਫਰ, ਭਾਰਤ ਭੂਸ਼ਣ, ਗੁਰਮੇਲ ਸਿੰਘ, ਸੰਦੀਪ ਕੁਮਾਰ, ਨੀਲਮ ਰਾਜਦੀਪ ਕੌਰ, ਕੋਮਲਪ੍ਰੀਤ ਕੌਰ, ਗੁਰਜੰਟ ਸਿੰਘ, ਆਸ਼ਾ, ਰਾਜਵਿੰਦਰ ਕੌਰ ਤੋਂ ਬਿਨਾਂ ਹੋਰ ਨੁਮਾਇੰਦੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਸਮੇਂ ਯੂਨੀਅਨ ਦੇ ਪ੍ਰਧਾਨ ਸੁਖਜਾਦ ਸਿੰਘ ਨੇ ਦੱਸਿਆ ਕਿ ਡਾਇਰੈਕਟਰ ਵੱਲੋਂ ਯੂਨੀਅਨ ਦੀਆਂ ਮੰਗਾਂ ਸਬੰਧੀ 15 ਦਿਨਾਂ ਵਿੱਚ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਜੇਕਰ ਯੂਨੀਅਨ ਦੀਆਂ ਮੰਗਾਂ ਸਬੰਧੀ 15 ਦਿਨਾਂ ਵਿਚ ਹੱਲ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਦਿਨਾਂ 'ਚ ਯੂਨੀਅਨ ਆਪਣਾ ਸੰਘਰਸ਼ ਦਾ ਪ੍ਰੋਗਰਾਮ ਉਲੀਕੇਗੀ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।



## ਸਟੀਫਨ ਇੰਟਰਨੈਸ਼ਨਲ ਸਕੂਲ 'ਚ ਸਮਾਰੋਹ ਆਯੋਜਿਤ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸਟੀਫਨ ਇੰਟਰਨੈਸ਼ਨਲ ਸਕੂਲ ਵਿੱਚ ਪ੍ਰਿੰਸੀਪਲ-ਡਾਇਰੈਕਟਰ ਮੈਡਮ ਮੋਨਿਕਾ ਸ਼ਰਮਾ ਦੇ ਸਫਲ ਨੇਤ੍ਰਿਤਵ ਦੇ 6 ਸਾਲ ਪੂਰੇ ਹੋਣ ਦੇ ਮੌਕੇ 'ਤੇ ਖੁਸ਼ੀ ਅਤੇ ਮਾਣ ਨਾਲ ਸਮਾਰੋਹ ਆਯੋਜਿਤ ਕੀਤਾ ਗਿਆ। ਇਹ ਮੌਕਾ ਸਕੂਲ ਦੀ ਲਗਾਤਾਰ ਤਰੱਕੀ, ਉਤਕ੍ਰਿਸ਼ਟਤਾ ਅਤੇ ਸਰਵਾਂਗੀਣ ਵਿਕਾਸ ਦੀ ਯਾਤਰਾ ਦਾ ਮਹੱਤਵਪੂਰਨ ਪੜਾਅ ਹੈ।ਪਿਛਲੇ ਛੇ ਸਾਲਾਂ ਦੌਰਾਨ ਸਕੂਲ ਨੇ ਅਕਾਦਮਿਕ, ਸਹਿ-ਪਾਠਕ੍ਰਮ ਅਤੇ ਨੈਤਿਕ ਮੁੱਲਾਂ ਦੇ ਖੇਤਰ ਵਿੱਚ ਸ਼ਾਨਦਾਰ ਉਪਲਬਧੀਆਂ ਹਾਸਲ ਕੀਤੀਆਂ ਹਨ। ਮੈਡਮ ਮੋਨਿਕਾ ਸ਼ਰਮਾ ਦੇ ਦੂਰਦਰਸ਼ੀ ਨੇਤ੍ਰਿਤਵ ਹੇਠ ਸਕੂਲ ਨੇ ਗੁਣਵੱਤਾ-ਪੂਰਨ ਸਿੱਖਿਆ, ਅਨੁਸ਼ਾਸਨ, ਨਵੀਨਤਾ ਅਤੇ ਮੁੱਲਾਂ-ਅਧਾਰਿਤ ਸਿੱਖਣ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਹੈ।ਇਸ ਮੌਕੇ ਚੇਅਰਮੈਨ ਦੀਪਕ ਕੁਮਾਰ ਨੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਮਿਹਨਤ, ਸਮਰਪਣ ਅਤੇ ਮਜ਼ਬੂਤ ਨੇਤ੍ਰਿਤਵ ਦੀ ਪ੍ਰਸ਼ੰਸਾ ਕੀਤੀ। ਸਕੂਲ ਅਧਿਆਪਕਾਂ ਅਤੇ ਸਟਾਫ ਮੈਂਬਰਾਂ ਨੇ ਵੀ ਉਨ੍ਹਾਂ ਦੇ ਪ੍ਰੇਰਨਾਦਾਇਕ ਮਾਰਗਦਰਸ਼ਨ ਲਈ ਧੰਨਵਾਦ ਪ੍ਰਗਟ ਕੀਤਾ।



## ਗੁਰਮਤਿ ਮੁਕਾਬਲਿਆਂ 'ਚ ਚੌਥੀ ਜਮਾਤ ਦੀ ਬੱਚੀ ਨੇ ਹਾਸਲ ਕੀਤਾ ਪਹਿਲਾ ਗ੍ਰੇਡ

**ਸਮਰਾਲਾ (ਸੁਰਜੀਤ ਸਿੰਘ)**- ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 350 ਸ਼ਹੀਦੀ ਦਿਹਾੜੇ ਨੂੰ ਸਮਰਪਿਤ ਐਜੂਕੇਟ ਪੰਜਾਬ ਪ੍ਰੋਡਕਟ ਤੇ ਗੁਰੂ ਨਾਨਕ ਮਲਟੀ ਵਰਸਿਟੀ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਗੁਰਮਤਿ ਮੁਕਾਬਲਿਆਂ ਵਿੱਚ ਗੁਰੂ ਨਾਨਕ ਮਾਡਲ ਸਕੂਲ ਦੀ ਚੌਥੀ ਜਮਾਤ ਦੀ ਵਿਦਿਆਰਥਣ ਰਛਪਾਲ ਕੌਰ ਨੇ ਪ੍ਰੀਖਿਆ ਵਿੱਚ ਪਾਸ ਹੋਏ 6 ਹਾਜ਼ਰ ਬੱਚਿਆਂ ਵਿੱਚੋਂ ਪਹਿਲਾ ਗ੍ਰੇਡ ਹਾਸਿਲ ਕਰਕੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੰਜ ਰਾਜਾਂ, ਜਿਨ੍ਹਾਂ ਵਿੱਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਤੇ ਉੱਤਰਾਖੰਡ ਤੋਂ ਕਰੀਬ ਇੱਕ ਲੱਖ ਬੱਚਿਆਂ ਨੇ ਇਸ ਮੁਕਾਬਲੇ ਵਿੱਚ ਹਿੱਸਾ ਲਿਆ, ਜਿਸ ਵਿੱਚ 6 ਹਾਜ਼ਰ ਬੱਚੇ ਪਾਸ ਹੋਏ।ਸਕੂਲ ਦੀ ਛੋਟੀ ਬੱਚੀ ਦੀ ਇਸ ਵੱਡੀ ਉਪਲਬਧੀ 'ਤੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਦੇ ਸੀ ਓ ਓ ਯੋਗਿੰਦਰ ਨਾਥ ਅਵਧੀਆ ਨੇ ਬੱਚੀ ਰਛਪਾਲ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਅਤੇ ਬੱਚੀ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸਪਲਾਈ ਚੇਨ ਹੈੱਡ ਅਮਿਤ ਅਰੋੜਾ, ਮਾਰਕੀਟ ਹੈੱਡ ਸੁਧੀਰ ਕੁਮਾਰ, ਡਾ. ਵਿਨੀਤ ਸਚਦੇਵਾ, ਨੰਦ ਕਿਸ਼ੋਰ ਤੇ ਹਸਪਤਾਲ ਦੇ ਲੋਕ ਸੰਪਰਕ ਅਧਿਕਾਰੀ ਲਖਬੀਰ ਸਿੰਘ ਬੱਦੋਵਾਲ ਹਾਜ਼ਰ ਸਨ।



## ਕਿਸਾਨਾਂ 'ਤੇ ਜਬਰ ਖ਼ਿਲਾਫ਼ ਏ ਡੀ ਸੀ ਨੂੰ ਮਿਲਿਆ ਜਨਤਕ ਜਥੇਬੰਦੀਆਂ ਦਾ ਵਫ਼ਦ

**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਨੌਂ ਮਹੀਨਿਆਂ ਤੋਂ ਝੂਠੇ ਕੇਸ ਤਹਿਤ ਜੇਲ੍ਹ 'ਚ ਬੰਦ ਆਗੂਆਂ ਦੀ ਰਿਹਾਈ ਲਈ ਡੀ ਸੀ ਦਫਤਰ ਬਠਿੰਡਾ ਅੱਗੇ ਰੱਖੇ ਸ਼ਾਂਤਮਈ ਧਰਨੇ ਨੂੰ ਰੋਕਣ ਲਈ ਪੁਲਸ ਵੱਲੋਂ ਕਿਸਾਨਾਂ 'ਤੇ ਜਬਰ ਢਾਹੁਣ ਦੀ ਕਾਰਵਾਈ ਖ਼ਿਲਾਫ਼ ਜ਼ਿਲ੍ਹੇ ਦੀਆਂ ਡੇਢ ਦਰਜਨ ਜਨਤਕ ਤੇ ਜਮਹੂਰੀ ਜਥੇਬੰਦੀਆਂ ਵੱਲੋਂ ਏ ਡੀ ਸੀ ਬਠਿੰਡਾ ਪੂਨਮ ਸਿੰਘ ਨੂੰ ਵਫਦ ਨੇ ਮਿਲ ਕੇ ਸਖ਼ਤ ਰੋਸ ਦਰਜ ਕਰਵਾਇਆ ਗਿਆ।ਆਗੂਆਂ ਨੇ ਡਿਪਟੀ ਕਮਿਸ਼ਨਰ ਦੇ ਨਾਮ ਮੰਗ ਪੱਤਰ ਸੌਂਪ ਕੇ ਪੁਲਸ ਵੱਲੋਂ ਪਿੰਡ ਜਿਉਂਦ ਵਿਖੇ ਇਕੱਠੇ ਹੋਏ ਕਿਸਾਨਾਂ 'ਤੇ ਹਮਲਾ ਕਰਨ, ਅਥਰੂ ਗੈਸ ਦੇ ਗੋਲੇ ਸੁੱਟਣ, ਪੱਥਰ ਮਾਰਨ ਤੇ ਲਾਠੀਚਾਰਜ ਕਰਕੇ ਪਿੰਡ ਮਾੜੀ ਦੇ ਕਿਸਾਨ ਦੀ ਲੱਤ ਤੋੜਨ, ਇੱਕ ਕਿਸਾਨ ਦਾ ਹੱਥ ਪਾੜਣ ਤੇ ਪਿੰਡ ਦੇ ਮਜ਼ਦੂਰ ਘਰਾਂ ਵਿੱਚ ਅਥਰੂ ਗੈਸ ਦੇ ਗੋਲੇ ਦਾਗ ਕੇ ਮਜ਼ਦੂਰ ਮੰਗਾ ਸਿੰਘ ਤੇ ਸ਼ਿੰਦਾ ਸਿੰਘ ਦੀਆਂ ਲਗਭਗ ਛੇ ਬੱਕਰੀਆਂ ਬੇਹੋਸ਼ ਕਰਨ ਵਾਲੇ ਪੁਲਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ, ਮਜ਼ਦੂਰਾਂ-ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਕਰਨ, ਜੇਲ੍ਹੀਂ ਡੱਕੇ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਤੇ ਅੱਜ ਗ੍ਰਿਫ਼ਤਾਰ ਕੀਤੇ ਕਿਸਾਨਾਂ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਕੀਤੀ ਗਈ।ਵਫ਼ਦ ਨੇ ਏ ਡੀ ਸੀ ਕੋਲ ਪੁਲਸ ਅਧਿਕਾਰੀਆਂ ਵੱਲੋਂ ਜਨਤਕ ਜਥੇਬੰਦੀਆਂ ਦੇ ਡੈਪੂਟੇਸ਼ਨ ਨੂੰ ਖੱਜਲ ਖੁਆਰ ਕਰਨ ਦਾ ਮੁੱਦਾ ਵੀ ਉਠਾਇਆ। ਇਸ ਵਫਦ ਵਿੱਚ ਪੰਜਾਬ ਖੇਤ ਮਜ਼ਦੂਰ ਯੂਨੀਅਨ ਤੋਂ ਲਛਮਣ ਸਿੰਘ ਸੇਵੇਵਾਲਾ, ਪੰਜਾਬ ਖੇਤ ਮਜ਼ਦੂਰ ਸਭਾ ਤੋਂ ਮਿੱਠੂ ਸਿੰਘ ਘੁੱਦਾ, ਜਮਹੂਰੀ ਕਿਸਾਨ ਸਭਾ ਤੋਂ ਮਲਕੀਤ ਸਿੰਘ, ਬੀ.ਕੇ.ਯੂ. ਡਕੌਂਦਾ ਧਨੇਰ ਤੋਂ ਗੁਰਦੀਪ ਸਿੰਘ ਰਾਮਪੁਰਾ, ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਤੋਂ ਕੁਲਦੀਪ ਸਿੰਘ, ਜਮਹੂਰੀ ਅਧਿਕਾਰ ਸਭਾ ਤੋਂ ਐਡਵੋਕੇਟ ਸੁਦੀਪ, ਡੀ ਟੀ ਐੱਫ ਤੋਂ ਬਲਜਿੰਦਰ ਸਿੰਘ, 1158 ਪ੍ਰੋ. ਤੇ ਲਾਇਬ੍ਰੇਰੀਅਨ ਫਰੰਟ ਤੋਂ ਜਸਕਰਨ ਸਿੰਘ, ਟੀ ਐੱਸ ਯੂ ਭੰਗਲ ਤੋਂ ਚੰਦਰ ਸ਼ਰਮਾ, ਪੀ.ਐੱਸ.ਯੂ. (ਸ਼ਹੀਦ ਰੰਧਾਵਾ) ਤੋਂ ਗੁਰਵਿੰਦਰ ਸਿੰਘ, ਪੈਨਸ਼ਨਰਜ਼ ਐਸੋਸੀਏਸ਼ਨ ਤੋਂ ਮਹਿੰਦਰਪਾਲ ਸਿੰਘ, ਪੀ.ਐੱਸ.ਯੂ. (ਲਲਕਾਰ) ਤੋਂ ਪਰਮਿੰਦਰ ਕੌਰ, ਡੀ.ਟੀ.ਐੱਫ. ਤੋਂ ਬੇਅੰਤ ਸਿੰਘ ਫੂਲੇਵਾਲਾ, ਪਲਸ ਮੰਚ ਤੋਂ ਜਗਸੀਰ ਜੀਦਾ ਆਦਿ ਆਗੂ ਹਾਜ਼ਰ ਸਨ।



## ਭਾਜਪਾ ਆਗੂ ਭਾਰਤ ਭੂਸ਼ਨ ਨੇ ਉਮੀਦਵਾਰੀ ਲਈ ਦਾਅਵੇਦਾਰੀ ਠੋਕੀ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਨਰਮ ਸੁਭਾਅ ਤੇ ਮਿਲਣਸਾਰ ਵਜੋਂ ਜਾਣੇ ਜਾਂਦੇ ਸਿਰ ਕੱਢ ਆਗੂ ਭਾਰਤ ਭੂਸ਼ਨ ਗਰਗ ਨੇ ਵਿਧਾਨ ਸਭਾ ਚੋਣਾਂ 2027 ਲਈ ਹਲਕਾ ਰਾਮਪੁਰਾ ਫੂਲ ਤੋਂ ਉਮੀਦਵਾਰੀ ਲਈ ਭਾਰਤੀਆ ਜਨਤਾ ਪਾਰਟੀ ਦੀ ਟਿਕਟ ਲਈ ਆਪਣੀ ਦਾਅਵੇਦਾਰੀ ਠੋਕੀ ਹੈ। ਭਾਰਤ ਭੂਸ਼ਣ ਗਰਗ ਸੱਤ ਸਾਲ ਮੰਡਲ ਪ੍ਰਧਾਨ, ਤਿੰਨ ਸਾਲ ਜ਼ਿਲ੍ਹਾ ਪ੍ਰਧਾਨ ਤੇ ਸਟੇਟ ਦੇ ਵੱਖ ਵੱਖ ਅਹੁਦਿਆਂ 'ਤੇ ਰਹੇ ਹਨ।ਹੁਣ ਵੀ ਪਾਰਟੀ ਅੰਦਰ ਸਰਗਰਮ ਭੂਮਿਕਾ ਨਿਭਾਅ ਰਹੇ ਹਨ।ਸ਼ਹਿਰ ਅੰਦਰ ਕੋਈ ਵੀ ਧਾਰਮਿਕ ਕੰਮ ਹੋਵੇ, ਕੋਈ ਸਮਾਜਿਕ ਕੰਮ ਹੋਵੇ ਜਾਂ ਕੋਰੋਨਾ ਕਾਲ ਹੋਵੇ, ਉਥੇ ਭੂਸ਼ਨ ਗਰਗ ਇਕ ਸੋਸ਼ਲ ਵਰਕਰ ਵਜੋਂ ਆਪਣੀ ਡਿਊਟੀ ਤਨ ਮਨ ਨਾਲ ਨਿਭਾਉਂਦੇ ਹਨ।



## ਮਾਛੀਕੇ 'ਚ ਸਿਹਤ ਬੀਮਾ ਯੋਜਨਾ ਕਾਰਡ ਬਣਾਏ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** ਪਿੰਡ ਮਾਛੀਕੇ ਵਿੱਚ ਸਿਹਤ ਬਿਮਾ ਯੋਜਨਾ ਕਾਰਡ ਵਾਲਾ ਕੈਂਪ ਲਗਾਇਆ ਗਿਆ, ਜਿਸ ਵਿੱਚ ਡਾ. ਜਗਦੇਵ ਸਿੰਘ ਬੱਬੂ ਮਾਛੀਕੇ ਸੋਸ਼ਲ ਮੀਡੀਆ ਹਲਕਾ ਇੰਚਾਰਜ ਤੇ ਸਰਪੰਚ ਜਗਮੋਹਨ ਸਿੰਘ ਅਤੇ ਯੂਥ ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਅਫ਼ਸਰ ਸਾਹਿਬਨਾਂ ਤੇ ਆਮ ਆਦਮੀ ਪਾਰਟੀ ਦੀ ਟੀਮ ਦੁਆਰਾ ਕਾਰਡ ਬਣਾਏ। ਇਸ ਮੌਕੇ ਹਲਕਾ ਇੰਚਾਰਜ ਡਾ. ਬੱਬੂ ਮਾਛੀਕੇ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਕਾਰਡ ਬਣਾ ਕੇ ਲਾਭ ਉਠਾਇਆ ਜਾਵੇ ਤੇ ਨਾਲ ਹੀ ਸਾਰੀ ਟੀਮ ਨੂੰ ਬੇਨਤੀ ਕੀਤੀ ਕਿ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹਰ ਇੱਕ ਦਾ ਕਾਰਡ ਬਣਾਇਆ ਜਾਵੇ, ਨਾਲ ਹੀ ਡਾ. ਬੱਬੂ ਮਾਛੀਕੇ ਹਲਕਾ ਇੰਚਾਰਜ ਤੇ ਸਰਪੰਚ ਜਗਮੋਹਨ ਸਿੰਘ ਤੇ ਯੂਥ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਮੁੱਖ ਮੰਤਰੀ ਪੰਜਾਬ ਤੇ ਸ੍ਰ. ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਨਿਹਾਲ ਸਿੰਘ ਵਾਲਾ ਦਾ ਧੰਨਵਾਦ ਕੀਤਾ।

## ...ਸਫ਼ਾ 1 ਦੇ ਬਾਕੀ

### ਏ ਆਈ ਡੈਟਾ ਸੈਂਟਰ ਮਾਰਨਗੇ ਤਿਹਾਏ !...

ਮੌਕੇ ਪੈਦਾ ਕਰਨਗੇ। ਉਨ੍ਹਾ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿੱਚ ਡੈਟਾ ਸੈਂਟਰ ਬਣਾਉਣ ਦਾ ਸੱਦਾ ਦਿੱਤਾ। ਦੂਜੇ ਪਾਸੇ ਮਾਹਰਾਂ ਦਾ ਕਹਿਣਾ ਹੈ ਕਿ ਡੈਟਾ ਸੈਂਟਰ ਆਟੋਮੇਟਿਡ ਹੁੰਦੇ ਹਨ ਤੇ ਰਵਾਇਤੀ ਫੈਕਟਰੀਆਂ ਨਾਲੋਂ ਇੱਥੇ ਬਹੁਤ ਘੱਟ ਬੰਦਿਆਂ ਦੀ ਲੋੜ ਹੁੰਦੀ ਹੈ। ਭਾਰਤ ਵਿੱਚ 132 ਡੈਟਾ ਸੈਂਟਰ ਹਨ ਅਤੇ 17 ਸ਼ਹਿਰਾਂ ਵਿੱਚ 2029 ਤੱਕ 84 ਹੋਰ ਬਣਨੇ ਹਨ। ਇਨ੍ਹਾਂ ਵਿੱਚੋਂ ਮਹਾਰਾਸ਼ਟਰ ਦਾ ਹਿੱਸਾ ਕਰੀਬ 45 ਫੀਸਦੀ ਹੈ। ਮੁੰਬਈ ਵਿੱਚ ਸਭ ਤੋਂ ਵੱਧ ਹਨ ਅਤੇ ਉਸ ਤੋਂ ਬਾਅਦ ਕੰਪਨੀਆਂ ਬੈਂਗਲੁਰੂ, ਹੈਦਰਾਬਾਦ, ਚੇਨਈ, ਪੁਣੇ ਤੇ ਨੋਇਡਾ ਨੂੰ ਤਰਜੀਹ ਦੇ ਰਹੀਆਂ ਹਨ। ਧਰਤੀ ਹੇਠਲੇ ਪਾਣੀਆਂ ਦੇ ਮਾਹਰ ਤੇ ਆਈ ਆਈ ਟੀ ਖੜਗਪੁਰ ਦੇ ਪ੍ਰੋਫੈਸਰ ਅਭਿਜੀਤ ਮੁਖਰਜੀ ਨੇ ਕਿਹਾ ਹੈ ਕਿ ਡੈਟਾ ਸੈਂਟਰਾਂ ਦੇ ਪਸਾਰ ਨਾਲ ਦੱਖਣੀ ਸ਼ਹਿਰ ਬੁਰੀ ਤਰ੍ਹਾਂ ਪ੍ਰਭਾਵਤ ਹੋਣਗੇ, ਕਿਉਂਕਿ ਉੱਥੇ ਬਾਕੀ ਦੇਸ਼ ਦੇ ਮੁਕਾਬਲੇ ਧਰਤੀ ਹੇਠ ਪਾਣੀ ਘੱਟ ਹੈ। ਪਰਿਆਵਰਣ ਤੇ ਊਰਜਾ ਅਧਿਅਨ ਇੰਸਟੀਚਿਊਟ ਮੁਤਾਬਕ ਦਰਮਿਆਨੇ ਆਕਾਰ ਦਾ ਡੈਟਾ ਸੈਂਟਰ ਰੋਜ਼ਾਨਾ ਕਰੀਬ ਤਿੰਨ ਲੱਖ ਗੈਲਨ (11,35,623.5 ਲੀਟਰ) ਪਾਣੀ ਖਪਾਏਗਾ। ਪਾਣੀ ਸੰਭਾਲ 'ਤੇ ਕੰਮ ਕਰਨ ਵਾਲੇ ਰੈਮੋਨ ਮੈਗਸੇਸੇ ਐਵਾਰਡ ਜੇਤ ਰਜਿੰਦਰ ਸਿੰਘ ਦਾ ਕਹਿਣਾ ਹੈ, 'ਮੈਂ 30 ਸਾਲਾਂ ਤੋਂ ਦੁਨੀਆ ਨੂੰ ਇਹ ਸਮਝਣ ਲਈ ਜ਼ੋਰ ਦੇ ਰਿਹਾ ਹਾਂ ਕਿ ਪਾਣੀ ਦੀ ਕਿੱਲਤ ਅਗਲੇ ਸਭ ਤੋਂ ਵੱਡੇ ਸੰਸਾਰ ਟਕਰਾਅ ਦਾ ਪੜੁੱਲ ਬਣੇਗੀ। ਏ ਆਈ ਤੇਜ਼ੀ ਨਾਲ ਉੱਧਰ ਲਿਜਾ ਰਹੀ ਹੈ। ਪਿਛਲੇ 60 ਸਾਲਾਂ ਵਿੱਚ ਅਸੀਂ ਕਾਵੇਰੀ ਨਦੀ ਝਗੜੇ ਦਾ ਹੱਲ ਨਹੀਂ ਲੱਭ ਸਕੇ। ਬੇਂਗਲੁਰੂ ਤੇ ਹੈਦਰਾਬਾਦ ਵਰਗੇ ਸ਼ਹਿਰਾਂ ਵਿੱਚ ਡੈਟਾ ਸੈਂਟਰਾਂ ਦੀ ਕਾਇਮੀ ਨਾਲ ਪਾਣੀ ਦੀ ਵੰਡ ਬਾਰੇ ਅੰਤਰਰਾਜੀ ਝਗੜਾ ਹੋਰ ਵਧੇਗਾ।' 'ਨਿਊ ਯਾਰਕ ਟਾਈਮਜ਼' ਨੇ ਪਿਛਲੇ ਸਾਲ ਨਵੰਬਰ ਵਿੱਚ ਸੁਰਖੀ ਲਾਈ ਸੀ 'ਏ ਆਈ ਦੀ ਧੁੰਮ ਅਮਰੀਕੀ ਅਰਥਾਰੇ ਨੂੰ ਮਜ਼ਬੂਤ ਕਰ ਰਹੀ ਹੈ'। ਸੁਰਖੀ ਦਾ ਦੂਜਾ ਹਿੱਸਾ ਸੀ 'ਜੇ ਪੁੱਠੀ ਪਈ ਤਾਂ ਫਿਰ ਕੀ ਹੋਵੇਗਾ ? '

### ਬੱਚੇ ਮੈਦਾਨ 'ਚ ਮੁੜ੍ਹਕਾ ਵਹਾਉਣਗੇ...

ਮਾਨ ਨੇ ਕਿਹਾ ਕਿ ਖੇਡਾਂ ਨਸ਼ਿਆਂ ਦੇ ਖਾਤਮੇ ਦਾ ਸਭ ਤੋਂ ਘਾਤਕ ਹਥਿਆਰ ਹਨ ਅਤੇ ਸੂਬਾ ਸਰਕਾਰ ਸੂਬੇ ਦੇ ਆਉਣ ਵਾਲੇ ਬਜਟ ਵਿੱਚ ਖੇਡਾਂ ਦੇ ਬਜਟ ਵਿੱਚ ਵਾਧਾ ਕਰੇਗੀ। ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਪੰਜਾਬ ਅੱਜ ਖੇਡਾਂ ਵਿੱਚ ਦੇਸ਼ ਦੀ ਅਗਵਾਈ ਕਰ ਰਿਹਾ ਹੈ ਅਤੇ ਮੁੱਖ ਭਾਰਤੀ ਟੀਮਾਂ ਦੇ ਕਪਤਾਨ ਪੰਜਾਬ ਤੋਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਤੀਜੇ ਸਾਲ ਕਿਲ੍ਹਾ ਰਾਏਪੁਰ ਦੇ ਗਰੇਵਾਲ ਸਟੇਡੀਅਮ ਵਿਖੇ ਪੇਂਡੂ ਓਲੰਪਿਕ 2026 ਕਰਵਾਈ ਜਾ ਰਹੀ ਹੈ। ਇਸ ਮੇਲੇ ਦਾ ਮੁੱਖ ਆਕਰਸ਼ਣ ਬੈਲ ਗੱਡੀਆਂ ਦੀਆਂ ਦੌੜਾਂ 12 ਸਾਲਾਂ ਦੇ ਅੰਤਰਾਲ ਤੋਂ ਬਾਅਦ ਮੁੜ ਸੁਰਜੀਤ ਹੋਈਆਂ ਹਨ

ਕਿਲ੍ਹਾ ਰਾਏਪੁਰ ਦੇ ਵਾਸੀਆਂ ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਮਾਨ ਨੇ ਕਈ ਵਿਕਾਸ ਪ੍ਰੋਜੈਕਟਾਂ ਦਾ ਐਲਾਨ ਕੀਤਾ। ਉਨ੍ਹਾ ਕਿਹਾ ਕਿ ਪਿੰਡ ਦੀ ਫਿਰਨੀ ਵਾਲੀ ਸੜਕ ਨੂੰ 1.5 ਕਰੋੜ ਰੁਪਏ ਦੀ ਲਾਗਤ ਨਾਲ ਚੌੜਾ ਕੀਤਾ ਜਾਵੇਗਾ, ਪਿੰਡ ਦੀ ਸਹਿਕਾਰੀ ਸਭਾ ਨੂੰ ਮੁੜ ਸੁਰਜੀਤ ਕੀਤਾ ਜਾਵੇਗਾ, ਪਿੰਡ ਦੇ ਅੱਠ ਏਕੜ ਵਿੱਚ ਫੈਲੇ ਛੱਪੜ ਨੂੰ 95 ਲੱਖ ਰੁਪਏ ਦੀ ਲਾਗਤ ਨਾਲ ਸੀਚੇਵਾਲ ਮਾਡਲ 'ਤੇ ਵਿਕਸਤ ਕੀਤਾ ਜਾਵੇਗਾ, ਪਿੰਡ ਦੀ ਲਾਇਬ੍ਰੇਰੀ ਨੂੰ 10 ਲੱਖ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਜਾਵੇਗਾ ਅਤੇ ਸਿਕਸ-ਏ-ਸਾਈਡ ਹਾਕੀ ਐਸਟ੍ਰੋਟਰਫ ਦੇ ਨਿਰਮਾਣ 'ਤੇ 2 ਕਰੋੜ ਰੁਪਏ ਖਰਚ ਕੀਤੇ ਜਾਣਗੇ। ਸਟੇਡੀਅਮ ਵਿੱਚ ਫਲੱਡ ਲਾਈਟਾਂ ਲਗਾਈਆਂ ਜਾਣਗੀਆਂ। ਡੇਹਲੋਂ ਤੋਂ ਪੱਖੋਵਾਲ ਸੜਕ ਦਾ 30 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤਾ ਜਾਵੇਗਾ ਅਤੇ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ।ਇਸ ਮੌਕੇ 'ਆਪ' ਦੇ ਸੀਨੀਅਰ ਨੇਤਾ ਅਤੇ ਪੰਜਾਬ ਦੇ ਪਾਰਟੀ ਇੰਚਾਰਜ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਤੇ ਤਰੁਣਪ੍ਰੀਤ ਸਿੰਘ ਸੌਂਦ ਅਤੇ ਹੋਰ ਸ਼ਖਸੀਅਤਾਂ ਮੌਜੂਦ ਸਨ।


### ਉੱਤਰ ਰੇਲਵੇ
### ਈ-ਨਿਵਿਦਾ ਸੂਚਨਾ

ਨਿਵਿਦਾ ਨੰਬਰ:-:- 234-2025-26-ADEN-I-ASR ਤਾਰੀਕ : 18.02.2026

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 12.03.2026 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 17.02.2026 | 26.02.2026 | 12.03.2026 15:00 ਵਜੇ |

| ਲ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1 | 234-2025-26-ADEN-I-ASR | ਸਹਾਇਕ ਮੰਡਲ ਇੰਜੀਨੀਅਰ -ਫਸਟ/ਅੰਮ੍ਰਿਤਸਰ ਦੇ ਤਹਿਤ ਵੇਰਵਾ-ਡੇਰਾ ਬਾਬਾ ਨਾਨਕ ਸੈਕਸ਼ਨ ਉਤੇ ਮਾਨਵਯੁਕਤ ਲੇਵਲ ਕ੍ਰਾਸਿੰਗ ਨੰਬਰ ਏ-5 ਉਤੇ 5.0 ਮੀਟਰ x 5.0 ਮੀਟਰ ਦੇ ਅੰਦਰੂਨੀ ਆਕਾਰ ਵਾਲੇ ਸੀਮਿਤ ਉਚਾਈ ਦੇ ਸਬਵੇ ਦੀ ਉਸਾਰੀ ਧੱਕਾ ਸਿਸਟਮ ਦੁਆਰਾ ਕੀਤਾ ਜਾਣਾ ਹੈ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 6,35,51,860.76 | 4,67,800.00 | 60 ਦਿਨ | 12 ਮਹੀਨੇ |
| | ਸਮਾਨ ਨੇਚਰ ਦਾ ਕੰਮ: "ਬਾਕਸ ਪੁਸ਼ਿੰਗ/ਪਾਈਪ ਪੁਸ਼ਿੰਗ ਵਿਧੀ ਦੁਆਰਾ ਪੁਲ/ਸੀਮਿਤ ਉਚਾਈ ਵਾਲੀ ਸਬਵੇ ਦੀ ਉਸਾਰੀ" | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

550/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

20-Feb-PAGE-3.qxd 2/19/2026 10:59 PM Page 1



# ਟਰਾਲੇ ਤੇ ਟਿੱਪਰ ਦੀ ਟੱਕਰ 'ਚ ਟਰਾਲਾ ਚਾਲਕ ਦੀ ਮੌਤ

**ਗੁਰਦਾਸਪੁਰ (ਜਨਕ ਮਹਾਜਨ)**
ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ 'ਤੇ ਪੈਂਦੇ ਪਿੰਡ ਨਵਾਂ ਸ਼ਾਲਾ ਸਥਿਤ ਸਰਪੰਚ ਢਾਬੇ ਨਜ਼ਦੀਕ ਸੀਮੇਂਟ ਨਾਲ ਭਰੇ ਟਰਾਲਾ ਤੇ ਮਿੱਟੀ ਨਾਲ ਭਰੇ



ਟਿੱਪਰ ਦੀ ਲਗਭਗ ਰਾਤ ਕਰੀਬ 12.30 ਵਜੇ ਭਿਆਨਕ ਸਿੱਧੀ ਟੱਕਰ ਵਿਚ ਟਰਾਲਾ ਚਾਲਕ ਦੀ ਮੌਕੇ 'ਤੇ ਮੌਤ ਤੇ ਟਿੱਪਰ ਡਰਾਈਵਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਸ਼ਾਲਾ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਮ੍ਰਿਤਕ ਡਰਾਈਵਰ ਤੇ ਜ਼ਖਮੀ ਨੂੰ ਸਰਕਾਰੀ ਹਸਪਤਾਲ ਗੁਰਦਾਸਪੁਰ ਪਹੁੰਚਾਇਆ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਡਰਾਈਵਰ ਦੀ ਪਛਾਣ ਜੋਗਾ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਹਰਦੋ ਬਥਵਾਲਾ ਜ਼ਿਲ੍ਹਾ ਗੁਰਦਾਸਪੁਰ ਵਜੋਂ ਹੋਈ ਹੈ। ਥਾਣਾ ਮੁਖੀ ਪੁਰਾਣਾ ਸ਼ਾਲਾ ਕੁਲਵਿੰਦਰ ਸਿੰਘ ਅਤੇ ਸੜਕ ਸੁਰੱਖਿਆ ਫੋਰਸ ਦੇ ਸਾਂਝੇ ਯਤਨਾਂ ਨਾਲ ਸੜਕ 'ਤੇ ਜੇ.ਸੀ.ਬੀ. ਮਸ਼ੀਨ ਲਗਾ ਕੇ ਨੁਕਸਾਨੇ ਵਾਹਨਾਂ ਨੂੰ ਸਾਈਡ 'ਤੇ ਕਰਕੇ ਆਵਾਜਾਈ ਬਹਾਲ ਕੀਤੀ ਗਈ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਐਡਵੋਕੇਟ ਸੁੱਚਾ ਸਿੰਘ ਮੁਲਤਾਨੀ ਨੇ ਦੱਸਿਆ ਕਿ ਗੁਰਦਾਸਪੁਰ-ਮੁਕੇਰੀਆਂ ਸੜਕ ਤੋਂ ਨਿੱਤ ਵੱਡੀ ਗਿਣਤੀ ਵਿਚ ਵਾਹਨ ਗੁਜ਼ਰਦੇ ਹਨ ਅਤੇ ਸੜਕ ਦੀ ਚੌੜਾਈ ਘੱਟ ਹੋਣ ਕਰਕੇ ਨਿੱਤ ਹਾਦਸੇ ਵਾਪਰਨ ਨਾਲ ਜਾਨੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਪਾਸੋਂ ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ ਨੂੰ ਦੋਹਰਾ ਕਰਨ ਦੀ ਮੰਗ ਕੀਤੀ ਹੈ।

# ਖੇਤੀ ਨੂੰ ਹੋਰ ਲਾਹੇਵੰਦ ਬਣਾਉਣ ਲਈ ਵਿਗਿਆਨਕ ਸਲਾਹਕਾਰ ਕਮੇਟੀ ਵੱਲੋਂ ਵਿਚਾਰਾਂ



**ਮਜੀਠਾ (ਸੋਇਮ ਆਨੰਦ)**- ਖੇਤੀਬਾੜੀ ਨੂੰ ਵਧੇਰੇ ਲਾਭਕਾਰੀ ਬਣਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀਆਂ ਵਿਗਿਆਨਕ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਦੇ ਮਕਸਦ ਨਾਲ ਕੇਵੀਕੇ ਨਾਗਕਲਾਂ (ਕਿਸਾਨ ਵਿਗਿਆਨ ਕੇਂਦਰ) ਵਿਖੇ ਵਿਗਿਆਨਕ ਸਲਾਹਕਾਰ ਕਮੇਟੀ ਦੀ ਵਿਸ਼ੇਸ਼ ਮੀਟਿੰਗ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਡਾ. ਮਖਣ ਸਿੰਘ ਭੁੱਲਰ, ਨਿਰਦੇਸ਼ਕ ਪਸਾਰ ਸਿੱਖਿਆ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਕੀਤੀ।ਡਾ. ਬਿਕਰਮਜੀਤ ਸਿੰਘ, ਸਹਿਯੋਗੀ ਨਿਰਦੇਸ਼ਕ, ਕੇ ਵੀ ਕੇ ਅੰਮ੍ਰਿਤਸਰ ਨੇ ਮਹਿਮਾਨਾਂ ਨੂੰ ਕੇਂਦਰ ਦੇ ਪ੍ਰਦਰਸ਼ਨੀ ਪਲਾਟਾਂ ਅਤੇ ਵੱਖ-ਵੱਖ ਯੂਨਿਟਾਂ ਦਾ ਦੌਰਾ ਕਰਵਾਇਆ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਮੁਖੀਆਂ, ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਸ਼ੁਰੂਆਤ ਡਾ. ਰਮਿੰਦਰ ਕੌਰ, ਪ੍ਰੋਫੈਸਰ, ਕੇ ਵੀ ਕੇ ਅੰਮ੍ਰਿਤਸਰ ਨੇ ਸਵਾਗਤੀ ਭਾਸ਼ਣ ਨਾਲ ਕੀਤੀ। ਡਾ. ਬਿਕਰਮਜੀਤ ਸਿੰਘ ਨੇ 2025 ਦੀ ਪ੍ਰਗਤੀ ਰਿਪੋਰਟ ਪੇਸ਼ ਕੀਤੀ ਅਤੇ ਨਾਗਕਲਾਂ ਕੇਂਦਰ ਵੱਲੋਂ ਲਗਾਏ ਸਿਖਲਾਈ ਕੋਰਸਾਂ, ਖੇਤੀ ਤਜਰਬਿਆਂ ਅਤੇ ਪ੍ਰਦਰਸ਼ਨੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਡਾ. ਮਖਣ ਸਿੰਘ ਭੁੱਲਰ ਨੇ ਸਬੰਧਿਤ ਵਿਭਾਗਾਂ ਦੇ ਸਹਿਯੋਗ ਨਾਲ ਕਾਰਜ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਮਹੱਤਵਪੂਰਨ ਸੁਝਾਅ ਦਿੱਤੇ। ਅਗਾਂਹਵਧੂ ਕਿਸਾਨ ਸਤਿੰਦਰ ਸਿੰਘ, ਲਖਵਿੰਦਰ ਸਿੰਘ, ਚਰਨਜੀਤ ਸਿੰਘ, ਗੁਰਪਾਲ ਸਿੰਘ ਆਦਿ ਨੇ ਆਪਣੇ ਤਜਰਬੇ ਸਾਂਝੇ ਕੀਤੇ। ਵੱਖ-ਵੱਖ ਵਿਭਾਗਾਂ ਜਿਵੇਂ ਖੇਤੀਬਾੜੀ, ਕਿਸਾਨ ਭਲਾਈ, ਡੇਅਰੀ ਵਿਕਾਸ, ਬਾਗਬਾਨੀ ਤੇ ਪਸ਼ੂ ਪਾਲਣ ਦੇ ਨੁਮਾਇੰਦਿਆਂ ਨੇ ਕੇਂਦਰ ਦੀਆਂ ਗਤੀਵਿਧੀਆਂ ਦੀ ਸ਼ਲਾਘਾ ਕੀਤੀ। ਮੀਟਿੰਗ ਦੀ ਸਮਾਪਤੀ 'ਤੇ ਡਾ. ਪਰਵਿੰਦਰ ਸਿੰਘ, ਮੁਖੀ ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ ਨੇ ਸਾਰੇ ਸ਼ਾਮਲ ਮੈਂਬਰਾਂ ਦਾ ਧੰਨਵਾਦ ਕੀਤਾ।

# ਈ ਟੀ ਓ ਨੇ ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ 5-5 ਲੱਖ ਰੁਪਏ ਦੇ ਚੈੱਕ ਵੰਡੇ

**ਜੰਡਿਆਲਾ ਗੁਰੂ/ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**
ਸੂਬੇ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਜੰਡਿਆਲਾ ਗੁਰੂ ਸਥਿਤ ਆਪਣੇ ਦਫ਼ਤਰ ਵਿਖੇ ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ 5-5 ਲੱਖ ਰੁਪਏ ਦੀ ਵਿਸ਼ੇਸ਼ ਇਨਾਮੀ ਗ੍ਰਾਂਟ ਦੇ ਚੈੱਕ ਵੰਡੇ। ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਸੁਜਾਣ ਸਿੰਘ ਵਾਲਾ, ਰੱਖ ਮਾਨਾਂਵਾਲਾ, ਵਡਾਲਾ ਭੋਗਰ, ਮਲਕਪੁਰ, ਭਗਵਾਨਪੁਰਾ, ਚੋਹਾਨ, ਮੱਲੀਆਂ, ਭੰਗੀ ਸਾਹਿਬ, ਨਿੱਜਰਪੁਰਾ, ਕੋਹਾਲਾ, ਮੀਰਾਂਚੱਕ, ਕੋਹਾਟਵਿੰਡ ਮੁਸਲਮਾਨਾਂ, ਕੋਟ ਹਿਯਾਤ, ਜੀਵਨ ਪੰਧੇਰ, ਸ਼ਾਹਪੁਰ ਖੁਰਦ, ਚਰਨ ਸਿੰਘ ਵਾਲਾ, ਰਾਏਪੁਰ ਖੁਰਦ, ਨੰਗਲੀ, ਨਵੀਂ ਨੰਗਲੀ, ਨੰਗਲੀ ਖੁਰਦ, ਜਲਾਲ, ਉਸਮਾਂ, ਦਿਆਲਗੜ੍ਹ, ਪੱਕਾ, ਖੱਬੇ ਰਾਜਪੂਤਾਂ ਪਿੰਡਾਂ ਦੀਆਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ 5-5 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦਿੱਤੀ ਗਈ।ਇਸ ਮੌਕੇ ਪੰਚਾਇਤੀ ਨੁਮਾਇੰਦਿਆਂ ਨਾਲ ਗੱਲ ਕਰਦਿਆਂ ਕੈਬਨਿਟ ਮੰਤਰੀ ਈ.ਟੀ.ਓ. ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿੰਡਾਂ ਵਿੱਚ ਭਾਈਚਾਰਕ ਸਾਂਝ ਅਤੇ ਇੱਕਜੁਟਤਾ ਨੂੰ ਮਜ਼ਬੂਤ ਕਰਨ ਲਈ ਇਹ ਐਲਾਨ ਕੀਤਾ ਸੀ ਕਿ ਜੋ ਪਿੰਡ ਆਪਣੀ ਪੰਚਾਇਤ ਨੂੰ ਸਰਬਸੰਮਤੀ ਨਾਲ ਚੁਣਨਗੇ ਉਨ੍ਹਾਂ



ਪਿੰਡਾਂ ਨੂੰ ਰਾਜ ਸਰਕਾਰ ਵੱਲੋਂ 5 ਲੱਖ ਰੁਪਏ ਦੀ ਵਿਸ਼ੇਸ਼ ਇਨਾਮੀ ਗ੍ਰਾਂਟ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਆਪਣਾ ਵਾਅਦਾ ਨਿਭਾਉਂਦਿਆਂ ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ 5-5 ਲੱਖ ਰੁਪਏ ਵਿਸ਼ੇਸ਼ ਤੌਰ 'ਤੇ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਗ੍ਰਾਂਟ ਪਿੰਡਾਂ ਵਿੱਚ ਗਲੀਆਂ-ਨਾਲੀਆਂ, ਸਾਫ਼-ਸਫ਼ਾਈ, ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸੁਵਿਧਾਵਾਂ ਦੇ ਵਿਕਾਸ ਲਈ ਵਰਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਅਗਾਮੀ ਬਜਟ ਦੌਰਾਨ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦਾ ਵੱਡਾ ਬਜਟ ਰੱਖਿਆ ਜਾ ਰਿਹਾ ਹੈ ਅਤੇ ਸੂਬੇ ਦਾ ਕੋਈ ਵੀ ਪਿੰਡ ਤੇ ਸ਼ਹਿਰ ਵਿਕਾਸ ਪੱਖੋਂ ਅਧੂਰਾ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਹੈ, ਜਿਥੇ ਮੁਫ਼ਤ ਸਿੱਖਿਆ, ਮੁਫ਼ਤ ਬਿਜਲੀ, ਮੁਫ਼ਤ ਸਿਹਤ ਸਹੂਲਤਾਂ ਅਤੇ ਮੁਫ਼ਤ ਯਾਤਰਾ ਵਰਗੀਆਂ ਸੁਵਿਧਾਵਾਂ ਲੋਕਾਂ ਨੂੰ ਮਿਲਦੀਆਂ ਹਨ। ਇਸ ਮੌਕੇ ਇਲਾਕੇ ਦੇ ਪ੍ਰਮੁੱਖ ਆਗੂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

# ਜਸਕਰਨ ਸਿੰਘ ਲੈਹਲ ਨੇ ਸੋਸਾਇਟੀ ਨੂੰ 25 ਹਜ਼ਾਰ ਦਾ ਚੈੱਕ ਭੇਟ ਕੀਤਾ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**
ਰੋਟਰੀ ਆਈ ਬੈਂਕ ਅਤੇ ਕੌਰਨੀਅਲ ਟਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਹਾਲ ਹੀ ਵਿੱਚ ਕੌਰਨੀਅਲ ਬਲਾਈਂਡਨੈੱਸ ਨਾਲ ਪੀੜਤ ਇੱਕ ਵਿਅਕਤੀ ਦਾ ਕੌਰਨੀਆ ਟਰਾਂਸਪਲਾਂਟ ਸਫਲਤਾਪੂਰਵਕ ਕਰਨ ਉਪਰੰਤ ਇਕ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਜਸਕਰਨ ਸਿੰਘ ਲੈਹਲ (ਕੈਨੇਡਾ) ਵੀ ਸ਼ਾਮਲ ਹੋਏ। ਸਮਾਰੋਹ ਦੌਰਾਨ ਪ੍ਰਧਾਨ ਜੇ. ਬੀ. ਬਹਿਲ ਨੇ ਨੇਤਰਦਾਨ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਵਿਅਕਤੀ ਵੱਲੋਂ ਦਾਨ ਕੀਤੀਆਂ ਅੱਖਾਂ ਦੋ



ਹਨ੍ਹੇਰੀ ਜ਼ਿੰਦਗੀ ਜੀ ਰਹੇ ਵਿਅਕਤੀਆਂ ਦੀ ਜ਼ਿੰਦਗੀ ਨੂੰ ਰੌਸ਼ਨ ਕਰਦਿਆਂ ਹਨ। ਕਿਉਕੇ ਕਾਰਨਿਆ (ਪੁਤਲੀ) ਦੀ ਕਲੇਕਸ਼ਨ ਘੱਟ ਹੋਣ ਕਰਕੇ ਦੇਸ਼ ਵਿੱਚ ਕੌਰਨੀਅਲ ਬਲਾਈਂਡਨੈੱਸ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ ਅਜੇ ਵੀ ਕਾਫ਼ੀ ਵੱਧ ਹੈ। ਉਨ੍ਹਾਂ ਨੇ ਸਭ ਨੂੰ ਅਪੀਲ ਕੀਤੀ ਕਿ ਅਸੀਂ ਮਰਨੋਂਪਰਾਂਤ ਨੇਤਰਦਾਨ ਕਰਨ ਲਈ ਪ੍ਰਣ ਪੱਤਰ ਭਰੀਏ ਅਤੇ ਆਪਣੇ ਰਿਸ਼ਤੇਦਾਰਾਂ, ਦੋਸਤਾਂ ਅਤੇ ਹੋਰ ਜਾਣ-ਪਹਿਚਾਣ ਵਾਲਿਆਂ ਨੂੰ ਵੀ ਇਸ ਬਾਰੇ ਜਾਗਰੂਕ ਕਰੀਏ। ਇਸ ਮੌਕੇ ਜਸਕਰਨ ਸਿੰਘ ਲੈਹਲ ਨੇ ਸੋਸਾਇਟੀ ਦੇ ਕੰਮਾਂ ਦੀ ਭਰਪੂਰ ਸਰਾਹਨਾ ਕਰਦਿਆਂ ਕਿਹਾ ਕਿ ਕਿਸੇ ਦੀ ਹਨ੍ਹੇਰੀ ਜ਼ਿੰਦਗੀ ਵਿੱਚ ਰੌਸ਼ਨੀ ਲਿਆਉਣਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਉਨ੍ਹਾਂ ਨੇ ਸੋਸਾਇਟੀ ਦੇ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ 25,000 ਰੁਪਏ ਦੀ ਦਾਨ ਰਕਮ ਦਾ ਚੈੱਕ ਵੀ ਭੇਟ ਕੀਤਾ। ਉਨ੍ਹਾਂ ਇਹ ਵੀ ਭਰੋਸਾ ਦਿਵਾਇਆ ਕਿ ਉਹ ਅੱਗੇ ਵੀ ਸੋਸਾਇਟੀ ਨੂੰ ਪੂਰਾ ਸਹਿਯੋਗ ਦਿੰਦੇ ਰਹਿਣਗੇ। ਇਸ ਸਮਾਰੋਹ ਵਿੱਚ ਡਾ. ਤਰਸੇਮ ਸਿੰਘ (ਚੇਅਰਮੈਨ ਬਾਡੀ ਡੋਨੇਸ਼ਨ), ਮਦਨ ਲਾਲ ਮਹਾਜਨ, ਅਸ਼ਵਨੀ ਕੁਮਾਰ ਦੱਤਾ, ਦਰਵਜੀਤ ਸਿੰਘ, ਲਖਵਿੰਦਰ ਕੁਮਾਰ, ਓਂਕਾਰ ਸਿੰਘ ਚਹਿਲਪੁਰੀ, ਹਰਿਕਿਸ਼ਨ ਗੈਂਗਰ, ਜਗਦੀਸ਼ ਰਾਏ, ਸੁਰਿੰਦਰ ਸਿੰਘ, ਹੈਪੀ ਅਤੇ ਹੋਰ ਪ੍ਰਮੁੱਖ ਸੱਜਣ ਵੀ ਮੌਜੂਦ ਸਨ।

# ਮਹਾਸ਼ਿਵਰਾਤਰੀ ਮੌਕੇ ਵਿਸ਼ੇਸ਼ ਧਾਰਮਿਕ ਸਮਾਗਮ

**ਗੁਰਦਾਸਪੁਰ, (ਦਿਨੇਸ਼ ਕੁਮਾਰ)**
ਮਹਾਸ਼ਿਵਰਾਤਰੀ ਦੇ ਸ਼ੁੱਭ ਮੌਕੇ ਸ੍ਰੀ ਬ੍ਰਾਹਮਣ ਸਭਾ ਗੁਰਦਾਸਪੁਰ ਨੇ ਸਭਾ ਦੇ ਪ੍ਰਧਾਨ ਮੁਕੇਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਸ੍ਰੀ ਬ੍ਰਾਹਮਣ ਭਵਨ, ਗੁਰਦਾਸਪੁਰ ਵਿਖੇ ਇੱਕ ਵਿਸ਼ੇਸ਼ ਧਾਰਮਿਕ ਸਮਾਰੋਹ ਦਾ ਆਯੋਜਨ ਕੀਤਾ। ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਰਮੇਸ਼ ਕੁਮਾਰ ਮੋਹਨ ਆਪਣੀ ਪਤਨੀ ਬ੍ਰਿਜ ਬਾਲਾ ਜਦੋਂ ਕਿ ਅਮਰਜੀਤ ਸ਼ਰਮਾ ਆਪਣੀ ਪਤਨੀ ਅਨੂ ਸ਼ਰਮਾ ਨਾਲ ਸ਼ਾਮਲ ਹੋਏ । ਸਮਾਰੋਹ ਦੀ ਸ਼ੁਰੂਆਤ ਹਵਨ ਯੱਗ ਨਾਲ ਹੋਈ, ਜਿਸ ਵਿੱਚ ਮੁੱਖ ਮਹਿਮਾਨ ਸਮੇਤ ਸਾਰੇ ਅਹੁਦੇਦਾਰਾ ਨੇ ਹਿੱਸਾ ਲਿਆ ਅਤੇ



ਵਿਸ਼ਵ ਸ਼ਾਂਤੀ ਲਈ ਭੇਟਾਂ ਚੜ੍ਹਾਈਆਂ। ਇਸ ਮੌਕੇ 11 ਆਰਥਿਕ ਤੌਰ 'ਤੇ ਪਛੜੇ ਪਰਵਾਰਾਂ ਨੂੰ ਸਹਾਇਤਾ ਦੇ ਰੂਪ ਵਿਚ ਰਾਸ਼ਨ ਪ੍ਰਦਾਨ ਕੀਤਾ ਗਿਆ। ਮੁੱਖ ਮਹਿਮਾਨ ਰਮੇਸ਼ ਕੁਮਾਰ ਸ਼ਰਮਾ ਨੇ ਕਿਹਾ ਕਿ ਸ੍ਰੀ ਬ੍ਰਾਹਮਣ ਸਭਾ ਗੁਰਦਾਸਪੁਰ ਵੱਲੋਂ ਸਮਾਜ ਦੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਦਿੱਤੀ ਜਾ ਰਹੀ ਸਹਾਇਤਾ ਸ਼ਲਾਘਾਯੋਗ ਹੈ । ਉਨ੍ਹਾਂ ਸਾਰਿਆਂ ਨੂੰ ਇਕੱਠੇ ਹੋਣ ਅਤੇ ਸਮਾਜ ਦੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਪੂਰਾ ਸਮਰਥਨ ਦੇਣ ਅਤੇ ਉਨ੍ਹਾਂ ਦੀ ਹਰ ਸੰਭਵ ਮਦਦ ਕਰਨ ਦੀ ਅਪੀਲ ਕੀਤੀ। ਵਿਸ਼ੇਸ਼ ਮਹਿਮਾਨ ਅਮਰਜੀਤ ਸ਼ਰਮਾ ਨੇ ਭਵਿੱਖ ਵਿੱਚ ਸ੍ਰੀ ਬ੍ਰਾਹਮਣ ਸਭਾ ਨੂੰ ਆਪਣਾ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ। ਸਭਾ ਦੇ ਪ੍ਰਧਾਨ ਮੁਕੇਸ਼ ਸ਼ਰਮਾ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਭਵਿੱਖ ਵਿਚ ਸਭਾ ਸਾਰੇ ਧਾਰਮਿਕ ਸਮਾਗਮਾਂ ਨੂੰ ਸਫਲਤਾਪੂਰਵਕ ਆਯੋਜਿਤ ਕਰੇਗੀ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਵਾਰਾਂ ਨੂੰ ਵੱਧ ਤੋਂ ਵੱਧ ਸਹਾਇਤਾ ਪ੍ਰਦਾਨ ਕਰੇਗੀ। ਇਸ ਸਮਾਗਮ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਗਣੇਸ਼ ਦੱਤ ਸ਼ਾਸਤਰੀ ਨੇ ਕੀਤਾ। ਸਮਾਗਮ ਦੇ ਅੰਤ ਵਿੱਚ ਲੰਗਰ ਵੰਡਿਆ ਗਿਆ। ਇਸ ਸਮੇਂ ਪ੍ਰੋਜੈਕਟ ਇੰਚਾਰਜ ਵਰਿੰਦਰ ਕੁਮਾਰ ਮਟੀ, ਉਪ ਪ੍ਰਧਾਨ ਕੁਲਦੀਪ ਸ਼ਰਮਾ, ਰਜਨੀਸ਼ ਮਹੰਤ, ਮਨੋਜ ਰੈਨਾ, ਅਨੁਜ ਸ਼ਰਮਾ, ਸਾਬਕਾ ਪ੍ਰਧਾਨ ਕਮਲਜੀਤ ਸ਼ਰਮਾ, ਸਾਬਕਾ ਪ੍ਰਧਾਨ ਅਰੁਣ ਸ਼ਰਮਾ, ਸ਼ਿਆਮ ਲਾਲ ਸ਼ਰਮਾ, ਯੋਗਰਾਜ ਮਨਸੋਤਰਾ, ਮਨੋਜ ਗੌਤਮ, ਵਿਜੇ ਭਨੋਟ, ਅਸ਼ੋਕ ਸ਼ਰਮਾ, ਦਵਿੰਦਰ ਸ਼ਰਮਾ, ਦਿਨੇਸ਼ ਚੰਦਰ ਡੀਸੀ, ਅਗਿਆ ਰਾਮ ਸ਼ਰਮਾ, ਧਰਮਪਾਲ ਸ਼ਰਮਾ, ਗੋਵਿੰਦ ਰਾਮ ਸ਼ਰਮਾ, ਸੁਨੀਲ ਸ਼ਰਮਾ, ਅਜੈ ਸ਼ਰਮਾ ਅਤੇ ਹੋਰ ਵੀ ਮੌਜੂਦ ਸਨ।

# ਕਾਰਗਿਲ ਸ਼ਹੀਦ ਕੈਪਟਨ ਅਮਰਦੀਪ ਸਿੰਘ ਸਰਾ ਦੀ ਬਰਸੀ 23 ਨੂੰ

**ਮਜੀਠਾ ( ਸੋਇਮ ਆਨੰਦ)**- ਕਸਬਾ ਮਜੀਠਾ 'ਚ ਕਾਰਗਿੱਲ ਸ਼ਹੀਦ ਕੈਪਟਨ ਅਮਰਦੀਪ ਸਿੰਘ ਸਰਾ ਮਜੀਠਾ ਦੀ ਸਲਾਨਾ ਬਰਸੀ 23 ਫਰਵਰੀ ਨੂੰ ਮਨਾਈ ਜਾਵੇਗੀ। ਜਿਸ ਦੀ ਯਾਦ 'ਚ ਸ਼ਹੀਦ ਦੇ ਗ੍ਰਹਿ ਮਜੀਠਾ 'ਚ ਸ੍ਰੀ ਅਖੰਡ ਪਾਠ ਸਹਿਬ ਦੇ ਭੋਗ ਪੈਣ ਉਪਰੰਤ ਗੁਰਦੁਆਰਾ ਸੰਗਤਸਰ ਖਾਸਾਪੱਤੀ ਮਜੀਠਾ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀ ਜੱਥਿਆਂ, ਕਥਾਵਾਚਕਾਂ ਵਲੋਂ



ਕੀਰਤਨ ਤੇ ਕਥਾ ਕਰਨ ਉਪਰੰਤ ਅਰਦਾਸ ਹੋਵੇਗੀ। ਜਾਣਕਾਰੀ ਦਿੰਦਿਆਂ ਕਾਰਗਿੱਲ ਸ਼ਹੀਦ ਕੈਪਟਨ ਅਮਰਦੀਪ ਸਿੰਘ ਸਰਾ ਦੇ ਚਾਚਾ ਤੇ ਆੜਤੀਆ ਐਸੋਸੀਏਸ਼ਨ ਮਜੀਠਾ ਦੇ ਸਾਬਕਾ ਪ੍ਰਧਾਨ ਸੰਤਪ੍ਰਕਾਸ਼ ਸਿੰਘ ਮਜੀਠਾ ਨੇ ਦੱਸਿਆ ਕਿ ਸ਼ਹੀਦ ਕੈਪਟਨ ਅਮਰਦੀਪ ਸਿੰਘ ਸਰਾ ਉਨ੍ਹਾਂ ਦੇ ਵੱਡੇ ਭਰਾਤਾ ਕਰਨਲ ਗੁਰਦੀਪ ਸਿੰਘ ਸਰਾ ਦੇ ਇਕਲੌਤੇ ਪੁੱਤਰ ਸਨ ਜੋ ਭਾਰਤੀ ਫੌਜ ਦੇ 2 ਇੰਜੀਨੀਅਰ ਰੈਜਮੈਂਟ ਵਲੋਂ ਦੇਸ਼ ਦੀ ਰੱਖਿਆ ਕਰਦਿਆਂ 26 ਸਾਲ ਪਹਿਲਾਂ ਪਾਕਿਸਤਾਨ ਨਾਲ ਹੋਈ ਕਾਰਗਿਲ ਦੀ ਲੜਾਈ ਦੌਰਾਨ ਸਾਇਚਨ ਦੀਆਂ ਪਹਾੜੀਆਂ ਦੇ ਗਲੇਸ਼ੀਅਰ ਵਿਚ ਸ਼ਹੀਦ ਹੋ ਗਿਆ ਸੀ।

# ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾਈ ਕਾਨਫਰੰਸ ਦੀਆਂ ਤਿਆਰੀਆਂ ਮੁਕੰਮਲ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਜਲੰਧਰ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾਈ ਕਾਨਫਰੰਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਸਾਥੀ ਰਾਮ ਸਿੰਘ ਨੂਰਪੁਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਕੌਮੀ ਮੀਤ ਪ੍ਰਧਾਨ ਭੂਪ ਚੰਦ ਚੰਨੋ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ



ਜਥੇਬੰਦੀ ਦੇ ਜਨਰਲ ਸਕੱਤਰ ਗੁਰਮੇਸ਼ ਸਿੰਘ ਨੇ ਦੱਸਿਆ ਕਿ ਸੂਬਾਈ ਕਾਨਫਰੰਸ ਜੋ 27, 28 ਫ਼ਰਵਰੀ ਨੂੰ ਨੂਰਮਹਿਲ ਵਿੱਚ ਹੋ ਰਹੀ ਹੈ, ਦੇ ਸਬੰਧੀ ਸੂਬਾਈ ਕਮੇਟੀ ਦੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਰਿਪੋਰਟ ਪਾਸ ਕੀਤੀ ਗਈ। ਮੀਟਿੰਗ ਵਿੱਚ ਪਿਛਲੇ ਕੰਮ ਦਾ ਰੀਵਿਊ ਕੀਤਾ ਗਿਆ। ਜਥੇਬੰਦੀ ਦੀ ਮੈਂਬਰਸ਼ਿਪ ਅਤੇ ਕੇਂਦਰੀ ਬਿਲਡਿੰਗ ਫੰਡ ਦਾ ਕੋਟਾ ਅਜਲਾਸ ਤੱਕ ਪੂਰਾ ਕਰਨ ਲਈ ਵਿਸ਼ੇਸ਼ ਤੌਰ 'ਤੇ ਮਹਿਮ ਚਲਾਉਣ ਦਾ ਸੱਦਾ ਦਿੱਤਾ। ਅਜਲਾਸ ਵਿੱਚ ਲੱਗੇ ਹੋਏ ਕੋਟੇ ਮੁਤਾਬਿਕ ਡੈਲੀਗੇਟ ਲੈ ਕੇ ਆਉਣ ਦਾ ਸੱਦਾ ਦਿੱਤਾ। ਮੀਟਿੰਗ ਵਿੱਚ ਜਸਬੀਰ ਸਿੰਘ ਝਬਾਲ, ਡਾਕਟਰ ਵਿਜੇ ਘਨੌਰ, ਸਤਪਾਲ ਸਿੰਘ, ਚਾਨਣ ਸਿੰਘ, ਸੁਖਦੇਵ ਸਿੰਘ ਗੋਹਲਵੜ, ਪ੍ਰੀਤਮ ਸਿੰਘ ਪੱਟੀ, ਹੰਸਾ ਸਿੰਘ, ਧੀਰ ਸਿੰਘ, ਮਹਿੰਦਰ ਸਿੰਘ, ਰਾਜ ਰਾਣੀ, ਹਰਪਾਲ ਸਿੰਘ, ਕਿਸ਼ਨ ਕੁਮਾਰ, ਬਰਿਜਿੰਦਰ ਪੰਡਤ, ਜੋਗਿੰਦਰ ਸਿੰਘ ਬੱਧਣ ਅਤੇ ਹੋਰ ਵਰਕਰ ਹਾਜ਼ਰ ਸਨ।

# ਅੱਜ ਬਿਜਲੀ ਸਪਲਈ ਬੰਦ ਰਹੇਗੀ

**ਬਿਆਸ (ਪਰਮਜੀਤ ਸਿੰਘ ਰੱਖੜਾ)** ਐਕਸੀਅਨ ਰਾਜ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ 220 ਕੇ ਵੀ ਗਰਿਡ ਬੁਟਾਰੀ ਦੇ 11 ਕੇ ਵੀ ਬਰੇਕਰ ਨੂੰ ਪੁਰਾਣੇ ਕੰਟਰੋਲ ਰੂਮ ਵਿਚੋਂ ਨਵੇਂ ਕੰਟਰੋਲ ਰੂਮ ਵਿੱਚ ਸ਼ਿਫਟ ਕਰਨਾ ਹੈ। ਜਿਸ ਕਰਕੇ ਬਿਜਲੀ ਸਪਲਾਈ ਪ੍ਰਭਾਵਿਤ ਹੋਵੇਗੀ ਜਿਸ ਕਾਰਨ 20 ਫਰਵਰੀ ਦਿਨ ਸ਼ੁੱਕਰਵਾਰ ਅਤੇ 21 ਫਰਵਰੀ ਦਿਨ ਸ਼ਨੀਵਾਰ ਦੋ ਦਿਨ ਦੀ ਸ਼ਟ ਡਾਊਨ ਮਨਜ਼ੂਰ ਕੀਤੀ ਗਈ ਹੈ ਇਸ ਕਰਕੇ 8 ਏ ਪੀ ਫੀਡਰ ਅਤੇ 2 ਯੂ ਪੀ ਐਸ ਫੀਡਰ ਜਿਨ੍ਹਾ ਵਿੱਚ ਲੋਹਗੜ੍ਹ ਏ ਪੀ, ਗਗੜੇਵਾਲ ਏ ਪੀ, ਭੋਰਸੀ ਏ ਪੀ, ਸੰਗਤਪੁਰਾ ਏ ਪੀ, ਸਕਿਆਂਵਾਲੀ ਏ ਪੀ, ਬੁਟਾਰੀ ਯੂ ਪੀ ਐਸ, ਜੱਲੂਪੁਰ ਏ ਪੀ, ਮੱਦੇਪੁਰ ਏ ਪੀ, ਭਲਾਈਪੁਰ ਏ ਪੀ ਅਤੇ ਬਾਣੀਆਂ ਅਥਰਬਣ ਦੀ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ।

# ਤਰਕਸ਼ੀਲ ਸੁਸਾਇਟੀ ਵੱਲੋਂ 7 ਵੀਂ ਚੇਤਨਾ ਪ੍ਰੀਖਿਆ ਦੇ ਵਿਦਿਆਰਥੀਆਂ ਦਾ ਸਨਮਾਨ

**ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ)**
ਤਰਕਸ਼ੀਲ਼ ਸੁਸਾਇਟੀ ਪੰਜਾਬ ਵੱਲੋਂ ਇਨਕਲਾਬੀ ਵੀਰਾਂਗਣਾ ਗ਼ਦਰੀ ਗ਼ੁਲਾਬ ਕੌਰ ਨੂੰ ਸਮਰਪਿਤ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਜੋਨ ਅਤੇ ਇਕਾਈ ਪੱਧਰ 'ਤੇ ਅਹਿਮ ਸਥਾਨ ਹਾਸਲ ਕਰਨ ਵਾਲੇ ਸਕੂਲ ਆਫ ਐਮੀਨੈਂਸ,ਛੇਹਰਟਾ ਅੰਮ੍ਰਿਤਸਰ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।ਸਕੂਲ ਵਿੱਚ ਹੋਏ ਸਮਾਗਮ ਦੌਰਾਨ ਪ੍ਰਿੰਸੀਪਲ ਮਨਮੀਤ ਕੌਰ, ਸੂਬਾਈ ਆਗੂ ਸੁਮੀਤ ਅੰਮ੍ਰਿਤਸਰ,ਇਕਾਈ ਆਗੂਆਂ ਜਸਪਾਲ ਬਾਸਰਕੇ, ਪ੍ਰਿੰ.ਮੇਲਾ ਰਾਮ, ਦਮਨਜੀਤ ਕੌਰ, ਹਰੀ ਕ੍ਰਿਸ਼ਨ, ਸੁਰੇਸ਼ ਪਠਾਣੀਆਂ ਅਤੇ ਲੈਕਚਰਾਰ ਜਸਵੰਤ ਰਾਏ ਵੱਲੋਂ ਸਮੁੱਚੇ ਅੰਮ੍ਰਿਤਸਰ ਜੋਨ ਵਿੱਚੋਂ ਗਿਆਰਵੀਂ ਜਮਾਤ 'ਚੋਂ ਸਾਂਝੇ ਤੌਰ 'ਤੇ ਦੂਜਾ ਸਥਾਨ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨਵਪ੍ਰੀਤ ਕੌਰ ਅਤੇ ਰੇਸ਼ਮਾ ਅਤੇ ਇਕਾਈ ਪੱਧਰ 'ਤੇ ਗਿਆਰਵੀਂ ਜਮਾਤ ਚੋਂ ਪਹਿਲਾ ਸਥਾਨ ਪਲਕਜੀਤ ਕੌਰ, ਬਾਰਵੀਂ ਜਮਾਤ ਚੋਂ ਪਹਿਲਾ ਸਥਾਨ ਸਿਮਰਨ ਅਤੇ ਅੱਠਵੀਂ ਜਮਾਤ ਚੋਂ ਤੀਜਾ ਸਥਾਨ ਹਾਸਿਲ ਕਰਨ ਵਾਲੀ ਵਿਦਿਆਰਥਣ ਅਰਸ਼ਬੀਰ ਕੌਰ ਨੂੰ ਤਰਕਸ਼ੀਲ ਕਿਤਾਬਾਂ ਦਾ ਸੈੱਟ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਚੇਤਨ ਪ੍ਰੀਖਿਆ ਵਿੱਚ ਵਧੀਆ ਕਾਰਗੁਜ਼ਾਰੀ ਵਿਖਾਉਣ ਵਾਲੇ 12 ਵਿਦਿਆਰਥੀਆਂ ਨੂੰ ਵੀ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਮਨਮੀਤ ਕੌਰ ਨੇ ਤਰਕਸ਼ੀਲ ਸੁਸਾਇਟੀ ਦੇ ਉਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿੱਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਧਾਗੇ ਤਵੀਤਾਂ,ਜਨਮ ਟੇਵਿਆਂ, ਨਸ਼ਿਆਂ, ਰੂੜੀਵਾਦੀ ਰਸਮਾਂ,ਫਿਰਕਾਪ੍ਰਸਤੀ,ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ, ਡੇਰਿਆਂ ਦੇ ਝਾਂਸਿਆਂ ਤੋਂ ਬਚਣ ਅਤੇ ਜਿੰਦਗੀ ਦੀਆਂ ਸਮੱਸਿਆਵਾਂ ਦੇ ਟਾਕਰੇ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਲਈ ਵਿਦਿਅਕ ਅਦਾਰਿਆਂ ਵਿੱਚ ਸਮੇਂ ਸਮੇਂ ਉਤੇ ਅਜਿਹੀਆਂ ਵਿਗਿਆਨਕ ਚੇਤਨਾ ਪ੍ਰੀਖਿਆਵਾਂ ਬੇਹੱਦ ਜਰੂਰੀ ਹਨ । ਤਰਕਸ਼ੀਲ਼ ਆਗੂ ਸੁਮੀਤ ਅੰਮ੍ਰਿਤਸਰ ਅਤੇ ਇਕਾਈ ਆਗੂ ਜਸਪਾਲ ਬਾਸਰਕੇ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਦਾ ਸੋਚਣ ਦਾ ਢੰਗ ਵਿਗਿਆਨਕ ਬਣਾਉਣ ਦੇ ਇਲਾਵਾ ਉਨ੍ਹਾਂ ਨੂੰ ਹਰ ਤਰਾਂ ਦੇ ਵਹਿਮਾਂ ਭਰਮਾਂ,ਅੰਧਵਿਸ਼ਵਾਸਾਂ, ਸਮਾਜਿਕ ਬੁਰਾਈਆਂ ਤੋਂ ਮੁਕਤ ਕਰਕੇ ਉਨ੍ਹਾਂ ਵਿੱਚ ਨੈਤਿਕ ਕਦਰਾਂ ਕੀਮਤਾਂ,ਸਵੈ ਵਿਸ਼ਵਾਸ਼ ਅਤੇ ਸੰਘਰਸ਼ ਦੀ ਭਾਵਨਾ ਪੈਦਾ ਕਰਨਾ ਹੈ । ਤਰਕਸ਼ੀਲ਼ ਸੁਸਾਇਟੀ ਵੱਲੋਂ ਚੇਤਨਾ ਪ੍ਰੀਖਿਆ ਵਿੱਚ ਸਹਿਯੋਗ ਕਰਨ ਲਈ ਸਕੂਲ ਪ੍ਰਿੰਸੀਪਲ ਮਨਮੀਤ ਕੌਰ ਅਤੇ ਲੈਕਚਰਾਰ ਜਸਵੰਤ ਰਾਏ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਅਧਿਆਪਕ ਯੋਗ ਪਾਲ,ਕਸ਼ਮੀਰ ਸਿੰਘ ਗਿੱਲ, ਭਾਵਨਾ ਭੱਲਾ ਅਤੇ ਪ੍ਰਿੰਸ ਖੋਸਲਾ ਵੀ ਹਾਜ਼ਰ ਸਨ।

# ਜ਼ਮਾਨਤ ਮਿਲਣ 'ਤੇ ਕੰਚਨਪ੍ਰੀਤ ਕੌਰ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਹੋਏ ਨਤਮਸਤਕ

**ਸਰਾਏ ਅਮਾਨਤ ਖਾਂ, ਝਬਾਲ (ਮੱਖਣ ਮਨੋਜ)**-ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਤਰਨ ਤਾਰਨ ਦੇ ਇੰਚਾਰਜ ਬੀਬੀ ਸੁਖਵਿੰਦਰ ਕੌਰ ਰੰਧਾਵਾ ਦੀ ਧੀ ਕੰਚਨਪ੍ਰੀਤ ਕੌਰ ਜਿਨ੍ਹਾਂ ਖਿਲਾਫ ਮਾਨ ਸਰਕਾਰ ਵੱਲੋਂ ਪਿਛਲੇ ਸਮੇਂ ਵਿੱਚ ਦਰਜ ਕੀਤੇ ਝੂਠੇ ਕੇਸਾਂ ਵਿੱਚੋਂ ਅਦਾਲਤ ਵੱਲੋਂ ਰਾਹਤ ਦੇਂਦਿਆਂ ਜ਼ਮਾਨਤ ਮਿਲਣ ਉਪਰੰਤ ਹਲਕੇ ਦੇ ਅਕਾਲੀ ਵਰਕਰਾਂ ਸਮੇਤ ਮਾਝੇ ਦੇ ਇਤਿਹਾਸਕ ਅਸਥਾਨ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਨਤਮਸਤਕ ਹੋਣ ਲਈ ਪਹੁੰਚੇ।ਜਿਥੇ ਉਹਨਾਂ ਨੇ ਵਾਹਿਗੁਰੂ ਦਾ ਧੰਨਵਾਦ ਕਰਦਿਆਂ ਗੁਰੂ ਸਾਹਿਬ ਅੱਗੇ ਮੱਥਾ ਟੇਕਿਆ ਅਤੇ ਗੁਰਬਾਣੀ ਦਾ ਸ਼ਬਦ ਕੀਰਤਨ ਸਰਵਣ ਕੀਤਾ।ਇਸ ਸਮੇਂ ਅਕਾਲੀ ਆਗੂ ਕੰਚਨਪਰੀਤ ਕੌਰ ਨੂੰ ਮੈਨੇਜਰ



ਧਰਵਿੰਦਰ ਸਿੰਘ ਵੱਲੋਂ ਗੁਰੂ ਘਰ ਵੱਲੋਂ ਸਨਮਾਨਤ ਕੀਤਾ ਗਿਆ।ਗੁਰੂ ਘਰ ਵਿਖੇ ਨਤਮਸਤਕ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬਾ ਕੰਚਨਪ੍ਰੀਤ ਕੌਰ ਨੇ ਕਿਹਾ ਕਿ ਉਹ ਸਭ ਤੋਂ ਪਹਿਲਾਂ ਵਾਹਿਗੁਰੂ ਸੱਚੇ ਪਾਤਸ਼ਾਹ ਦਾ ਧੰਨਵਾਦ ਕਰਦੇ ਹਨ ਜਿਹਨਾਂ ਦੀ ਅਪਾਰ ਕਿਰਪਾ ਸਦਕਾ ਸੱਚ ਦੀ ਜਿੱਤ ਹੋਈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਦਰਜ ਕੀਤੇ ਝੂਠੇ ਕੇਸਾਂ ਵਿੱਚ ਜ਼ਮਾਨਤ ਮਿਲੀ ਹੈ।ਉਹਨਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਹਾਈਕਮਾਂਡ ਦਾ ਵੀ ਧੰਨਵਾਦ ਕਰਦੇ ਹਨ ਜਿਹੜੇ ਅਕਾਲੀ ਵਰਕਰਾਂ ਨਾਲ ਦੁੱਖ ਸੁੱਖ ਵਿੱਚ ਚਟਾਨ ਵਾਂਗ ਖੜ੍ਹੇ ਹਨ।ਇਸ ਸਮੇਂ ਉਹਨਾਂ ਨਾਲ ਅੱਡਾ ਝਬਾਲ ਤੋਂ ਸੀਨੀਅਰ ਅਕਾਲੀ ਆਗੂ ਪੂਰਨ ਸਿੰਘ ਝਬਾਲ ਚੇਅਰਮੈਨ ਗੁਰਸੇਵਕ ਸਿੰਘ ਸ਼ੇਖ, ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ, ਸਾਬਕਾ ਸਰਪੰਚ ਹਰਦਿਆਲ ਸਿੰਘ ਝਬਾਲ, ਸਰਪੰਚ ਮਨਜਿੰਦਰ ਸਿੰਘ ਐਮਾ, ਸਾਬਕਾ ਸਰਪੰਚ ਅਜਮੇਰ ਸਿੰਘ ਕਾਕਾ ਛਾਪਾ, ਸਰਪੰਚ ਸੋਨੂੰ ਬਰਾੜ ਦੋਦੇ, ਰਾਮ ਸਿੰਘ ਨਾਮਧਾਰੀ, ਮਨੋਜ ਅਗਨੀਹੋਤਰੀ, ਸਰਪੰਚ ਹਰਪ੍ਰੀਤ ਸਿੰਘ ਪੀਤਾ ਸਰਾਏ ਅਮਾਨਤ ਖਾਂ, ਮਾਨਕ ਬੰਬੇ, ਪਵਨ ਕੁੰਦਰਾ, ਪੀ ਏ ਸੰਨੀ ਸੈਰੋ, ਮੈਂਬਰ ਪੰਚਾਇਤ ਬਾਬਾ ਕੁਲਦੀਪ ਸਿੰਘ, ਮੇਜਰ ਸਿੰਘ ਭੋਲਾ, ਸਾਬਕਾ ਚੇਅਰਮੈਨ ਤੇਗਾ ਸਿੰਘ ਸੋਹਲ, ਮੇਜਰ ਸਿੰਘ ਲਹੀਆ, ਬਲਵਿੰਦਰ ਸਿੰਘ, ਸਾਬਕਾ ਸਰਪੰਚ ਮਖਤੂਲ ਸਿੰਘ ਸਵਰਗਾਪੁਰੀ, ਸਾਬਕਾ ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ, ਸਰਪੰਚ ਵਿੱਕੀ ਕੋਟ ਸਿਵੀਆ, ਸਾਬਕਾ ਸਰਪੰਚ ਬਲਵਿੰਦਰ ਸਿੰਘ ਬਾਬਾ ਲੰਗਾਹ, ਮਨਜੀਤ ਸਿੰਘ ਝਬਾਲ, ਸਾਹਿਬ ਸਿੰਘ ਚੀਮਾ, ਸਰਪੰਚ ਮਾਹਬੀਰ ਸਿੰਘ ਚੀਮਾ, ਸੋਨੂੰ ਦੋਦੇ, ਗੁਰਜੀਤ ਸਿੰਘ ਜੱਜ ਲੋਹਰੀਆ, ਤੇਜਿੰਦਰ ਸਿੰਘ ਰੂਬੀ ਝਬਾਲ, ਪ੍ਰਭਜੋਤ ਸਿੰਘ ਕੋਟ, ਸਾਬਕਾ ਸਰਪੰਚ ਬਲਜੀਤ ਸਿੰਘ ਛਿੱਛਰੇਵਾਲ, ਗੁਰਸਾਹਿਬ ਸਿੰਘ, ਬਲਦੇਵ ਸਿੰਘ ਝਬਾਲ, ਸ਼ਮਸ਼ੇਰ ਸਿੰਘ, ਪ੍ਰਿੰਸਪਾਲ ਸਿੰਘ, ਮੇਹਰ ਸਿੰਘ, ਸਾਬਕਾ ਸਰਪੰਚ ਅਵਤਾਰ ਸਿੰਘ ਬੁਰਜ 195, ਪਹਿਲਵਾਨ ਪੱਪੂ ਠੱਠਾ, ਨੰਬਰਦਾਰ ਜਤਿੰਦਰ ਸਿੰਘ ਬੁਰਜ 169, ਸਰਪੰਚ ਨਵਦੀਪ ਸਿੰਘ ਨਵੀ, ਸਾਬਕਾ ਚੇਅਰਮੈਨ ਸੁਖਰਾਜ ਸਿੰਘ ਸੋਹਲ ਆਦਿ ਤੋਂ ਇਲਾਵਾ ਵੀ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਹਾਜ਼ਰ ਸਨ।

# ਗੰਡੀਵਿੰਡ 'ਚ ਫੁੱਟਬਾਲ ਟੂਰਨਾਮੈਂਟ ਕਰਵਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਸਰਹੱਦੀ ਪਿੰਡ ਗੰਡੀਵਿੰਡ ਵਿਖੇ ਪਿੰਡ ਦੀ ਸਮੂਹ ਪੰਚਾਇਤ ਵੱਲੋਂ ਬਾਬਾ ਹੀਰਾ ਜੀ ਦੂਸਰਾ ਫੁੱਟਬਾਲ ਟੂਰਨਾਮੈਂਟ ਸਫਲਤਾਪੂਰਵਕ ਕਰਵਾਇਆ ਗਿਆ। ਕਰਵਾਏ ਗਏ ਟੂਰਨਾਮੈਂਟ ਵਿੱਚ ਪਹਿਲਾ ਇਨਾਮ ਜਿੱਤਣ ਵਾਲੀ ਟੀਮ ਨੂੰ 11,000 ਦਾ ਨਕਦ ਇਨਾਮ ਗੰਡੀਵਿੰਡ ਕਲੀਨੀਕਲ ਲੈਬੋਰਟਰੀ ਵੱਲੋਂ ਦਿੱਤਾ ਗਿਆ।ਇਸ ਮੌਕੇ ਹਰਪ੍ਰੀਤ ਸਿੰਘ, ਗੁਰਮੀਤ ਸਿੰਘ, ਸਰਪੰਚ ਕੁਲਦੀਪ ਸਿੰਘ ਕੀਪਾ, ਹਰਜੋਤ



ਛਾਪਾ, ਪੀਊਸ਼ ਧਵਨ, ਰਵਿੰਦਰ ਪਾਲ ਝਬਾਲ, ਅਰਸ਼ ਕਪੂਰ, ਜੈਤੀਸ਼ ਸ਼ਰਮਾ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

# ਦੋ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਪੁਲਿਸ ਨੇ ਦੋ ਵੱਖ-ਵੱਖ ਮਾਮਲਿਆਂ ਵਿਚ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਥਾਣਾ ਭੈਣੀ ਮੀਆਂ ਦੇ ਏ.ਐਸ.ਆਈ. ਬਲਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਿਸ ਪਾਰਟੀ ਨੇ ਜਾਗੋਵਾਲ ਬੇਟ ਨਜਦੀਕ ਪੁੱਲੀ ਸੇਮ ਨਾਲਾ ਤੋਂ ਅਮਰੀਕ ਸਿੰਘ ਉਰਫ ਲਾਲੀ ਪੁੱਤਰ ਗੁਰਦੀਪ ਸਿੰਘ ਵਾਸੀ ਬਜਾੜ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ ਤਾਂ ਉਕਤ ਵਿਅਕਤੀ ਪਾਸੋਂ ਇਕ ਸਿਲਵਰ ਪੰਨੀ, ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਇਸੇ ਤਰ੍ਹਾਂ ਥਾਣਾ ਬਹਿਰਾਮਪੁਰ ਪੁਲਿਸ ਦੇ ਏ.ਐਸ.ਆਈ. ਬਲਬੀਰ ਸਿੰਘ ਨੇ ਸਮੇਤ ਪੁਲਿਸ ਪਾਰਟੀ ਟੀ. ਪੁਆਇੰਟ ਰਾਏਪੁਰ ਤੋਂ ਲਵਪ੍ਰੀਤ ਉਰਫ ਬਵੇ ਪੁੱਤਰ ਦਿਲਬਾਗ ਵਾਸੀ ਸਾਂਸੀਆ ਮੁਹੱਲਾ ਬਹਿਰਾਮਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਇਕ ਸਿਲਵਰ ਪੰਨੀ, ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਪੁਲਿਸ ਨੇ ਦੋਵਾਂ ਮਾਮਲਿਆਂ ਵਿਚ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਹਾਸ਼ਮਪੁਰਾ 'ਚ ਸ਼ਰਧਾ ਭਾਵਨਾ ਨਾਲ ਕਰਵਾਇਆ ਦੂਜਾ ਗੁਰਮਤਿ ਸਮਾਗਮ



**ਅੰਮ੍ਰਿਤਸਰ, (ਮਨੋਜ ਕੁਮਾਰ)**
ਸਰਹੱਦੀ ਪਿੰਡ ਹਾਸ਼ਮਪੁਰਾ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਪਿੰਡ ਵਾਸੀਆਂ ਤੇ ਐੱਨ.ਆਰ.ਈ. ਵੀਰਾਂ ਦੇ ਸਹਿਯੋਗ ਨਾਲ ਦੂਜਾ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਿੰਘ ਸਭਾ ਦੇ ਮੁੱਖ ਸੇਵਾਦਾਰ ਸਾਬਕਾ ਸਰਪੰਚ ਗੁਰਵਿੰਦਰ ਸਿੰਘ ਤੇ ਗ੍ਰੰਥੀ ਭਾਈ ਸ਼ਿੰਗਾਰਾ ਸਿੰਘ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਵਾ ਕੇ ਕੀਤੀ ਗਈ। ਉਪਰੰਤ ਖੁੱਲ੍ਹੇ ਪੰਡਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਰਤਨੀ ਜਥਾ ਭਾਈ ਅੰਗ੍ਰੇਜ਼ ਸਿੰਘ, ਢਾਡੀ ਜਥਾ ਭਾਈ ਸ਼ਿੰਗਾਰਾ ਸਿੰਘ ਹਾਸ਼ਮਪੁਰਾ, ਕਵੀਸ਼ਰੀ ਜਥਾ ਸੁਲੱਖਣ ਸਿੰਘ ਰਿਆੜ, ਕਥਾਵਾਚਕ ਭਾਈ ਜਸਵੰਤ ਸਿੰਘ ਮੰਜੀ ਸਾਹਿਬ ਵਾਲੇ, ਢਾਡੀ ਜਥਾ ਸਤਨਾਮ ਸਿੰਘ ਲਾਲੂ ਘੁੰਮਣ, ਕਵਿਸ਼ਰ ਭਾਈ ਮਲਕੀਤ ਸਿੰਘ ਸ਼ਾਲੀਵਾਲ ਤੇ ਢਾਡੀ ਜਥਾ ਭਾਈ ਕਿਰਪਾਲ ਸਿੰਘ ਅਜਨਾਲਾ ਵਾਲਿਆਂ ਨੇ ਸੰਗਤ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਨਾਲ ਜੋੜਿਆ। ਇਸ ਮੌਕੇ ਮੁੱਖ ਸੇਵਾਦਾਰ ਸਾਬਕਾ ਸਰਪੰਚ ਗੁਰਵਿੰਦਰ ਸਿੰਘ, ਗ੍ਰੰਥੀ ਭਾਈ ਸ਼ਿੰਗਾਰਾ ਸਿੰਘ, ਸਰਪੰਚ ਸੁਖਦੇਵ ਸਿੰਘ, ਸਾਬਕਾ ਸਰਪੰਚ ਹਰਪਾਲ ਸਿੰਘ ਬੁੱਟਰ, ਸਾਬਕਾ ਸਰਪੰਚ ਭੁਪਿੰਦਰ ਸਿੰਘ, ਸਾਬਕਾ ਸਰਪੰਚ ਗੁਰਨਾਮ ਸਿੰਘ, ਸਾਬਕਾ ਸਰਪੰਚ ਵਰਿੰਦਰ ਕੌਰ, ਏ.ਐੱਸ.ਆਈ. ਬਿੱਕਰ ਸਿੰਘ, ਸਤਿਨਾਮ ਸਿੰਘ, ਜਸਵਿੰਦਰ ਸਿੰਘ ਫ਼ੌਜੀ, ਸੁਖਬੀਰ ਕੌਰ, ਏ.ਐੱਸ.ਆਈ. ਲਖਬੀਰ ਕੌਰ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਮਨਪਵਿੱਤਰ ਸਿੰਘ (ਐੱਮ.ਪੀ) ਚਾਹਲ, ਹਰਪ੍ਰਤਾਪ ਸਿੰਘ ਹੈਰੀ ਮਾਂਗਟ ਯੂ.ਐੱਸ.ਏ., ਮਲਕੀਤ ਸਿੰਘ ਚਾਹਲ ਜਰਮਨੀ, ਲਵਪ੍ਰੀਤ ਸਿੰਘ ਚਾਹਲ ਯੂ.ਕੇ., ਐੱਸ.ਪੀ. ਸਿੰਘ ਚਾਹਲ ਯੂ.ਐੱਸ.ਏ., ਲਖਵੰਤ ਸਿੰਘ, ਜਸਵੰਤ ਸਿੰਘ ਕਾਕਾ, ਅਰਮਾਨਦੀਪ ਸਿੰਘ, ਮੈਂਬਰ ਪੰਚਾਇਤ ਹਰਭਜਨ ਸਿੰਘ, ਰਣਜੀਤ ਸਿੰਘ ਜੀਤ, ਸੁਖਚੈਨ ਸਿੰਘ ਸ਼ਹਿਰੀਆ, ਬੱਗਾ ਸਿੰਘ, ਨਰਿੰਦਰ ਸਿੰਘ ਕੋਟੀਆ, ਜਸਪਾਲ ਸਿੰਘ ਭਿੰਡੀਆਂ ਵਾਲੇ, ਅਮਰਜੀਤ ਸਿੰਘ ਜਰਮਨੀ, ਹਰਪ੍ਰਕਾਸ਼ ਸਿੰਘ ਬੁੱਟਰ, ਸੁਖਦੇਵ ਸਿੰਘ ਬੁੱਟਰ ਆੜ੍ਹਤੀ, ਰਾਣਾ ਯੁੱਧਬੀਰ ਸਿੰਘ, ਸ਼ਿਵ ਅਵਤਾਰ ਸਿੰਘ ਸੋਨੂੰ, ਡਾ. ਗੁਰਪ੍ਰੀਤ ਗੋਪੀ, ਅਵਤਾਰ ਸਿੰਘ, ਲਖਵੰਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਭੁੱਲਰ, ਸਤਨਾਮ ਸਿੰਘ ਟਾਵਰ ਵਾਲੇ, ਮੁਖਤਿਆਰ ਸਿੰਘ ਵਲਟੋਹੀਏ, ਬਲਵਿੰਦਰ ਸਿੰਘ ਬੰਬੀ ਵਾਲੇ ਆਦਿ ਮੌਜੂਦ ਸਨ। ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ।

# ਪੁਲਸ ਵੱਲੋਂ ਵਾਹਨਾਂ ਦੀ ਚੈਕਿੰਗ, ਚਲਾਨ ਕੱਟੇ

**ਬਲਾਚੌਰ (ਜਸਵਿੰਦਰ ਬੈਂਸ)**-ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਐੱਸ ਐੱਸ ਪੀ ਤੁਸ਼ਾਰ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ ਤੇ ਡੀ.ਐਸ.ਪੀ. ਸਬ ਡਿਵੀਜ਼ਨ ਬਲਾਚੌਰ ਹੇਮੰਤ ਮਲਹੋਤਰਾ ਦੀ ਰਹਿਨੁਮਾਈ ਹੇਠ ਹਾਈਟੈਕ ਨਾਕਾ ਆਸਰੋ ਵਿਖੇ ਵਿਸ਼ੇਸ਼ 'ਜ਼ਿਲ੍ਹਾ ਸੀਲਿੰਗ' ਮੁਹਿੰਮ ਚਲਾਈ ਗਈ। ਇਸ ਕਾਰਵਾਈ ਦਾ ਮੁੱਖ ਮਕਸਦ ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ



ਮਜ਼ਬੂਤ ਕਰਨਾ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣਾ ਸੀ। ਇਸ ਨਾਕਾਬੰਦੀ ਦੌਰਾਨ ਚੌਂਕੀ ਆਸਰੋ ਦੇ ਇੰਚਾਰਜ ਏ ਐੱਸ ਆਈ ਸਿਕੰਦਰਪਾਲ ਅਤੇ ਹਾਈਟੈਕ ਨਾਕੇ ਦੇ ਇੰਚਾਰਜ ਏ ਐੱਸ ਆਈ ਬਲਵੀਰ ਸਿੰਘ ਨੇ ਆਪਣੀ ਪੁਲਸ ਟੀਮ ਸਮੇਤ ਆਉਣ-ਜਾਣ ਵਾਲੇ ਹਰ ਵਾਹਨ ਦੀ ਬਾਰੀਕੀ ਨਾਲ ਤਲਾਸ਼ੀ ਲਈ। ?ਚੈਕਿੰਗ ਦੌਰਾਨ ਜਿਨ੍ਹਾਂ ਵਾਹਨ ਚਾਲਕਾਂ ਦੇ ਦਸਤਾਵੇਜ਼ ਅਧੂਰੇ ਪਾਏ ਗਏ ਜਾਂ ਜੋ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰ ਰਹੇ ਸਨ, ਉਨ੍ਹਾਂ ਵਿਰੁੱਧ ਤੁਰੰਤ ਕਾਰਵਾਈ ਕੀਤੀ ਗਈ। ਪੁਲਿਸ ਵੱਲੋਂ ਮੌਕੇ 'ਤੇ ਹੀ 5 ਚਲਾਨ ਕੱਟੇ ਗਏ।ਜ਼ਿਲ੍ਹੇ ਵਿੱਚ ਸ਼ਾਂਤੀ ਬਣਾਈ ਰੱਖਣ ਅਤੇ ਸੜਕੀ ਹਾਦਸਿਆਂ ਨੂੰ ਰੋਕਣ ਲਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਲਾਜ਼ਮੀ ਹੈ। ਡੀ ਐਸ ਪੀ ਹਿੰਮਤ ਮਲਹੋਤਰਾ ਨੇ ਪਬਲਿਕ ਨੂੰ ਸੰਦੇਸ਼ ਦਿੱਤਾ ਕੇ ਅਜਿਹੀਆਂ ਸਰਪ੍ਰਾਈਜ਼ ਚੈਕਿੰਗਾਂ ਅਤੇ ਸੀਲਿੰਗ ਅਭਿਆਨ ਆਉਣ ਵਾਲੇ ਦਿਨਾਂ ਵਿੱਚ ਵੀ ਲਗਾਤਾਰ ਜਾਰੀ ਰਹਿਣਗੇ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਚੌਪਈ ਸਾਹਿਬ ਦੇ ਪਾਠ

**ਧਾਰੀਵਾਲ (ਮਨਦੀਪ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ



ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਸਕੱਤਰ ਮੈਡਮ ਸ਼੍ਰੀਮਤੀ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਸ਼੍ਰੀ ਚੌਪਈ ਸਾਹਿਬ ਦੇ, ਸ਼੍ਰੀ ਅਨੰਦ ਸਾਹਿਬ ਦੇ ਪਾਠ ਅਤੇ ਅਰਦਾਸ ਕੀਤੀ ਗਈ।ਉਪਰੰਤ ਦੇਗ ਵਰਤਾਈ ਗਈ ।ਇਹ ਪਾਠ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਜੋ ਕਿ ਅੱਜ ਤੋਂ ਸ਼ੁਰੂ ਸਨ ਉਨ੍ਹਾਂ ਲਈ ਕੀਤੇ ਗਏ ਸਨ ਤਾਂ ਜੋ ਪ੍ਰਮਾਤਮਾ ਉਨ੍ਹਾਂ ਦੇ ਅੰਗ-ਸੰਗ ਸਹਾਈ ਹੋਵੇ। ਇਸ ਦੌਰਾਨ ਪ੍ਰਿੰਸੀਪਲ ਕਿਰਨ ਕੇਸਰ ਨੇ ਕਿਹਾ ਕਿ ਤੋਂ 10ਵੀਂ ਅਤੇ 12ਵੀਂ ਜਮਾਤ ਦੀਆਂ ਸੀ.ਬੀ.ਐੱਸ. ਈ ਦੀਆਂ ਪ੍ਰੀਖਿਆਵਾਂ ਸ਼ੁਰੂ ਹੋ ਚੁੱਕੀਆਂ ਹਨ ਅਤੇ ਵਿਦਿਆਰਥੀਆਂ ਦੀ ਵਧੀਆ ਕਾਰਗੁਜ਼ਾਰੀ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ।ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸਿਰਫ਼ ਸਿਆਸੀ ਸ਼ੋਸ਼ੇਬਾਜ਼ੀ : ਭੁਪਿੰਦਰ ਸਿੰਘ ਟੀਟੂ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਮਾਣਯੋਗ ਹਾਈਕੋਰਟ ਦਾ ਪੰਜਾਬ ਸਰਕਾਰ ਨੂੰ ਇਹ ਕਹਿਣਾ ਕਿ ਤੁਹਾਡੀ ਨਸ਼ਿਆਂ ਵਿਰੁੱਧ ਮੁਹਿੰਮ ਪਰਹਾਰ ਘੱਟ ਤੇ ਪ੍ਰਚਾਰ ਜ਼ਿਆਦਾ ਲੱਗਦੀ ਹੈ ਜਿਸ ਦੀ ਮਿਸਾਲ ਇਥੋਂ ਪਤਾ ਲੱਗਦੀ ਹੈ ਕਿ ਅੱਜ ਵੀ ਨੌਜਵਾਨ ਚਿੱਟੇ ਦੇ ਟੀਕੇ ਲਗਾ ਕੇ ਮਰ ਰਹੇ ਹਨ । ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਭੁਪਿੰਦਰ ਸਿੰਘ ਟੀਟੂ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਦੀ ਹਵਾ ਉਦੋਂ ਨਿਕਲ ਗਈ



ਜਦ ਬੀਤੇ ਦਿਨ ਤੁੜ ਪਿੰਡ ਦੇ ਨੌਜਵਾਨ ਵਲੋਂ ਚਿੱਟੇ ਦਾ ਟੀਕਾ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਗਈ ਗਈ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਚਿੱਟੇ ਦੀ ਸ਼ਰੇਆਮ ਵਿਕਰੀ ਹੋਣ ਦੇ ਵੀ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ ਆਪ ਵਾਲਿਆਂ ਦੀ ਰੈਲੀ ਮੌਕੇ ਵੱਡੀ ਪੱਧਰ 'ਤੇ ਸ਼ਰਾਬ ਦੀ ਵਰਤੋਂ ਕੀਤੀ ਜਾਣੀ ਵੀ ਨਸ਼ਿਆਂ ਵਿਰੁੱਧ ਮੁਹਿੰਮ ਦੀ ਹਵਾ ਕੱਢ ਰਹੀ ਹੈ।

# ਚੌਧਰੀ ਗਿਆਨ ਚੰਦ ਦੀ ਯਾਦ 'ਚ ਕਮਿਊਨਿਟੀ ਹਾਲ ਦਾ ਰੱਖਿਆ ਨੀਂਹ ਪੱਥਰ

**ਪਠਾਨਕੋਟ (ਦਵਿੰਦਰ ਸਿੰਘ)**
ਮਜ਼ਦੂਰਾਂ ਦੀਆਂ ਤਕਲੀਫਾਂ ਅਤੇ ਉਹਨਾਂ ਦੀ ਜ਼ਿੰਦਗੀ ਨੂੰ ਲੈ ਕੇ ਸਾਹਿਤ ਦੀ ਸਿਰਜਣਾ, ਰਚਨਾਵਾਂ ਦਾ ਲਿਖਣਾ ਇਹ ਇੱਕ ਬਹੁਤ ਵੱਡਾ ਕੰਮ ਸੀ ਅਤੇ ਚੌਧਰੀ ਗਿਆਨ ਚੰਦ ਜੋ ਭਾਵੇਂ ਅੱਜ ਸਾਡੇ ਵਿੱਚ ਨਹੀਂ ਹਨ ਉਹਨਾਂ ਦੀ ਯਾਦ ਵਿੱਚ ਪਿੰਡ ਕੁੰਡੇ ਫਿਰੋਜ਼ਪੁਰ ਵਿਖੇ ਕਮਿਊਨਿਟੀ ਹਾਲ ਦਾ



ਨੀਂਹ ਪੱਥਰ ਰੱਖਿਆ ਗਿਆ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਕੁੰਡੇ ਫਿਰੋਜ਼ਪੁਰ ਅੰਦਰ ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰੱਖਣ ਮਗਰੋਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਵਨ ਕੁਮਾਰ ਫੌਜੀ ਸੰਗਠਨ ਇੰਚਾਰਜ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਸਰਪੰਚ ਸੁਰੇਸ਼ ਕੁਮਾਰ, ਅਸ਼ਵਨੀ ਕੁਮਾਰ, ਮਨਦੀਪ ਸਿੰਘ, ਹੈਪੀ, ਪਰਸ਼ੋਤਮ ਲਾਲ, ਬੋਧਰਾਜ, ਬਿੰਦਾ, ਸ਼ੁਭਮ ਕੁਮਾਰ, ਕਦਮ, ਬੋਧਰਾਜ ਫੌਜੀ, ਸੁਰੇਸ਼ ਕੁਮਾਰ ਅਤੇ ਹੋਰ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਅਤੇ ਕਾਰਜਕਰਤਾ ਹਾਜ਼ਰ ਸਨ। ਇਸ ਮੌਕੇ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸ਼ੀ ਦਾ ਦਿਨ ਹੈ ਕਿ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਕੁੰਡੇ ਫਿਰੋਜ਼ਪੁਰ ਵਿਖੇ ਇੱਕ ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਉਹਨਾਂ ਕਿਹਾ ਕਿ ਇਹ ਪਿੰਡ ਵਾਸੀਆਂ ਦੀ ਬਹੁਤ ਲੰਮੇ ਸਮੇਂ ਤੋਂ ਮੰਗ ਸੀ।ਅੱਜ ਇਸ ਕਮਿਊਨਿਟੀ ਹਾਲ ਦੇ ਨਿਰਮਾਣ ਕਾਰਜ ਦਾ ਉਦਘਾਟਨ ਪਿੰਡ ਦੀ ਸਰਪੰਚ ਵੱਲੋਂ ਕੀਤਾ ਗਿਆ ਹੈ।ਉਹਨਾਂ ਕਿਹਾ ਕਿ ਇਸ ਕਮਿਊਨਿਟੀ ਹਾਲ 'ਤੇ ਕਰੀਬ 10 ਲੱਖ ਰੁਪਏ ਖਰਚ ਕੀਤੇ ਜਾਣਗੇ ਅਤੇ ਸਭ ਤੋਂ ਖ਼ੂਬਸੂਰਤ ਗੱਲ ਇਹ ਕਿ ਇਹ ਜਿਹੜਾ ਕਮਿਊਨਿਟੀ ਹਾਲ ਬਣਾਇਆ ਜਾ ਰਿਹਾ ਹੈ ਉਹ ਕੁੰਡੇ ਫਿਰੋਜ਼ਪੁਰ ਦੇ ਹੀ ਬਹੁਤ ਹੀ ਨਾਮਵਰ ਸਾਡੇ ਬਜ਼ੁਰਗ ਜਿਹੜੇ ਭਾਵੇਂ ਇਸ ਦੁਨੀਆ 'ਚ ਨਹੀਂ ਹਨ ਚੌਧਰੀ ਗਿਆਨ ਚੰਦ ਜੀ ਜਿਹੜੇ ਬਿਲਕੁਲ ਇੱਕ ਗਰੀਬ ਪਰਵਾਰ 'ਚ ਜਨਮੇ ਅਤੇ ਪੜ੍ਹਾਈ ਵੀ ਨਹੀਂ ਕਰ ਸਕੇ ਪਰ ਉਹ ਬਹੁਤ ਵਧੀਆ ਕਵੀ ਹੋਏ ਜਿਨ੍ਹਾਂ ਨੇ ਆਪਣੀ ਕਲਮ ਦੇ ਰਾਹੀਂ ਮਜ਼ਦੂਰਾਂ ਕਿਰਤੀਆਂ ਦੇ ਦੁੱਖਾਂ ਤਕਲੀਫਾਂ ਨੂੰ ਉਜਾਗਰ ਕਰਨ ਲਈ ਸਾਹਿਤ ਲਿਖਿਆ, ਰਚਨਾਵਾਂ ਲਿਖੀਆਂ। ਇਸ ਲਈ ਇਸ ਕਮਿਊਨਿਟੀ ਹਾਲ ਦਾ ਨਾਮ ਚੌਧਰੀ ਗਿਆਨ ਚੰਦ ਦੇ ਨਾਮ ਤੇ ਰੱਖਿਆ ਗਿਆ ਹੈ ਅਤੇ ਉਹਨਾਂ ਨੂੰ ਸਮਰਪਤ ਹੈ।ਉਹਨਾਂ ਕਿਹਾ ਕਿ ਇਸ ਲਈ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦੇ ਹਨ। ਉਹਨ੍ਹਾਂ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਵਿਕਾਸ ਦੀ ਲਹਿਰ ਚਲਾ ਦਿੱਤੀ ਹੈ। ਉਹਨਾਂ ਕਿਹਾ ਕਿ ਇਸ ਕਮਿਊਨਿਟੀ ਹਾਲ ਦੇ ਬਣਨ ਨਾਲ ਕੁੰਡੇ ਫਿਰੋਜ਼ਪੁਰ ਦੇ ਨਾਲ ਲੱਗਦੇ ਪਿੰਡ ਸ਼ਹੀਦਪੁਰ, ਚਸ਼ਮਾਂ, ਸੈਦੋਵਾਲ ਅਤੇ ਹੋਰ ਪਿੰਡਾਂ ਨੂੰ ਇਸ ਦਾ ਸਿੱਧੇ ਤੌਰ 'ਤੇ ਲਾਭ ਹੋਵੇਗਾ।

# ਮਹਾਸ਼ਿਵਰਾਤਰੀ ਮੌਕੇ ਚਾਹ-ਪਕੌੜਿਆਂ ਦਾ ਲੰਗਰ



**ਧਾਰੀਵਾਲ (ਮਨਦੀਪ ਵਿੱਕੀ)**- ਸ਼ਹਿਰ ਧਾਰੀਵਾਲ ਦੇ ਡੱਡਵਾਂ ਰੋਡ 'ਤੇ ਕੁੱਝ ਦੁਕਾਨਦਾਰਾਂ ਅਤੇ ਭਾਜਪਾ ਦੇ ਸੀਨੀਅਰ ਆਗੂ ਨਵਨੀਤ ਵਿੱਜ ਵਲੋਂ ਮਹਾਸ਼ਿਵਰਾਤਰੀ ਨੂੰ ਸਮਰਪਿਤ ਚਾਹ- ਬਰੈੱਡ ਦੇ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਰਾਹਗੀਰਾਂ ਅਤੇ ਆਮ ਲੋਕਾਂ ਨੇ ਚਾਹ-ਪਕੌੜਿਆਂ ਦਾ ਲੰਗਰ ਛੱਕਿਆ। ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਨਵਨੀਤ ਵਿੱਜ, ਗੌਰੀ ਮਹਾਜਨ, ਸੁਰਿੰਦਰ ਸ਼ਰਮਾ, ਅਸ਼ਵਨੀ ਪੁਰੀ, ਲੱਕੀ ਮਰਵਾਹਾ, ਮੋਹਿਤ ਮਹਾਜਨ, ਰਮਨ ਖੰਨਾ, ਨਵੀਨ ਭੰਡਾਰੀ, ਜਤਿੰਦਰ ਕੁਮਾਰ, ਰਵੀ ਸੰਕਰ, ਕੀਰਤ ਸਿੰਘ ਨੇ ਲੰਗਰ ਵਰਤਾਉਣ ਦੀ ਸੇਵਾ ਨਿਭਾਈ।

# ਗਣਤੰਤਰ ਦਿਵਸ ਵਿਖੇ ਸ਼ਮੂਲੀਅਤ ਲਈ ਐੱਨ ਸੀ ਸੀ ਕੈਡਿਟ ਸਨਮਾਨਤ

**ਬਿਆਸ (ਪਰਮਜੀਤ ਸਿੰਘ ਰੱਖੜਾ)**
ਗੁਰੂ ਨਾਨਕ ਦੇਵ ਯੂਨੀਵਰਸਿਟੀ ਅਧੀਨ ਚੱਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਦੇ ਐਨ ਸੀ ਸੀ ਕੈਡਿਟ ਅਰਸ਼ਦੀਪ ਸਿੰਘ ਵੱਲੋਂ 2026 ਨਵੀਂ ਦਿੱਲੀ ਵਿਖੇ ਗਣਤੰਤਰ ਦਿਵਸ ਮੌਕੇ 'ਤੇ ਸ਼ਮੂਲੀਅਤ ਕਰਕੇ ਯੂਨੀਵਰਸਿਟੀ, ਕਾਲਜ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. (ਡਾ.) ਕਰਮਜੀਤ ਸਿੰਘ ਦੀ ਅਤੇ ਡੀਨ ਕਾਲਜਿਸ ਡਾ. ਸਰੋਜ ਅਰੋੜਾ ਦੀ ਯੋਗ ਅਗਵਾਈ ਤਹਿਤ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਦੇ ਐਨ ਐਨ ਸੀਂ ਵਿਭਾਗ ਦੇ ਅਰਸ਼ਦੀਪ ਵੱਲੋਂ ਗਣਤੰਤਰ ਦਿਵਸ ਨਵੀਂ ਦਿੱਲੀ 2026 ਦੀ ਸ਼ਮੂਲੀਅਤ ਲਈ ਅਰਸ਼ਦੀਪ ਸਿੰਘ ਨੂੰ ਇਸ ਪ੍ਰਾਪਤੀ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਹਲਕਾ ਬਾਬਾ ਬਕਾਲਾ ਦੇ ਵਿਧਾਇਕ ਦਲਬੀਰ ਸਿੰਘ ਟੌਂਗ ਵੱਲੋਂ ਵੀ ਅਰਸ਼ਦੀਪ ਨੂੰ ਸਨਮਾਨਿਤ ਕਰਦਿਆਂ ਉਸ ਦੀ ਦੂਜੇ ਸਮੈਸਟਰ ਦੀ ਫੀਸ ਦੇ ਕੇ ਉਸ ਨੂੰ ਸਨਮਾਨਤ ਕੀਤਾ। ਉਨ੍ਹਾਂ ਕਿਹਾ ਕਿ ਇਸ ਹੋਣਹਾਰ ਵਿਦਿਆਰਥੀ ਨੇ ਆਪਣੇ ਪਰਵਾਰ ਦੇ ਨਾਲ ਨਾਲ ਇਸ ਇਲਾਕੇ ਦਾ ਨਾਂ ਵੀ ਰੋਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਲਜ ਇੰਚਾਰਜ ਅਤੇ ਐਸੋਸੀਏਟ ਐਨ ਸੀ ਸੀ ਅਫਸਰ ਡਾ. (ਲੈਫ.) ਹਰਸਿਮਰਨ ਕੌਰ ਦੇ ਦਿਸ਼ਾਂ ਨਿਰਦੇਸ਼ਾਂ ਦੇ ਤਹਿਤ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਵਿੱਚ ਐਨ ਸੀ ਸੀ ਦਾ ਆਰੰਭ 2021 ਦੇ ਵਿੱਚ ਹੋਇਆ ਸੀ। ਉਨ੍ਹਾਂ ਦੱਸਿਆ ਕਿ ਅਰਸ਼ਦੀਪ ਸਿੰਘ ਕਾਲਜ ਵਿੱਚ ਐਨ ਸੀ ਸੀ ਦੇ ਤਕਰੀਬਨ ਪੰਜ ਸਾਲ ਦੇ ਸਫਰ 'ਚ ਦੂਜਾ ਕੈਡੇਟ ਹੈ ਜਿਸ ਨੇ ਗਣਤੰਤਰ ਦਿਵਸ ਨਵੀਂ ਦਿੱਲੀ ਵਿਖੇ ਪਹੁੰਚ ਕੇ ਕਾਲਜ ਦਾ ਮਾਣ ਵਧਾਇਆ ਹੈ। ਐਸੋਸੀਏਟ ਐਨ ਸੀ ਸੀ ਅਫਸਰ ਅਤੇ ਕਾਲਜ ਇੰਚਾਰਜ ਡਾ. ਹਰਸਿਮਰਨ ਕੌਰ ਨੇ ਕਿਹਾ ਕਿ ਇਹ ਸਾਡੇ ਕਾਲਜ ਲਈ ਮਾਣ ਦੀ ਗੱਲ ਹੈ ਕਿ ਸਾਡਾ



ਵਿਦਿਆਰਥੀ ਕਰੜੀ ਮਿਹਨਤ ਉਪਰੰਤ ਗਣਤੰਤਰ ਦਿਵਸ ਨਵੀਂ ਦਿੱਲੀ 2026 ਦੇ ਰਾਸ਼ਟਰੀ ਕੈਂਪ ਵਿੱਚ ਸ਼ਮੂਲੀਅਤ ਕਰਨ ਵਿੱਚ ਸਫਲ ਰਿਹਾ ਹੈ। ਉਸ ਨੂੰ ਨਵੀਂ ਦਿੱਲੀ ਵਿਖੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਏਅਰ ਚੀਫ ਮਾਰਸ਼ਲ, ਡੀ.ਜੀ ਐਨ ਸੀ ਸੀ ਤੇ ਹੋਰ ਉੱਚ ਅਧਿਕਾਰੀਆਂ ਨੂੰ ਮਿਲਣ ਦਾ ਮੌਕਾ ਮਿਲਿਆ। ਇਨਾਂ ਕੈਡਟਾ ਨੂੰ ਪੰਜਾਬ ਦੇ ਰਾਜਪਾਲ ਵਲੋਂ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਇੰਚਾਰਜ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਜੀ ਦਾ ਧੰਨਵਾਦ ਕੀਤਾ ਇਸ ਮੌਕੇ ਡਾ. ਲੈਫ. ਹਰਸਿਮਰਨ ਕੌਰ, ਸਟਾਫ ਤੇ ਕੈਡਟਾਂ ਵੱਲੋਂ ਕਾਲਜ ਵਿਖੇ ਅਰਸ਼ਦੀਪ ਦਾ ਸਵਾਗਤ ਕਰਦਿਆਂ ਉਸ ਨੂੰ ਸਨਮਾਨਿਤ ਕੀਤਾ। ਕਾਲਜ ਇੰਚਾਰਜ ਵੱਲੋਂ 24 ਪੰਜਾਬ ਬਟਾਲੀਅਨ ਐਨਸੀ ਸੀ ਅੰਮ੍ਰਿਤਸਰ ਦੇ ਕਮਾਂਡਿੰਗ ਆਫਿਸਰ ਕਰਨਲ ਪੀ.ਐਸ ਰਿਆੜ, ਐਡਮ ਆਫਿਸਰ ਕਰਨਲ ਸੁਨੀਤ ਕੋਤਵਾਲ, ਐਸ ਐਮ ਅਤੇ ਸਮੂਹ ਯੂਨਿਟ ਇੰਸਟਰਕਟਰਾਂ ਵਲੋਂ ਨਿਭਾਈ ਵਿਸ਼ੇਸ਼ ਭੂਮਿਕਾ ਲਈ ਧੰਨਵਾਦ ਕੀਤਾ ਗਿਆ।

ਨਵਾਂ ਜ਼ਮਾਨਾ
ਸ਼ੁੱਕਰਵਾਰ, 20 ਫਰਵਰੀ 2026

# ਜਲੂਸ ਨਿਕਲਿਆ

ਵਿਸ਼ਵ ਪੱਧਰ 'ਤੇ ਦੇਸ਼ ਦੀ ਹਾਜ਼ਰੀ ਦੇ ਇੱਕ ਵੱਡੇ ਪ੍ਰਦਰਸ਼ਨ ਵਜੋਂ ਪੇਸ਼ ਕੀਤਾ ਗਿਆ, ਪਰ ਗਲਗੋਟੀਆ ਯੂਨੀਵਰਸਿਟੀ ਨਾਲ ਜੁੜੇ ਰੋਬੋਟਿਕ ਡੌਗ 'ਓਰੀਅਨ' ਵਿਵਾਦ ਨੇ ਇਸ ਉਤਸਵ ਨੂੰ ਇੱਕ ਗੰਭੀਰ ਆਤਮ ਮੰਥਨ ਵਿੱਚ ਬਦਲ ਦਿੱਤਾ। ਚੀਨ ਵੱਲੋਂ ਬਣਾਏ ਮਸ਼ਹੂਰ ਯੂਨੀਟਰੀ ਜੀਏ 2 ਰੋਬੋਟ ਨੂੰ ਸਵਦੇਸ਼ੀ ਖੋਜ ਵਜੋਂ ਪੇਸ਼ ਕਰਨ ਦਾ ਕਾਂਡ ਕੋਈ ਇਕੱਲੀ ਗਲਗੋਟੀਅਨ ਗਲਤੀ ਨਹੀਂ ਹੈ, ਪਹਿਲਾਂ ਵੀ ਡਰੋਨ ਦੇ ਮਾਮਲੇ ਵਿੱਚ ਇਸ ਦੀ ਭੱਦ ਪਿਟੀ ਸੀ। ਇਹ ਸਿੱਖਿਆ ਪ੍ਰਣਾਲੀ ਵਿੱਚ ਸੰਰਚਨਾਤਮਕ ਦੋਸ਼ਾਂ ਦਾ ਪ੍ਰਤੀਬਿੰਬ ਵੀ ਹੈ, ਜਿੱਥੇ ਸਿਆਸੀ ਦਬਾਅ, ਪ੍ਰਤਿਸ਼ਠਾ ਦੀ ਹੋੜ ਤੇ ਜਵਾਬਦੇਹੀ ਦੀ ਕਮੀ ਇੱਕ ਖਤਰਨਾਕ ਕੌਕਟੇਲ ਬਣਾ ਚੁੱਕੇ ਹਨ। ਸਰਕਾਰੀ ਮੀਡੀਆ ਨੇ ਸ਼ੁਰੂਆਤੀ ਦੌਰ ਵਿੱਚ ਇਸ ਰੋਬੋਟ ਨੂੰ ਗਲਗੋਟੀਆ ਦੀ ਤਕਨੀਕੀ ਉਪਲਬਧੀ ਦੇ ਰੂਪ ਵਿੱਚ ਪੇਸ਼ ਕੀਤਾ, ਪਰ ਸੋਸ਼ਲ ਮੀਡੀਆ 'ਤੇ ਉੱਠੇ ਸਵਾਲਾਂ ਦੇ ਬਾਅਦ ਮੰਤਰਾਲੇ ਦੇ ਸਪੱਸ਼ਟੀਕਰਨ ਸਾਹਮਣੇ ਆਏ ਤੇ ਇਸ ਅਦਾਰੇ ਨੂੰ ਸਮਿਟ ਤੋਂ ਹਟਾਏ ਜਾਣ ਦੀ ਸਥਿਤੀ ਬਣੀ।

ਇਹ ਘਟਨਾ ਦੱਸਦੀ ਹੈ ਕਿ ਜਦ ਸੱਤਾ ਸਰਵਜਨਕ ਜੀਵਨ ਵਿੱਚ ਵਧੌੜ ਤੇ ਆਤਮ ਪ੍ਰਚਾਰ ਨੂੰ 'ਨਿਊ ਨਾਰਮਲ' ਬਣਾ ਦਿੰਦੀ ਹੈ, ਤਾਂ ਝੂਠ ਜੋਖਮ ਨਹੀਂ, ਸਗੋਂ ਰਣਨੀਤੀ ਬਣ ਜਾਂਦਾ ਹੈ ਅਤੇ ਉਹ ਰਣਨੀਤੀ ਹੌਲੀ-ਹੌਲੀ ਤਮਾਮ ਅਦਾਰਿਆਂ ਦੀ ਕਾਰਜ ਪ੍ਰਣਾਲੀ ਵਿੱਚ ਉਤਰ ਆਉਂਦੀ ਹੈ। ਪਿਛਲੇ ਦਹਾਕਿਆਂ ਵਿੱਚ ਭਾਰਤ ਵਿੱਚ ਨਿੱਜੀ ਯੂਨੀਵਰਸਿਟੀਆਂ ਤੇ ਕਾਲਜਾਂ ਦੀ ਗਿਣਤੀ ਵਿੱਚ ਵਿਸਫੋਟਕ ਵਾਧਾ ਹੋਇਆ ਹੈ। 2016 ਤੋਂ 2021 ਤੱਕ ਨਿੱਜੀ ਯੂਨੀਵਰਸਿਟੀਆਂ ਦੀ ਗਿਣਤੀ 60 ਫੀਸਦੀ ਤੋਂ ਵੱਧ ਵਧੀ। ਨਵੀਂ ਸਿੱਖਿਆ ਨੀਤੀ-2020 ਨੇ ਇਸ ਵਿਸਤਾਰ ਨੂੰ ਹੋਰ ਗਤੀ ਦਿੱਤੀ, ਪਰ ਇਹ ਵਿਕਾਸ ਮੁੱਖ ਤੌਰ 'ਤੇ ਢਾਂਚੇ, ਬ੍ਰਾਂਡਿੰਗ ਤੇ ਵੱਡੇ-ਵੱਡੇ ਨਿਵੇਸ਼ਾਂ 'ਤੇ ਹੀ ਕੇਂਦਰਤ ਰਿਹਾ, ਜਦਕਿ ਖੋਜ ਤੇ ਅਕਾਦਮਿਕ ਕੁਆਲਿਟੀ ਪਿੱਛੇ ਛੁੱਟਦੀ ਚਲੇ ਗਈ। ਕਈ ਅਦਾਰਿਆਂ ਵਿੱਚ ਨਵੇਂ ਭਵਨ, ਲੈਬ ਤੇ 'ਸੈਂਟਰ ਆਫ ਐਕਸੀਲੈਂਸ' ਦੇ ਐਲਾਨ ਹੀ ਪ੍ਰਮੁੱਖ ਬਣ ਗਏ। 'ਓਰੀਅਨ' ਵਿਵਾਦ ਇਸੇ ਮੂੰਹਜ਼ੋਰ ਪ੍ਰਵਿਰਤੀ ਦਾ ਪ੍ਰਤੀਕ ਹੈ, ਜਿੱਥੇ ਤਕਨੀਕ ਖਰੀਦਣ ਤੇ ਤਕਨੀਕ ਵਿਕਸਤ ਕਰਨ ਵਿਚਾਲੇ ਦੀ ਰੇਖਾ ਨੂੰ ਧੁੰਦਲਾ ਕਰ ਦਿੱਤਾ ਗਿਆ ਹੈ। ਇਸ ਪ੍ਰਵਿਰਤੀ ਦਾ ਸਿੱਧਾ ਅਸਰ ਵਿਦਿਆਰਥੀਆਂ 'ਤੇ ਪੈਂਦਾ ਹੈ, ਕਿਉਂਕਿ ਉਹ ਅਜਿਹੇ ਮਾਹੌਲ ਵਿੱਚ ਤਿਆਰ ਹੁੰਦੇ ਹਨ, ਜਿੱਥੇ ਪੇਸ਼ਕਾਰੀ ਤੇ ਪੈਕੇਜਿੰਗ ਨੂੰ ਗਿਆਨ ਤੇ ਪ੍ਰਯੋਗ ਤੋਂ ਵੱਧ ਮਹੱਤਵ ਦਿੱਤਾ ਜਾਂਦਾ ਹੈ। ਖੋਜ ਤੇ ਵਿਕਾਸ ਦੇ ਪੱਧਰ 'ਤੇ ਭਾਰਤ ਦੀ ਸਥਿਤੀ ਉਂਜ ਵੀ ਇਸ ਵਿਰੋਧਾਭਾਸ ਨੂੰ ਉਜਾਗਰ ਕਰਦੀ ਹੈ। 2010-11 ਤੋਂ 2020-21 ਤੱਕ ਦੇਸ਼ ਦਾ ਕੁੱਲ ਖੋਜ ਤੇ ਵਿਕਾਸ ਖਰਚ ਵਧ ਕੇ ਲੱਗਭੱਗ 1.27 ਲੱਖ ਕਰੋੜ ਰੁਪਏ ਤੱਕ ਪੁੱਜ ਗਿਆ, ਪਰ ਯੂਨੀਵਰਸਿਟੀਆਂ ਦੀ ਹਿੱਸੇਦਾਰੀ ਸਿਰਫ ਲੱਗਭੱਗ 8.8 ਫੀਸਦੀ ਰਹੀ, ਜਦਕਿ ਜਰਮਨੀ ਵਰਗੇ ਦੇਸ਼ਾਂ ਵਿੱਚ ਇਹ ਹਿੱਸਾ ਲੱਗਭੱਗ 19 ਫੀਸਦੀ ਹੈ। ਅਜਿਹੇ ਪਰਿਪੇਖ ਵਿੱਚ ਜਦ ਅਦਾਰੇ ਅਸਲ ਖੋਜ ਦੀ ਥਾਂ ਖਰੀਦੇ ਗਏ ਉਤਪਾਦਾਂ ਨੂੰ ਆਪਣੀ ਉਪਲੱਬਧੀ ਦੱਸਣ ਲੱਗਦੇ ਹਨ ਤਾਂ ਸਮੱਸਿਆ ਨਿੱਜੀ ਨਾ ਰਹਿ ਕੇ ਸੰਰਚਨਾਤਕ ਬਣ ਜਾਂਦੀ ਹੈ।

ਇਸ ਕਾਂਡ ਦਾ ਇੱਕ ਸਪੱਸ਼ਟ ਸਿਆਸੀ ਆਯਾਮ ਵੀ ਹੈ। ਸਿੱਖਿਆ ਤੇ ਸੱਤਾ ਦਾ ਸੰਬੰਧ ਹਮੇਸ਼ਾ ਸੰਵੇਦਨਸ਼ੀਲ ਰਿਹਾ ਹੈ, ਪਰ ਜਦ ਯੂਨੀਵਰਸਿਟੀਆਂ ਦੀ ਪਛਾਣ ਉਨ੍ਹਾਂ ਦੇ ਅਕਾਦਮਿਕ ਯੋਗਦਾਨ ਨਾਲੋਂ ਵੱਧ ਉਨ੍ਹਾਂ ਦੇ ਸਿਆਸੀ ਸਮੀਕਰਨਾਂ, ਵਿਚਾਰਕ ਝੁਕਾਅ ਜਾਂ ਸਰਕਾਰੀ ਮੰਚਾਂ 'ਤੇ ਮੌਜੂਦਗੀ ਨਾਲ ਤੈਅ ਹੋਣ ਲੱਗਦੀ ਹੈ ਤਾਂ ਸੰਤੁਲਨ ਵਿਗੜ ਜਾਂਦਾ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਜੋ ਲੰਬੇ ਸਮੇਂ ਤੋਂ ਅਕਾਦਮਿਕ ਉਪਲੱਬਧੀਆਂ, ਅਲੋਚਨਾਤਮਕ ਵਿਚਾਰ-ਵਟਾਂਦਰੇ ਅਤੇ ਵਿਚਾਰਕ ਵਿਵਧਤਾ ਲਈ ਜਾਣੀ ਜਾਂਦੀ ਰਹੀ ਹੈ, ਨੂੰ ਲਗਾਤਾਰ ਵਿਵਾਦਾਂ ਵਿੱਚ ਘੇਰਨ ਤੇ ਕਮਜ਼ੋਰ ਕਰਨ ਦੀ ਸਿਆਸੀ ਸਾਜ਼ਿਸ਼ ਸਾਫ ਦਿਖਾਈ ਦਿੰਦੀ ਹੈ। ਦੂਜੇ ਪਾਸੇ ਨਿੱਜੀ ਅਦਾਰੇ ਸਰਕਾਰੀ ਆਯੋਜਨਾਂ ਤੇ ਮੰਚਾਂ ਰਾਹੀਂ ਪ੍ਰਤਿਸ਼ਠਾ ਹਾਸਲ ਕਰਨ ਦੀ ਦੌੜ ਵਿੱਚ ਸ਼ਾਮਲ ਰਹਿੰਦੇ ਹਨ, ਪਰ ਜਵਾਬਦੇਹੀ ਦੀ ਕਮੀ ਕਾਰਨ ਵਾਰ-ਵਾਰ ਫਾਡੀ ਸਾਬਤ ਹੁੰਦੇ ਹਨ। ਓਰੀਅਨ ਵਿਵਾਦ ਵਿੱਚ ਸ਼ੁਰੂਆਤੀ ਡੀਂਗਾਂ ਤੇ ਬਾਅਦ ਦੀ ਸਫਾਈ ਇਸੇ ਅਸੰਤੁਲਨ ਨੂੰ ਉਜਾਗਰ ਕਰਦੀ ਹੈ ਤੇ ਸੰਕੇਤ ਦਿੰਦੀ ਹੈ ਕਿ ਫੰਡਿੰਗ, ਮਾਨਤਾ ਤੇ ਸਮਰਥਨ ਦਾ ਆਧਾਰ ਕਈ ਵਾਰ ਢਾਂਚਾ ਵਿਸਤਾਰ ਬਣ ਜਾਂਦਾ ਹੈ ਨਾ ਕਿ ਖੋਜ ਦੀ ਕੁਆਲਿਟੀ ਤੇ ਅਕਾਦਮਿਕ ਖੁਦਮੁਖਤਾਰੀ। ਵਿਸ਼ਵ ਰੈਂਕਿੰਗ ਵਿੱਚ ਭਾਰਤੀ ਯੂਨੀਵਰਸਿਟੀਆਂ ਦਾ ਪ੍ਰਦਰਸ਼ਨ ਵੀ ਇਸੇ ਚੁਣੌਤੀ ਨੂੰ ਦਰਸਾਉਂਦਾ ਹੈ। ਕਿਊ ਐੱਸ ਵਰਲਡ ਯੂਨੀਵਰਸਿਟੀ ਰੈਂਕਿੰਗ-2026 ਵਿੱਚ ਆਈ ਆਈ ਟੀ ਦਿੱਲੀ 123ਵੇਂ ਤੇ ਆਈ ਆਈ ਟੀ ਬੰਬੇ 129ਵੇਂ ਸਥਾਨ 'ਤੇ ਆਏ ਪਰ ਬਹੁਤੇ ਭਾਰਤੀ ਅਦਾਰੇ 500 ਤੋਂ ਹੇਠਾਂ ਰਹੇ। ਅਜਿਹੇ ਵਿੱਚ ਕੌਮਾਂਤਰੀ ਮੀਡੀਆ ਕਿਸੇ ਦਾਅਵੇ ਦੀ ਤਕਨੀਕੀ ਪੋਲ ਖੋਲ੍ਹਦਾ ਹੈ, ਤਾਂ ਉਸ ਦਾ ਅਸਰ ਸਿਰਫ ਇੱਕ ਅਦਾਰੇ ਤੱਕ ਸੀਮਤ ਨਹੀਂ ਰਹਿੰਦਾ, ਪੂਰੇ ਦੇਸ਼ ਦੀ ਵਿਗਿਆਨਕ ਭਰੋਸੇਯੋਗਤਾ ਤੇ ਤਕਨੀਕੀ ਅਨੁਸ਼ਾਸਨ 'ਤੇ ਸਵਾਲ ਖੜ੍ਹਾ ਕਰਦਾ ਹੈ। ਭਾਰਤ, ਜਿਹੜਾ ਗਿਆਨ ਅਰਥਵਿਵਸਥਾ ਬਣਨ ਦਾ ਸੁਫਨਾ ਦੇਖ ਰਿਹਾ ਹੈ, ਲਈ ਤਾਜ਼ਾ ਤਮਾਸ਼ਾ ਸਪੱਸ਼ਟ ਚਿਤਾਵਨੀ ਹੈ। ਸਿੱਖਿਆ ਨੂੰ ਬ੍ਰਾਂਡਿੰਗ, ਪ੍ਰਚਾਰ ਤੇ ਸਿਆਸੀ ਸਮੀਕਰਨਾਂ ਤੋਂ ਉੱਪਰ ਚੁੱਕ ਕੇ ਫਿਰ ਤੋਂ ਖੋਜ, ਸੱਚ ਤੇ ਅਕਾਦਮਿਕ ਆਜ਼ਾਦੀ ਵੱਲ ਪਰਤਣਾ ਪਵੇਗਾ। ਸਰਵਜਨਕ ਯੂਨੀਵਰਸਿਟੀਆਂ ਨੂੰ ਉਨ੍ਹਾਂ ਦੀ ਬੌਧਿਕ ਆਜ਼ਾਦੀ ਤੇ ਅਲੋਚਨਾਤਮਕ ਪਰੰਪਰਾ ਦੇ ਨਾਲ ਮਜ਼ਬੂਤ ਕਰਨਾ ਹੋਵੇਗਾ ਤੇ ਨਿੱਜੀ ਅਦਾਰਿਆਂ ਨੂੰ ਅਸਲ ਖੋਜ ਦੀ ਜ਼ਿੰਮੇਵਾਰੀ ਉਠਾਉਣੀ ਪਵੇਗੀ। ਝੂਠ ਨਾਲ ਵਕਤੀ ਚਮਕ ਮਿਲ ਸਕਦੀ, ਸਥਾਈ ਵਿਸ਼ਵਾਸ ਨਹੀਂ। ਭਰੋਸੇਯੋਗਤਾ ਦੇ ਬਿਨਾਂ ਨਾ ਤਾਂ ਯੂਨੀਵਰਸਿਟੀਆਂ ਖੜ੍ਹੀਆਂ ਹੋ ਸਕਦੀਆਂ ਹਨ ਤੇ ਨਾ ਰਾਸ਼ਟਰ ਦੀ ਬੌਧਿਕ ਪ੍ਰਤਿਸ਼ਠਾ ਵਧ ਸਕਦੀ ਹੈ।

# ਭਾਰਤੀ ਸੰਸਦ ਅਖਾੜਾ, ਦੰਗਲ ਜਾਂ ਲੋਕਤੰਤਰ



ਗੁਰਮੀਤ ਸਿੰਘ ਪਲਾਹੀ

ਦੇਸ਼ ਦੀ ਸੰਸਦ ਦੇ ਬਜਟ ਅਜਲਾਸ ਵਿੱਚ ਇਹਨਾਂ ਦਿਨਾਂ ਵਿੱਚ ਵੱਡੇ ਹੰਗਾਮੇ ਹੋਏ। ਸੱਤਾਧਾਰੀ ਅਤੇ ਵਿਰੋਧੀ ਪੱਖ ਵਿੱਚ ਵੱਡਾ ਦੰਗਲ ਵੇਖਣ ਨੂੰ ਮਿਲਿਆ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਮਤੇ 'ਤੇ ਵਿਰੋਧੀ ਨੇਤਾ ਰਾਹੁਲ ਗਾਂਧੀ ਨੂੰ ਬੋਲਣ ਲਈ ਸਮਾਂ ਨਹੀਂ ਦਿੱਤਾ। ਲੋਕ ਸਭਾ ਵਿੱਚ ਏਨਾ ਹੰਗਾਮਾ ਹੋਇਆ ਕਿ ਕਾਂਗਰਸ ਦੇ ਅੱਠ ਲੋਕ ਸਭਾ ਮੈਂਬਰ ਮੁਅੱਤਲ ਕਰ ਦਿੱਤੇ ਗਏ। ਸਪੀਕਰ ਬਿਰਲਾ ਨੇ ਪ੍ਰਧਾਨ ਮੰਤਰੀ ਨੂੰ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਕਰਦੇ ਮਤੇ 'ਤੇ ਬਹਿਸ ਦਾ ਜਵਾਬ ਦੇਣ ਲਈ ਸਦਨ ਵਿੱਚ ਨਾ ਆਉਣ ਦੀ ਬੇਨਤੀ ਕੀਤੀ। ਲੋਕਤੰਤਰ ਦਾ ਇਹ ਵਿਸ਼ੇਸ਼ ਨਮੂਨਾ ਅੱਜ-ਕੱਲ੍ਹ ਦੇਸ਼ ਦੇ ਹਿੱਸੇ ਆ ਰਿਹਾ ਹੈ।

ਲੋਕ ਸਭਾ ਵਿੱਚ ਵਿਰੋਧੀ ਸੰਸਦ ਮੈਂਬਰਾਂ ਨੇ ਭਾਰਤ-ਅਮਰੀਕਾ ਵਪਾਰਕ ਢਾਂਚੇ 'ਤੇ ਚਰਚਾ ਦੀ ਮੰਗ ਕੀਤੀ। ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਨੂੰ ਵੀ ਬੋਲਣ ਦੀ ਆਗਿਆ ਨਹੀਂ ਦਿੱਤੀ ਗਈ। ਲੋਕ ਸਭਾ ਅਤੇ ਰਾਜ ਸਭਾ ਵਿੱਚ ਸੱਤਾ ਤੇ ਵਿਰੋਧੀ ਧਿਰ ਆਪਸ ਵਿੱਚ ਬੁਰੀ ਤਰ੍ਹਾਂ ਉਲਝੀ ਰਹੀ। ਲੋਕ ਸਭਾ ਵਿੱਚ ਕਾਂਗਰਸ ਦੀਆਂ ਮਹਿਲਾ ਮੈਂਬਰਾਂ ਨੇ ਸਪੀਕਰ ਬਿਰਲਾ 'ਤੇ ਦੋਸ਼ ਲਗਾਇਆ ਕਿ ਉਹ ਪ੍ਰਧਾਨ ਮੰਤਰੀ ਦੇ ਸਦਨ ਵਿੱਚੋਂ ਗ਼ਾਇਬ ਰਹਿਣ ਨੂੰ ਦਰੁਸਤ ਠਹਿਰਾਅ ਰਹੇ ਹਨ, ਜੋ ਸੰਵਿਧਾਨਕ ਕਦਰਾਂ-ਕੀਮਤਾਂ ਦੇ ਉਲਟ ਹੈ। ਉਹਨਾ ਕਿਹਾ ਕਿ ਪ੍ਰਧਾਨ ਮੰਤਰੀ ਸਦਨ ਵਿੱਚੋਂ ਮੈਂਬਰਾਂ ਵੱਲੋਂ ਕਿਸੇ ਖ਼ਤਰੇ ਕਰਕੇ ਗ਼ੈਰ-ਹਾਜ਼ਰ ਨਹੀਂ ਹੋਏ, ਸਗੋਂ ਡਰ ਕਰਕੇ ਗ਼ੈਰ-ਹਾਜ਼ਰ ਹੋਏ ਹਨ। ਕੀ ਇਹ ਰਾਜਾਸ਼ਾਹੀ ਦਾ ਸੰਕੇਤ ਤਾਂ ਨਹੀਂ?

ਅਮਰੀਕੀ ਯੌਨ ਸ਼ੋਸ਼ਣ ਅਪਰਾਧੀ ਜੈਫ਼ਰੀ ਐਪਸਟਿਨ ਨਾਲ਼ ਜੁੜੀਆਂ ਫਾਈਲਾਂ 'ਚ ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਦਾ ਨਾਂਅ ਸਾਹਮਣੇ ਆਉਣ ਕਾਰਨ ਵੱਡਾ ਹੰਗਾਮਾ ਅਤੇ ਨਾਅਰੇਬਾਜ਼ੀ ਵੇਖਣ ਨੂੰ ਮਿਲੀ। ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਗੀਤ 'ਬੰਦੇ ਮਾਤਰਮ' ਦੇ ਛੇ ਬੰਦ ਅਤੇ ਉਸ ਦੇ ਆਦਰ ਲਈ ਤਿੰਨ ਮਿੰਟ ਕੁਝ ਸਕਿੰਟ ਖੜੇ ਰਹਿਣ, ਉਸ ਦੇ ਬਾਅਦ ਰਾਸ਼ਟਰ ਗਾਣ ਨੂੰ ਜ਼ਰੂਰੀ ਕਰਾਰ ਦਿੱਤੇ ਜਾਣ ਸੰਬੰਧੀ ਸਦਨ ਵਿੱਚ ਵੱਡੀ ਬਹਿਸ ਛਿੜੀ। ਇੱਕ ਪੱਖ ਦਾ ਕਹਿਣਾ ਸੀ ਕਿ ਅਸੀਂ ਤਾਂ ਅੱਲਾਹ ਨੂੰ ਮੰਨਦੇ ਹਾਂ, ਕਿਸੇ ਹੋਰ ਨੂੰ ਨਹੀਂ। ਇੱਕ ਨੇ ਕਿਹਾ ਕਿ ਮੁਸਲਿਮ ਲੀਗ ਨੇ ਇਸ 'ਤੇ ਇਤਰਾਜ਼ ਕੀਤਾ ਸੀ ਤੇ ਇਤਰਾਜ਼ ਮੰਨਿਆ ਗਿਆ ਸੀ। ਇੱਕ ਹੋਰ ਨੇ ਕਿਹਾ ਕਿ ਇਹ ਸੰਪਰਦਾਇਕਤਾ ਫੈਲਾਉਣ ਦੀ ਕੋਸ਼ਿਸ਼ ਹੈ, ਜਦਕਿ ਦੂਜੇ ਨੇ ਕਿਹਾ ਕਿ ਇਹ ਦੇਸ਼ ਭਗਤੀ ਦਾ ਗੀਤ ਹੈ।

ਲੋਕਤੰਤਰ ਦੇ ਅਖਾੜੇ ਸੰਸਦ 'ਚ ਬਜਟ ਉੱਤੇ ਬਹਿਸ ਦਰਕਾਰ ਸੀ। ਸੰਸਦ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਬਣਾਉਟੀ ਬੁੱਧੀਮਤਾ (ਏ ਆਈ) ਕਾਰਨ ਆ ਰਹੀਆਂ ਚੁਣੌਤੀਆਂ, ਅਮਰੀਕਾ-ਭਾਰਤ ਸਮਝੌਤੇ ਬਾਰੇ ਵਿਸ਼ੇਸ਼ ਚਰਚਾ ਲੋੜੀਂਦੀ ਸੀ। ਚਰਚਾ ਤਾਂ ਦਿੱਲੀ ਦੇ ਪ੍ਰਦਰਸ਼ਨ ਉੱਤੇ, ਮਨੀਪੁਰ ਦੇ ਬਲਾਤਕਾਰਾਂ ਅਤੇ ਕਈ ਥਾਵਾਂ 'ਤੇ ਗੰਦੇ ਪਾਣੀ ਪੀਣ ਕਾਰਨ ਹੋਈਆਂ ਮੌਤਾਂ ਬਾਰੇ ਵੀ ਲੋੜੀਂਦੀ ਸੀ, ਪਰ ਇਹਨਾਂ ਚਰਚਾਵਾਂ ਲਈ ਸਦਨ ਦੇ ਮਾਣਯੋਗ ਮੈਂਬਰ ਸਮਾਂ ਹੀ ਨਹੀਂ ਕੱਢ ਸਕੇ। ਸਮਾਂ ਨਹੀਂ ਕੱਢ ਸਕੇ, ਦੇਸ਼ ਦੇ ਕਾਨੂੰਨਦਾਨ, ਇਸ ਗੱਲ ਲਈ ਚਰਚਾ ਕਰਨ ਵਾਸਤੇ ਕਿ ਪਿਛਲੇ 10 ਸਾਲਾਂ ਵਿੱਚ ਜੱਜਾਂ ਦੇ ਖ਼ਿਲਾਫ ਭ੍ਰਿਸ਼ਟਾਚਾਰ, ਯੌਨ ਦੁਰਾਚਾਰ ਅਤੇ ਹੋਰ ਗੰਭੀਰ 8639 ਸ਼ਿਕਾਇਤਾਂ ਕਿਉਂ ਆ ਗਈਆਂ? ਕੀ ਕਾਰਨ ਹਨ ਇਸਦੇ? ਖ਼ਾਸ ਤੌਰ 'ਤੇ 2024 ਵਿੱਚ ਹੀ 1170 ਸ਼ਿਕਾਇਤਾਂ ਕਿਉਂ ਦਰਜ ਹੋਈਆਂ? ਕਿਵੇਂ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਤੇ ਨਿਰਾਸ਼ਾ ਵਧ ਰਹੀ ਹੈ?

ਕਿਉਂ ਨਹੀਂ ਦੇਸ਼ ਦੀ ਸੰਸਦ ਇਸ ਗੱਲ 'ਤੇ ਵਿਚਾਰ ਕਰ ਸਕੀ ਕਿ 28 ਰਾਜਾਂ ਦੇ ਕਿਸਾਨਾਂ ਉੱਤੇ ਔਸਤ ਕਰਜ਼ਾ ਰਕਮ ਵੱਧ ਰਹੀ ਹੈ? ਰਾਸ਼ਟਰੀ ਸੰਖਿਆ ਦਫ਼ਤਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਖੇਤੀ-ਪ੍ਰਧਾਨ ਸੂਬਿਆਂ ਆਂਧਰਾ ਪ੍ਰਦੇਸ਼, ਕੇਰਲ, ਪੰਜਾਬ, ਹਰਿਆਣਾ, ਤੇਲੰਗਾਨਾ ਦੇ ਕਿਸਾਨਾਂ 'ਤੇ ਪ੍ਰਤੀ ਸਾਲ ਪ੍ਰਤੀ ਕਿਸਾਨ ਕਰਜ਼ਾ ਵਧ ਰਿਹਾ ਹੈ। ਆਂਧਰਾ ਪ੍ਰਦੇਸ਼ ਵਿੱਚ ਪ੍ਰਤੀ ਕਿਸਾਨ ਪ੍ਰਤੀ ਪਰਵਾਰ ਔਸਤ ਕਰਜ਼ਾ 2,45,554 ਰੁਪਏ, ਕੇਰਲ ਵਿੱਚ 2,42,482 ਰੁਪਏ, ਪੰਜਾਬ ਵਿੱਚ 2,03,249 ਰੁਪਏ, ਜਦਕਿ ਹਰਿਆਣਾ ਵਿੱਚ ਇਹ ਕਰਜ਼ਾ 1,82,922 ਰੁਪਏ ਹੈ।

ਇਹ ਜਾਣਦਿਆਂ ਵੀ ਕਿ ਕਿਸਾਨ ਦੀ ਆਮਦਨ ਘਟ ਰਹੀ ਹੈ, ਉਸ ਨੂੰ ਆਧੁਨਿਕ ਮਸ਼ੀਨਰੀ ਅਤੇ ਟਰੈਕਟਰ ਆਦਿ ਖਰੀਦਣ ਲਈ ਕਰਜ਼ਾ ਲੈਣਾ ਪੈ ਰਿਹਾ ਹੈ। ਉਸ ਲਈ ਸਰਕਾਰ ਵੱਲੋਂ ਉਸ ਅਹਿਮ ਖੇਤਰ ਲਈ ਸਬਸਿਡੀਆਂ ਮੁਹੱਈਆ ਕਰਨ ਦੀ ਲੋੜ ਹੈ, ਤਾਂ ਕਿ ਦੇਸ਼ ਦਾ ਅੰਨ ਭੰਡਾਰ ਸੁਰੱਖਿਅਤ ਰਹੇ।

ਚਰਚਾ ਤਾਂ ਇਸ ਗੱਲ 'ਤੇ ਵੀ ਕਰਨੀ ਬਣਦੀ ਸੀ ਕਿ ਦੇਸ਼ ਕਣਕ-ਚਾਵਲ ਦੀ ਸੀਮਿਤ ਫ਼ਸਲ ਪ੍ਰਣਾਲੀ 'ਤੇ ਨਿਰਭਰ ਕਿਉਂ ਹੈ? ਦੇਸ਼ ਵਿੱਚ ਜ਼ਮੀਨ ਹੇਠਲਾ ਪਾਣੀ ਘਟ ਰਿਹਾ ਹੈ, ਤਾਂ ਕਿਉਂ ਘਟ ਰਿਹਾ ਹੈ? ਪਰ ਦੇਸ਼ ਦੇ ਨੇਤਾ ਤਾਂ ਸਿਰਫ਼ ਕੁਰਸੀ-ਯੁੱਧ ਵਿੱਚ ਗਲਤਾਨ ਰਹੇ।

ਕਿਉਂ ਚਰਚਾ ਨਹੀਂ ਹੋਈ ਕਿ ਸਰਕਾਰ ਕਿਉਂ ਦਬਾਅ ਵਿੱਚ ਆ ਕੇ ਅਮਰੀਕਾ ਵਰਗੇ ਦੇਸ਼ ਨਾਲ਼ ਟੈਰਿਫ਼ ਸਮਝੌਤਾ ਕਰ ਰਹੀ ਹੈ? ਅਮਰੀਕਾ 18 ਫ਼ੀਸਦੀ ਟੈਰਿਫ਼ ਲਏਗਾ ਅਤੇ ਭਾਰਤ 0 ਫ਼ੀਸਦੀ ਟੈਰਿਫ਼ ਲਵੇਗਾ-ਸਮਾਨਤਾ ਕਿੱਥੇ ਹੈ?

ਅਮਰੀਕੀ ਸਮਝੌਤੇ ਵਿੱਚ ਪਹੇਲੀ ਇਹ ਹੈ ਕਿ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦਾ ਕੀ ਖਰੀਦੇਗਾ? ਕੀ ਭਾਰਤ ਕੋਲ ਅਮਰੀਕਾ ਤੋਂ ਮਹਿੰਗੇ ਜਹਾਜ਼, ਸੈਨਿਕ ਸਮਾਨ ਅਤੇ ਉੱਚੀ ਕੀਮਤ 'ਤੇ ਤੇਲ ਖਰੀਦਣ ਤੋਂ ਬਿਨਾਂ ਹੋਰ ਕੋਈ ਬਦਲ ਹੈ? ਅਮਰੀਕਾ ਕੋਲ ਇਹੋ ਜਿਹੀਆਂ ਹੋਰ ਕੋਈ ਚੀਜ਼ਾਂ ਨਹੀਂ, ਜੋ ਭਾਰਤ ਦੀ ਅਰਥ ਵਿਵਸਥਾ ਨੂੰ ਮਜ਼ਬੂਤ ਕਰ ਸਕਣ।

ਦੇਸ਼ ਦੀ ਸੰਸਦ ਦੇ ਸਿਆਣੇ ਇਸ ਗੱਲ 'ਤੇ ਚਰਚਾ ਤੋਂ ਕਿਉਂ ਕੰਨੀ ਕਤਰਾ ਰਹੇ ਹਨ ਕਿ ਵੋਟਾਂ ਤੋਂ ਪਹਿਲਾਂ ਨਕਦੀ ਟਰਾਂਸਫ਼ਰ ਕਰਕੇ ਸੂਬਿਆਂ 'ਚ ਹਾਕਮ ਧਿਰਾਂ ਵੋਟਾਂ ਪੱਕੀਆਂ ਕਰ ਰਹੀਆਂ ਹਨ। ਮੱਧ ਪ੍ਰਦੇਸ਼ ਵਿੱਚ ਲਾਡਲੀ ਬਹਿਨਾ, ਮਹਾਰਾਸ਼ਟਰ ਵਿੱਚ ਲਾਡਕੀ ਬਹਿਨ, ਕਰਨਾਟਕ ਵਿੱਚ ਗ੍ਰਹਿ ਲਕਸ਼ਮੀ, ਤਮਿਲਨਾਡੂ ਵਿੱਚ ਉਮਰਈ ਥੋਗਈ, ਹਰਿਆਣਾ ਵਿੱਚ ਲਾਡੋ, ਓਡੀਸ਼ਾ ਵਿੱਚ ਸੁਭੱਦਰਾ, ਝਾਰਖੰਡ ਵਿੱਚ ਮਈਆ ਸਨਮਾਨ, ਛੱਤੀਸਗੜ੍ਹ ਵਿੱਚ ਮਹਤਾਰੀ ਬੰਦਨ, ਬੰਗਾਲ ਵਿੱਚ ਲਕਸ਼ਮੀ ਭੰਡਾਰ, ਤੇਲੰਗਾਨਾ ਵਿੱਚ ਮਹਾਂ ਲਕਸ਼ਮੀ, ਅਸਾਮ ਵਿੱਚ ਔਰਨੋਦੋਈ, ਹਿਮਾਚਲ ਵਿੱਚ ਇੰਦਰਾ ਸਨਮਾਨ ਯੋਜਨਾਵਾਂ ਵਿੱਚ 1500 ਤੋਂ 2500 ਰੁਪਏ ਤੱਕ ਮਹੀਨਾਵਾਰ ਰਕਮ ਔਰਤਾਂ ਲਈ ਦੇ ਕੇ ਖਜ਼ਾਨੇ ਉੱਤੇ ਗੰਭੀਰ ਬੋਝ ਕਿਉਂ ਪਾਇਆ ਜਾ ਰਿਹਾ ਹੈ? ਕਿਉਂ ਨਹੀਂ ਇਸ ਮੁੱਦੇ ਉੱਤੇ ਚਰਚਾ ਹੁੰਦੀ ਕਿ 12 ਰਾਜਾਂ ਦੀਆਂ 12.8 ਕਰੋੜ ਔਰਤਾਂ ਨੂੰ ਹਰ ਸਾਲ 1.9 ਲੱਖ ਕਰੋੜ ਰੁਪਏ ਚੋਣਾਂ ਤੋਂ ਪਹਿਲਾਂ ਹੀ ਕਿਉਂ ਦਿੱਤੇ ਜਾਂਦੇ ਹਨ? ਔਰਤਾਂ ਦੀਆਂ ਵੋਟਾਂ ਖਰੀਦਣ ਲਈ ਲਾਲਚ ਦੇਣ ਦਾ ਰੁਝਾਨ ਕਿਉਂ ਵਧ ਰਿਹਾ ਹੈ?

ਮਸਲੇ ਤਾਂ ਦੇਸ਼ ਨੂੰ ਦਰਪੇਸ਼ ਹੋਰ ਵੀ ਬਥੇਰੇ ਹਨ, ਪਰ ਦੇਸ਼ ਦੇ ਨੇਤਾ ਸੰਜੀਦਗੀ ਨਾਲ਼ ਵਿਚਾਰ ਕਰਨ ਦੇ ਰਾਹ ਨਹੀਂ ਪੈ ਰਹੇ। ਵੋਟਾਂ ਖਰੀਦੀਆਂ ਜਾਂਦੀਆਂ ਹਨ। ਆਗੂ ਕਾਨੂੰਨ-ਘੜਨੀ ਸਭਾ ਦੇ ਮੈਂਬਰ ਬਣਦੇ ਹਨ, ਉਹ ਲੋਕ ਵੀ ਇਹਨਾਂ ਸਦਨਾਂ ਦੇ ਮੈਂਬਰ ਬਣ ਜਾਂਦੇ ਹਨ, ਜਿਨ੍ਹਾਂ ਉੱਤੇ ਅਪਰਾਧਿਕ ਕੇਸ ਦਰਜ ਹਨ। ਫਿਰ ਸਦਨਾਂ ਵਿੱਚ ਜਾ ਕੇ ਦੇਸ਼-ਹਿੱਤ, ਲੋਕ-ਹਿੱਤ ਦੀ ਗੱਲ ਕਰਨੀ ਸ਼ਾਇਦ ਇਹਨਾਂ ਨੂੰ ਸੁਖਾਵੀਂ ਤੇ ਸਾਰਥਕ ਹੀ ਨਹੀਂ ਜਾਪਦੀ।

ਸੰਸਦ ਵਿੱਚ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗ ਕੀਤੀ ਕਿ ਸਾਬਕਾ ਸੈਨਾ ਜਨਰਲ ਮਨੋਜ ਮੁਕੁੰਦ ਨਰਵਾਣੇ ਦੀ ਪੁਸਤਕ ਵਿੱਚ ਜ਼ਿਕਰ ਕੀਤੀਆਂ ਕੁਝ ਘਟਨਾਵਾਂ ਅਤੇ ਫ਼ੈਸਲਿਆਂ ਸੰਬੰਧੀ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਦੀ ਭੂਮਿਕਾ 'ਤੇ ਸਪੱਸ਼ਟੀਕਰਨ ਹੋਣਾ ਚਾਹੀਦਾ ਹੈ ਤਾਂ ਸੰਸਦ ਵਿੱਚ ਇੱਕ ਯੁੱਧ ਛਿੜ ਗਿਆ। ਇਸ ਚਰਚਾ ਨੂੰ ਨਿਯਮਾਂ ਵਿਰੁੱਧ ਦੱਸਿਆ ਗਿਆ। ਵਿਸ਼ੇਸ਼ ਅਧਿਕਾਰ ਹਨਨ ਦਾ ਮਤਾ ਪੇਸ਼ ਕਰਨ ਦੀਆਂ ਤਰਕੀਬਾਂ ਸੋਚੀਆਂ ਗਈਆਂ। ਸਪੀਕਰ ਵਿਰੁੱਧ ਅਵਿਸ਼ਵਾਸ ਦਾ ਮਤਾ ਪੇਸ਼ ਹੋਇਆ। ਹਾਏ-ਹਾਏ ਦੇ ਨਾਅਰੇ ਲੱਗੇ।

ਪਰ ਸਦਨ ਦਾ ਇਹ ਸੈਸ਼ਨ ਸੁਸਤ ਬਜਟ ਬਾਰੇ ਚੁੱਪੀ 'ਤੇ ਚੁੱਪ ਰਿਹਾ। ਕੋਈ ਬਹਿਸ ਨਹੀਂ ਕਰ ਸਕਿਆ। ਵੈਸੇ ਇਸ ਸਦਨ ਵਿੱਚ ਬਹਿਸ ਦੀ ਗੁੰਜਾਇਸ਼ ਹੀ ਕਿੱਥੇ ਹੈ?

ਭਾਰਤ ਦੀ ਸੰਸਦ ਲੋਕਤੰਤਰ ਦਾ ਘਰ ਹੈ। ਇਹ ਸਦਨ ਲੋਕਾਂ ਦੀ ਅਵਾਜ਼ ਸੁਣਨ-ਬਣਨ ਲਈ ਬਣਾਏ ਗਏ ਸਨ, ਪਰ ਅੱਜ ਇਹ ਲੋਕਾਂ ਦੀ ਅਵਾਜ਼ ਬੰਦ ਕਰਨ ਲਈ ਵਰਤੇ ਜਾ ਰਹੇ ਹਨ। ਕਾਰਨ ਸਿੱਧਾ ਤੇ ਸਪੱਸ਼ਟ ਹੈ ਕਿ ਇਸ ਸਦਨ ਵਿੱਚ ਲੋਕ-ਹਿੱਤਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਸੰਸਦ ਵਿੱਚ ਆਪੋ-ਆਪਣੇ ਮਸਲੇ ਪੇਸ਼ ਕਰਨ ਦੀ ਗੱਲ ਗ਼ੈਰ-ਹਾਜ਼ਰ ਹੈ। ਕੇਂਦਰੀਕਰਨ ਦੀ ਰਾਜਨੀਤੀ ਹਾਵੀ ਹੋਣ ਕਾਰਨ ਲੋਕਾਂ ਦੀ ਅਵਾਜ਼ ਜਿਵੇਂ ਪਾਰਟੀ ਪੱਧਰ 'ਤੇ ਦਬਾਈ ਜਾ ਰਹੀ ਹੈ, ਉਵੇਂ ਹੀ ਇਹਨਾਂ ਸਦਨਾਂ 'ਚ ਦੱਬੀ ਜਾ ਰਹੀ ਹੈ। ਸਿੱਟਾ ਆਪਸੀ ਗੁੱਟਬਾਜ਼ੀ ਤੇ ਲੜਾਈ ਵਿੱਚ ਨਿਕਲ ਰਿਹਾ ਹੈ।

ਦੇਸ਼ ਭੁੱਖਮਰੀ ਦਾ ਸ਼ਿਕਾਰ ਹੈ-ਕੀ ਸਦਨ ਚਿੰਤਤ ਹੈ? ਦੇਸ਼ ਬੇਰੁਜ਼ਗਾਰੀ ਦਾ ਮਾਰਿਆ ਪਿਆ ਹੈ-ਕੀ ਸਦਨ ਮੈਂਬਰਾਂ ਨੂੰ ਫ਼ਿਕਰ ਹੈ? ਦੇਸ਼ ਵਿੱਚ ਕਾਲੇ ਕਾਨੂੰਨ ਬਣ ਰਹੇ ਹਨ, ਕਿਸਾਨ-ਮਜ਼ਦੂਰ ਵਿਰੋਧੀ-ਕੀ ਵਿਰੋਧੀ-ਸੱਤਾਧਾਰੀ ਮੈਂਬਰਾਂ ਨੂੰ ਇਸ ਸੰਬੰਧੀ ਜਾਣਕਾਰੀ ਹੈ? ਦੇਸ਼ ਅੱਜ ਧਰਮ ਦੇ ਨਾਂਅ 'ਤੇ ਵੰਡਿਆ ਜਾ ਰਿਹਾ ਹੈ। ਫ਼ਿਰਕਾਪ੍ਰਸਤੀ ਵਧ ਰਹੀ ਹੈ। ਕੀ ਦੇਸ਼ ਦੀ ਸੰਸਦ ਵਿੱਚ ਇਸ ਸੰਬੰਧੀ ਕਿਸੇ ਚਰਚਾ ਕੀਤੀ ਹੈ? ਬੁਲਡੋਜ਼ਰ ਦੀ ਨੀਤੀ ਭਾਰੂ ਹੋ ਰਹੀ ਹੈ।

ਲੋਕਤੰਤਰ ਦਾ ਦਰਵਾਜ਼ਾ ਭਾਰਤੀ ਸਦਨ ਰੂਹ ਦੇ ਪੱਖੋਂ ਖਾਮੋਸ਼ ਹੈ, ਇਹ ਬੜਬੋਲੀ ਤੇ ਹਮਲਾਵਰ ਹੋਈ ਜ਼ਰੂਰ ਦਿਖਦੀ ਹੈ। ਵਿਸ਼ੇਸ਼ ਅਧਿਕਾਰ ਹਨਨ ਲਿਆਉਣ ਦੇ ਮਾਮਲੇ 'ਤੇ ਦੇਸ਼ ਦਾ ਵਿਰੋਧੀ ਧਿਰ ਨੇਤਾ ਇਹ ਤਾਂ ਕਹਿੰਦਾ ਹੈ-ਮੈਨੂੰ ਪਾਰਲੀਮੈਂਟ ਵਿੱਚੋਂ ਕੱਢ ਦਿਓ, ਮੈਂ ਡਰਨ ਵਾਲਾ ਨਹੀਂ ਹਾਂ। ਮੈਂ ਸੱਚ ਦੇ ਨਾਲ਼ ਖੜਾ ਹਾਂ, ਮੈਂ ਕਿਸਾਨ ਦੇ ਨਾਲ਼ ਖੜਾ ਹਾਂ। ਮੈਂ ਮਜ਼ਦੂਰ ਦੇ ਨਾਲ਼ ਖੜਾ ਹਾਂ।

ਸੰਸਦ ਦੇ ਸਮਾਗਮਾਂ 'ਤੇ ਕਰੋੜਾਂ ਰੁਪਏ ਪ੍ਰਤੀ ਦਿਨ ਦਾ ਖ਼ਰਚ ਹੈ। ਪਾਰਲੀਮੈਂਟ ਸਦਨ ਲੋਕਾਂ ਦੇ ਦਿੱਤੇ ਟੈਕਸ ਦੇ ਪੈਸਿਆਂ ਦੀ ਦੁਰਵਰਤੋਂ ਦਾ ਸਥਾਨ ਬਣ ਚੁੱਕੇ ਹਨ, ਜਿਹੜੇ ਆਮ ਲੋਕਾਂ ਨੂੰ ਕੋਈ ਰਾਹਤ ਜਾਂ ਚੈਨ ਨਹੀਂ ਦੇ ਰਹੇ। ਲੋਕਤੰਤਰ ਦਾ ਪਵਿੱਤਰ ਥਾਂ ਬਣਨ ਦੀ ਥਾਂ ਦੰਗਲ ਦਾ ਅਖਾੜਾ ਬਣ ਰਹੇ ਹਨ। ਇਹ ਸੱਚਮੁੱਚ ਦੇਸ਼ ਵਾਸੀਆਂ ਲਈ ਚਿੰਤਾ ਦਾ ਵਿਸ਼ਾ ਹੈ।

**# ਸੰਪਰਕ : 98158-02070**

# ਹੈਲੋ ਸਰ ! ਮੈਨੂੰ ਨੌਕਰੀ ਮਿਲ ਗਈ



ਹਰਸੰਤ ਸਿੰਘ ਢੀਂਡਸਾ

ਜਦੋਂ ਮੈਨੂੰ ਇਹ ਸ਼ਬਦ ਸੁਣਨ ਨੂੰ ਮਿਲੇ ਤਾਂ ਮਨ ਦੇ ਵਿੱਚ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ, ਇਹ ਸ਼ਬਦ ਮੇਰੇ ਪਿਆਰੇ ਵਿਦਿਆਰਥੀ ਗੁਰਸੇਵਕ ਸਿੰਘ ਦੇ ਸਨ। ਮੇਰਾ ਮਨ ਅਤੀਤ ਦੇ ਵਿੱਚ ਚਲਿਆ ਗਿਆ। ਸੰਨ 2011 ਦੇ ਵਿੱਚ ਜਦੋਂ ਮੈਂ ਨਵਾਂ-ਨਵਾਂ ਲੈਕਚਰਾਰ ਬਣ ਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ਾਦੀਹਰੀ - ਰਾਏਧਰਾਣਾ ਵਿਖੇ ਆਇਆ, ਤਾਂ ਉਸ ਸਮੇਂ ਹੀ ਗੁਰਸੇਵਕ ਸਿੰਘ ਨੂੰ ਉਸ ਦਾ ਚਾਚਾ ਦਾਖਲ ਕਰਾਉਣ ਲਈ ਸਕੂਲ ਦੇ ਵਿੱਚ ਸਬੱਬੀਂ ਆ ਗਿਆ। ਉਸ ਦੇ ਚਾਚਾ ਜੀ ਦੇ ਕਹੇ ਬੋਲ ਮੇਰੇ ਧੁਰ ਦਿਲ ਦੇ ਵਿੱਚ ਬਹਿ ਗਏ, ਪਿੰਡ ਡੂਡੀਆਂ, ਜੋ ਕਿ ਮੂਨਕ ਬੈਲਟ ਦੇ ਬਾਂਗਰੂ ਪਿੰਡਾਂ ਦੇ ਵਿੱਚ ਆਉਂਦਾ ਹੈ, ਗੁਰਸੇਵਕ ਦਾ ਚਾਚਾ ਬਾਂਗਰੂ ਬੋਲੀ ਦੇ ਵਿੱਚ ਹੀ ਬੋਲ ਰਿਹਾ ਸੀ। ਉਸ ਨੇ ਕਿਹਾ ਮਾਸਟਰ ਜੀ ਇਸ ਛੋਰੇ ਕੇ ਮਾਂ-ਬਾਪ ਇਸ ਕੋ ਬਚਪਨ ਮੇ ਹੀ ਛੋੜ ਕੇ ਪਰਮਾਤਮਾ ਕੇ ਪਾਸ ਚਲੇ ਗਏ, ਈਵ ਮੈਂ ਹੀ ਇਸ ਕਾ ਸਹਾਰਾ ਹੂੰ, ਈਵ ਥਮੇ ਹੀ ਇਸਕੇ ਮਾਸਟਰ ਅਤੇ ਮਾਂ ਬਾਪ ਹੋ, ਮੇਰੀ ਤੋਂ ਥਾਰੇ ਪਰ ਆਸ ਹੈ, ਇਸੇ ਮਾੜੀ ਸੰਗਤ ਸੇ ਵਿਚਾਨਾ, ਈਵ ਗੁਰਸੇਵਕ ਥਾਰਾ ਬੱਚਾ ਹੈ। ਗੁਰਸੇਵਕ ਸਿੰਘ ਦੇ ਚਾਚਾ ਜੀ ਦੇ ਕਹੇ ਬੋਲ ਮੇਰੇ 'ਤੇ ਵੱਡੀ ਜ਼ਿੰਮੇਵਾਰੀ ਪਾ ਗਏ। ਮੈਨੂੰ ਗੁਰਸੇਵ ਦੇ ਵਿੱਚ ਆਸ ਦੀ ਕਿਰਨ ਜਾਗੀ ਅਤੇ ਮੈਨੂੰ ਬਹੁਤ ਪਿਆਰਾ ਵਿਦਿਆਰਥੀ ਜਾਪਣ ਲੱਗਿਆ। ਗੁਰਸੇਵਕ ਪੇਂਡੂ ਮੁੰਡਾ ਡੀਲ-ਡੌਲ ਦੇ ਵਿੱਚ ਖੁੱਲ੍ਹਾ, ਤਕੜਾ ਜੁੱਸਾ ਅਤੇ ਖੇਡਾਂ ਦੇ ਵਿੱਚ ਰੁਚੀ ਰੱਖਦਾ, ਪੜ੍ਹਨ ਦੇ ਵਿੱਚ ਵੀ ਵਧੀਆ ਸੀ। ਮੈਂ ਗੁਰਸੇਵਕ ਨੂੰ ਕਹਿੰਦਾ, ਬੇਟਾ ਜ਼ਿੰਦਗੀ ਦੇ ਵਿੱਚ ਕਾਮਯਾਬ ਹੋਣ ਦੇ ਲਈ ਤੇਰਾ ਸਹਾਰਾ ਪੜ੍ਹਾਈ ਹੀ ਬਣ ਸਕਦੀ ਹੈ। ਮੈਂ ਅਕਸਰ ਹੀ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਸਮੇਂ ਸਾਬਕਾ ਰਾਸ਼ਟਰਪਤੀ ਮਰਹੂਮ ਅਬਦੁਲ ਕਲਾਮ ਬਾਰੇ ਦੱਸਦਾ ਰਹਿੰਦਾ ਕਿ ਕਿੰਨੀ ਗਰੀਬੀ ਦੇ ਵਿੱਚ ਉਹਨਾ ਸਿੱਖਿਆ ਪ੍ਰਾਪਤ ਕੀਤੀ ਅਤੇ ਵਿਦਿਆਰਥੀਆਂ ਨੂੰ ਉਹਨਾਂ ਦੀ ਜੀਵਨੀ 'ਅਗਨੀ ਪੰਖ' ਪੜ੍ਹਨ ਦੇ ਲਈ ਪ੍ਰੇਰਿਤ ਕਰਦਾ ਕਿ ਕਿਵੇ ਕਲਾਮ ਜੀ ਗਰੀਬੀ ਕਾਰਨ ਭੁੱਖੇ ਰਹਿ ਕੇ ਘਰਾਂ ਦੇ ਵਿੱਚ ਸਵੇਰੇ ਅਖਬਾਰ ਸੁੱਟ ਕੇ ਆਪਣੀ ਰੋਜ਼ੀ-ਰੋਟੀ ਅਤੇ ਪੜ੍ਹਾਈ ਦੀ ਫੀਸ ਭਰਨ ਸਬੰਧੀ ਸੱਚੀ-ਸੁੱਚੀ ਕਿਰਤ ਕਰਦੇ। ਗੁਰਸੇਵਕ ਖੇਡਣ ਦੇ ਨਾਲ ਪੜ੍ਹਨ ਦੇ ਵਿੱਚ ਵੀ ਪੂਰੀ ਰੁਚੀ ਰੱਖਦਾ ਅਤੇ ਮੇਰਾ ਆਗਿਆਕਾਰ ਵਿਦਿਆਰਥੀ ਰਿਹਾ। ਮੇਰੇ ਪਿਆਰੇ ਵਿਦਿਆਰਥੀ ਨਾਲ ਮੇਰਾ ਦਿਲੀ ਲਗਾਓ ਸੀ। ਗਿਆਰਵੀਂ ਜਮਾਤ ਵਿੱਚ ਚੰਗੇ ਨੰਬਰ ਲੈ ਕੇ ਪਾਸ ਹੋਇਆ ਅਤੇ ਬਾਰ੍ਹਵੀਂ ਜਮਾਤ ਵਿੱਚ ਵੀ ਮੈਂ ਰਾਜਨੀਤੀ ਸ਼ਾਸਤਰ ਵਿਸ਼ਾ ਹੀ ਪੜ੍ਹਾਉਂਦਾ ਸੀ। ਮੈਂ ਵਿਦਿਆਰਥੀਆਂ ਨੂੰ ਹਰ ਸਮੇਂ ਇੱਕ ਹੀ ਗੱਲ ਕਹਿੰਦਾ ਕਿ ਬੱਚਿਓ ਪਾਸ ਹੋਣਾ ਕੋਈ ਔਖੀ ਗੱਲ ਨਹੀਂ, ਪਰ ਅੱਜ ਪਾਸ ਵਿਦਿਆਰਥੀਆਂ ਦਾ ਕੋਈ ਮੁੱਲ ਨਹੀਂ, ਮੁੱਲ ਸਿਰਫ ਚੰਗੇ ਨੰਬਰਾਂ ਦਾ ਹੈ, ਜੇਕਰ ਤੁਹਾਡੀ ਮੈਰਿਟ ਚੰਗੀ ਹੋਵੇਗੀ ਤਾਂ ਤੁਹਾਨੂੰ ਕੋਈ ਵੀ ਰੋਕ ਨਹੀਂ ਸਕਦਾ, ਮੈਂ ਪੰਜਾਬੀ ਦੇ ਮਕਬੂਲ ਸ਼ਾਇਰ ਅਵਤਾਰ ਪਾਸ਼ ਦੀਆਂ ਤੁਕਾਂ ਹਮੇਸ਼ਾ ਵਿਦਿਆਰਥੀਆਂ ਦੇ ਨਾਲ ਸਾਂਝੀਆਂ ਕਰਦਾ : ਪੁਲਸ ਦੀ ਕੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ, ਸ਼ਾਹ ਦੀ ਲੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ, ਸਭ ਤੋਂ ਖਤਰਨਾਕ ਹੁੰਦਾ ਸਾਡੇ ਸੁਪਨਿਆਂ ਦਾ ਮਰ ਜਾਣਾ, ਸਾਨੂੰ ਕਦੇ ਆਪਣੇ ਸੁਪਨਿਆਂ ਨੂੰ ਨਹੀਂ ਮਾਰਨਾ ਚਾਹੀਦਾ, ਤੁਹਾਡੀ ਸੋਚ ਅੰਬਰਾਂ ਨੂੰ ਛੂਹਣੀ ਚਾਹੀਦੀ ਹੈ, ਕਦੀ ਵੀ ਸੋਚ ਛੋਟੀ ਨਾ ਰੱਖੋ। ਗੁਰਸੇਵਕ ਸੁਪਨੇ ਲੈਂਦਾ ਨਜ਼ਰ ਆਉਂਦਾ, ਮੈਂ ਉਸ ਨੂੰ ਆਪਣੇ ਛੋਟੇ ਭਰਾ ਅਤੇ ਬੱਚੇ ਦੀ ਤਰ੍ਹਾਂ ਸਮਝਾਉਂਦਾ, ਮੇਰੀਆਂ ਗੱਲਾਂ ਉੱਤੇ ਬਹੁਤ ਅਸਰ ਕਰਦਾ, ਮੈਨੂੰ ਬਹੁਤ ਚੰਗਾ ਲੱਗਦਾ। ਬਾਰ੍ਹਵੀਂ ਜਮਾਤ ਚੰਗੇ ਨੰਬਰਾਂ ਦੇ ਨਾਲ ਪਾਸ ਕੀਤੀ। ਸਰਕਾਰੀ ਕਾਲਜ ਮੂਨਕ ਵਿਖੇ ਗ੍ਰੈਜੂਏਸ਼ਨ ਵਿੱਚ ਦਾਖਲਾ ਲੈ ਲਿਆ। ਮੇਰੇ ਨਾਲ ਸੰਪਰਕ ਰੱਖਦਾ, ਹਰ ਸਮੇਂ ਰਾਇ ਲੈਂਦਾ। ਮੈਨੂੰ ਮੂਨਕ ਕਾਲਜ ਵਿੱਚ ਸਪੋਰਟਸ ਮੀਟ 'ਤੇ ਬਤੌਰ ਮਹਿਮਾਨ ਜਾਣ ਦਾ ਮੌਕਾ ਮਿਲਿਆ, ਖੇਡਾਂ ਦੇ ਬਹੁਤ ਸਾਰੇ ਈਵੈਂਟ ਦੇਖੇ। ਮੇਰੀ ਨਜ਼ਰ ਗੁਰਸੇਵਕ 'ਤੇ ਪਈ, ਉਹ ਦੌੜਨ ਦੇ ਵਿੱਚ ਫਸਟ ਆਇਆ ਅਤੇ ਕਈ ਹੋਰ ਈਵੈਂਟਾਂ ਦੇ ਵਿੱਚ ਵੀ ਉਸ ਨੇ ਪ੍ਰਾਪਤੀ ਕੀਤੀ। ਜੇਤੂ ਇਨਾਮ ਲੈਣ ਸਮੇਂ ਜਦੋਂ ਉਹ ਮੇਰੇ ਨਾਲ ਫੋਟੋ ਕਰਵਾ ਰਿਹਾ ਸੀ, ਤਾਂ ਮੇਰਾ ਖੁਸ਼ੀ ਦੇ ਨਾਲ ਸੀਨਾ ਚੌੜਾ ਹੋ ਗਿਆ, ਮੁੱਖ ਮਹਿਮਾਨ ਅਤੇ ਪ੍ਰਿੰਸੀਪਲ ਨੂੰ ਮੈਂ ਮਾਣ ਨਾਲ ਕਿਹਾ ਕਿ ਇਹ ਮੇਰਾ ਬਹੁਤ ਹੀ ਪਿਆਰਾ ਵਿਦਿਆਰਥੀ ਹੈ। ਗੁਰਸੇਵਕ ਨੇ ਪੁਲਸ ਭਰਤੀ ਸਮੇਂ ਟਰਾਇਲਾਂ ਦੇ ਵਿੱਚ ਕੀਤਾ, ਸਰੀਰਕ ਫਿਟਨੈੱਸ ਕਾਰਨ ਬਹੁਤ ਹੀ ਸੌਖੇ ਟਰਾਇਲ ਪਾਸ ਕੀਤੇ। ਬਾਰ੍ਹਵੀਂ ਦੀ ਉੱਚੀ ਮੈਰਿਟ ਕਾਰਨ ਪੁਲਸ ਦੇ ਵਿੱਚ ਭਰਤੀ ਹੋ ਗਿਆ।

ਮੇਰੇ ਪਿਆਰੇ ਵਿਦਿਆਰਥੀ ਨੇ ਜਦੋਂ ਮੈਨੂੰ ਫੋਨ ਦੇ ਉੱਤੇ ਖਬਰ ਦਿੱਤੀ ਕਿ ਸਰ ਮੈਂ ਪੁਲਸ ਦੇ ਵਿੱਚ ਭਰਤੀ ਹੋ ਗਿਆ, ਤਾਂ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਪੁਰਾਤਨ ਸੱਭਿਅਤਾ ਅਨੁਸਾਰ ਅਧਿਆਪਕ ਦੀ ਦੋ ਤਰ੍ਹਾਂ ਦੀ ਔਲਾਦ ਹੁੰਦੀ ਹੈ, ਇੱਕ ਨਿੱਜੀ ਅਤੇ ਦੂਜੇ ਉਸ ਦੇ ਆਤਮਕ ਭਾਵ ਵਿਦਿਆਰਥੀ। ਅਧਿਆਪਕ ਦੇ ਲਈ ਉਸ ਦੇ ਵਿਦਿਆਰਥੀ ਵੀ ਆਪਣੀ ਔਲਾਦ ਦੇ ਬਰਾਬਰ ਹੀ ਹੁੰਦੇ ਹਨ, ਜਦੋਂ ਉਹ ਕਾਮਯਾਬ ਹੁੰਦੇ ਹਨ, ਸਭ ਤੋਂ ਜ਼ਿਆਦਾ ਖੁਸ਼ੀ ਵਿਦਿਆਰਥੀ ਦੇ ਮਾਂ-ਬਾਪ ਅਤੇ ਉਸ ਦੇ ਅਧਿਆਪਕ ਨੂੰ ਹੁੰਦੀ ਹੈ। ਉਸ ਤਰ੍ਹਾਂ ਹੀ ਗੁਰਸੇਵਕ ਦੀ ਖੁਸ਼ੀ ਮੈਨੂੰ ਸੀ, ਮੈਂ ਗੁਰਸੇਵਕ ਦੇ ਚਾਚੇ ਨਾਲ ਕੀਤਾ ਵਾਅਦਾ ਪੂਰਾ ਕੀਤਾ। ਮੇਰਾ ਪਿਆਰਾ ਵਿਦਿਆਰਥੀ ਗੁਰਸੇਵਕ ਅੱਜ ਵੀ ਮੇਰੇ ਅੱਧੇ ਬੋਲ ਦੇ ਉੱਤੇ ਹਾਜ਼ਰ ਹੁੰਦਾ ਹੈ, ਪਰਮਾਤਮਾ ਮੇਰੇ ਪਿਆਰੇ ਵਿਦਿਆਰਥੀ ਨੂੰ ਜ਼ਿੰਦਗੀ ਵਿੱਚ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਬਖਸ਼ੇ।

**# ਸੰਪਰਕ : 98781-97000, 94179-24177**

# ਟੁੱਟ ਰਹੇ ਸਾਂਝੇ ਪਰਵਾਰ ਸਮਾਜ ਲਈ ਵੱਡਾ ਦੁਖਾਂਤ



ਜਗਤਾਰ ਸਮਾਲਸਰ

ਹਰ ਇਨਸਾਨ ਪਰਵਾਰ ਬਿਨਾਂ ਅਧੂਰਾ ਹੈ। ਜੀਵਨ ਵਿੱਚ ਭਾਵੇ ਕੋਈ ਕਿੰਨਾ ਵੀ ਸਫ਼ਲ ਹੋਵੇ ਜਾਂ ਪੜ੍ਹਿਆ-ਲਿਖਿਆ ਹੋਵੇ, ਪਰ ਜੇਕਰ ਉਸ ਕੋਲ ਪਰਵਾਰ ਨਹੀ ਹੈ ਤਾਂ ਉਹ ਇਕੱਲਾ ਹੈ ਅਤੇ ਇਕੱਲਿਆਂ ਜ਼ਿੰਦਗੀ ਕੱਟਣੀ ਆਸਾਨ ਨਹੀ ਹੁੰਦੀ। ਪਰਵਾਰ ਵਿੱਚ ਰਹਿਣ ਵਾਲਾ ਇਨਸਾਨ ਆਪਣੀਆਂ ਖੁਸ਼ੀਆਂ ਅਤੇ ਦਰਦ ਨੂੰ ਵੰਡਣਾ ਜਾਣਦਾ ਹੈ। ਅਜੋਕੇ ਸਮੇਂ ਦੌਰਾਨ ਸੰਯੁਕਤ ਪਰਵਾਰਾਂ ਦਾ ਟੁੱਟਣਾ ਪੂਰੇ ਵਿਸ਼ਵ ਲਈ ਚਿੰਤਾ ਦਾ ਵਿਸ਼ਾ ਹੈ।

ਪਰਵਾਰ ਇੱਕ ਅਜਿਹੀ ਸਮਾਜਿਕ ਸੰਸਥਾ ਹੈ, ਜੋ ਆਪਸੀ ਸਹਿਯੋਗ ਅਤੇ ਸੰਯੋਗ ਨਾਲ ਅੱਗੇ ਵਧਦੀ ਹੈ, ਜਿਸ ਪਰਵਾਰ ਦੇ ਸਾਰੇ ਮੈਂਬਰ ਆਪਸ ਵਿੱਚ ਮਿਲ ਕੇ ਆਪਣੀ ਜ਼ਿੰਦਗੀ ਪਿਆਰ ਅਤੇ ਸੁਨੇਹ ਨਾਲ ਗੁਜ਼ਾਰਦੇ ਹਨ, ਉਹ ਪਰਵਾਰ ਕਿਸੇ ਜੰਨਤ ਤੋਂ ਘੱਟ ਨਹੀ ਹੁੰਦਾ। ਪਰਵਾਰ ਦੀ ਮਰਿਯਾਦਾ ਅਤੇ ਅਨੁਸ਼ਾਸਨ ਵਿੱਚ ਰਹਿ ਕੇ ਹਰ ਇੱਕ ਨੂੰ ਸਨਮਾਨ ਅਤੇ ਇੱਜ਼ਤ ਦੇਣਾ ਇੱਕ ਸੁਖੀ ਅਤੇ ਖੁਸ਼ਹਾਲ ਪਰਵਾਰ ਦੇ ਗੁਣ ਹੁੰਦੇ ਹਨ। ਕਿਸੇ ਵੀ ਪਰਵਾਰ ਦੇ ਗੁਣ ਅਤੇ ਔਗੁਣ ਹੀ ਆਦਮੀ ਦੀ ਪਹਿਚਾਣ ਹੁੰਦੇ ਹਨ। ਸੁੱਖ ਅਤੇ ਦੁੱਖ ਜ਼ਿੰਦਗੀ ਦੇ ਪਹਿਲੂ ਹਨ, ਪਰ ਦੁੱਖ ਦੇ ਸਮੇਂ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਅਤੇ ਅਜਿਹੇ ਮੌਕੇ ਇੱਕ-ਦੂਜੇ ਨੂੰ ਹੌਸਲਾ ਦੇ ਕੇ ਸਹਾਰਾ ਬਣਨ ਵਾਲੇ ਪਰਵਾਰ ਜਿੱਥੇ ਸਮਾਜ ਲਈ ਇੱਕ ਉਦਾਹਰਣ ਬਣਦੇ ਹਨ, ਉੱਥੇ ਹੀ ਅਜਿਹੇ ਪਰਵਾਰਾਂ ਵਿੱਚ ਦੁੱਖ ਵੀ ਜ਼ਿਆਦਾ ਸਮੇ ਤੱਕ ਨਹੀ ਠਹਿਰਦੇ। ਅਜਿਹੇ ਪਰਵਾਰ ਆਪਸੀ ਭਾਈਚਾਰੇ ਅਤੇ ਸਹਿਣਸ਼ੀਲਤਾ ਨਾਲ ਆਪਣੀ ਜ਼ਿੰਦਗੀ ਵਿੱਚੋਂ ਦੁੱਖ ਨੂੰ ਦੂਰ ਭਜਾਉਣ ਲਈ ਮਿਸਾਲ ਬਣਦੇ ਹਨ।

ਸਿਆਣਿਆ ਦਾ ਕਥਨ ਹੈ ਕਿ ਸਾਂਝੇ ਪਰਵਾਰ ਤੋਂ ਵੱਡਾ ਕੋਈ ਪੈਸਾ ਨਹੀਂ ਹੁੰਦਾ। ਪਿਤਾ ਤੋਂ ਵੱਡਾ ਕੋਈ ਸਲਾਹਕਾਰ ਨਹੀਂ ਹੁੰਦਾ। ਮਾਂ ਦੀ ਅਸੀਸ ਤੋਂ ਵੱਡੀ ਕੋਈ ਦੁਨੀਆ ਨਹੀਂ ਹੁੰਦੀ। ਭਰਾ ਤੋਂ ਚੰਗਾ ਕੋਈ ਸਾਂਝੀਵਾਲ ਨਹੀਂ ਹੁੰਦਾ। ਭੈਣ ਤੋਂ ਵੱਡਾ ਕੋਈ ਸ਼ੁਭਚਿੰਤਕ ਨਹੀਂ ਹੁੰਦਾ। ਇਸ ਲਈ ਜੇਕਰ ਅਸੀ ਇਕਹਿਰੇ ਪਰਵਾਰ ਵਿੱਚ ਰਹਿੰਦੇ ਹਾਂ ਤਾਂ ਉਪਰੋਕਤ ਸਾਰੀਆਂ ਸਹੂਲਤਾਂ ਤੋਂ ਵਾਂਝੇ ਹੁੰਦੇ ਹਾਂ। ਸਾਂਝੇ ਪਰਵਾਰ ਤੋਂ ਬਿਨਾਂ ਖੁਸ਼ਹਾਲ ਜੀਵਨ ਦੀ ਕਲਪਨਾ ਕਰਨਾ ਔਖਾ ਹੈ। ਇੱਕ ਸਦਗੁਣੀ ਪਰਵਾਰ ਬੱਚੇ ਦੇ ਚਰਿੱਤਰ ਨਿਰਮਾਣ ਤੋਂ ਲੈ ਕੇ ਵਿਅਕਤੀ ਦੀ ਸਫਲਤਾ ਤੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਭਾਵੇ ਪ੍ਰਾਣੀ ਜਗਤ ਵਿੱਚ ਪਰਵਾਰ ਇੱਕ ਛੋਟੀ ਇਕਾਈ ਹੈ, ਪਰ ਇਸ ਦੀ ਮਜ਼ਬੂਤੀ ਸਾਨੂੰ ਹਰ ਵੱਡੀ ਤੋਂ ਵੱਡੀ ਮੁਸੀਬਤ ਤੋਂ ਬਚਾਉਣ ਵਿੱਚ ਸਹਾਈ ਹੁੰਦੀ ਹੈ। ਪਰਵਾਰ ਕਿਸੇ ਵੀ ਰਾਸ਼ਟਰ ਦੀ ਮੁੱਢਲੀ ਇਕਾਈ ਵੀ ਹੈ। ਸੁਚੱਜੇ ਪਰਵਾਰ ਨਾਲ ਹੀ ਚੰਗੇ ਰਾਸ਼ਟਰ ਦਾ ਨਿਰਮਾਣ ਹੁੰਦਾ ਹੈ। ਇਸ ਲਈ ਇੱਕ ਸੰਪੂਰਨ ਪਰਵਾਰ ਦਾ ਰਾਸ਼ਟਰ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਹੁੰਦਾ ਹੈ।

ਪਰਵਾਰ ਇਨਸਾਨ ਦਾ ਪਹਿਲਾ ਸਕੂਲ ਹੈ। ਉਹ ਜੋ ਕੁਝ ਵੀ ਚੰਗਾ ਜਾਂ ਬੁਰਾ ਸਿੱਖਦਾ ਹੈ, ਆਪਣੇ ਪਰਵਾਰ ਵਿੱਚੋਂ ਹੀ ਸਿੱਖਦਾ ਹੈ। ਮਨੋਵਿਗਿਆਨੀ ਵੀ ਜਦੋ ਕਿਸੇ ਪਰਵਾਰ ਦੀ ਸਮੱਸਿਆ ਨੂੰ ਹੱਲ ਕਰਦੇ ਹਨ ਤਾਂ ਸਭ ਤੋਂ ਜ਼ਿਆਦਾ ਤਵੱਜੋ ਪਰਵਾਰ ਦੀ ਵਿਚਾਰਧਾਰਾ ਨੂੰ ਹੀ ਦਿੰਦੇ ਹਨ। ਪਰਵਾਰ ਸਾਡੀ ਨੀਂਹ ਵਿੱਚ, ਚਾਲ-ਚਲਣ ਵਿੱਚ ਅਤੇ ਫਿਰ ਸਾਡੇ ਪੂਰੇ ਜੀਵਨ ਵਿੱਚ ਝਲਕਦਾ ਅਤੇ ਛਲਕਦਾ ਹੈ। ਪਰਵਾਰ ਇੱਕ ਵਿਚਾਰ ਹੈ, ਸੁਰੱਖਿਆ ਅਤੇ ਜੀਵਨ ਸ਼ੈਲੀ ਹੈ। ਇਸ ਵਿੱਚ ਰਹਿਣ ਦਾ ਇੱਕ ਤਰੀਕਾ ਹੈ, ਜਿਸ ਨੂੰ ਅਸੀਂ ਪਰਵਾਰਕ ਸੰਸਕਾਰ ਕਹਿੰਦੇ ਹਾਂ।

ਅਜੋਕੇ ਬਦਲਦੇ ਸਮੇਂ ਵਿੱਚ ਸ਼ਹਿਰੀਕਰਨ ਅਤੇ ਆਧੁਨਿਕਤਾ ਨੇ ਸਾਂਝੇ ਪਰਵਾਰਾਂ ਦੀ ਪ੍ਰੰਪਰਾ ਨੂੰ ਖਤਰੇ ਵਿੱਚ ਪਾ ਦਿੱਤਾ ਹੈ, ਜਿਸ ਨਾਲ ਸੰਯੁਕਤ ਪਰਵਾਰ ਇਕਹਿਰੀ ਪਰਵਾਰ ਪ੍ਰਣਾਲੀ ਵਿੱਚ ਤੇਜ਼ੀ ਨਾਲ ਬਦਲ ਰਹੇ ਹਨ।

ਅਜੋਕੇ ਇਕਹਿਰੇ ਪਰਵਾਰ ਦੀ ਜੀਵਨ-ਸ਼ੈਲੀ ਨੇ ਦਾਦਾ-ਦਾਦੀ ਅਤੇ ਨਾਨਾ-ਨਾਨੀ ਦੀ ਗੋਦ ਵਿੱਚ ਖੇਡਣ ਅਤੇ ਲੋਰੀ ਸੁਣਨ ਵਾਲੇ ਬੱਚਿਆਂ ਦਾ ਬਚਪਨ ਖੋਹ ਕੇ ਉਨ੍ਹਾਂ ਨੂੰ ਮੋਬਾਇਲ ਦੇ ਆਦੀ ਬਣਾ ਦਿੱਤਾ ਹੈ। ਹੁਣ ਲਾਲਚ ਭਰੀ ਮਾਨਸਿਕਤਾ, ਉਪਭੋਗਤਾਵਾਦੀ ਸੱਭਿਆਚਾਰ ਅਤੇ ਸਹਿਣਸ਼ੀਲਤਾ ਦੀ ਕਮੀ ਕਾਰਨ ਸਾਂਝੇ ਪਰਵਾਰ ਟੁੱਟਣ ਲੱਗੇ ਹਨ।



ਪਿੰਡਾਂ ਵਿੱਚ ਰੁਜ਼ਗਾਰ ਦੀ ਅਣਹੋਂਦ ਦੇ ਕਾਰਨ ਅਕਸਰ ਵੱਡੀ ਆਬਾਦੀ ਦਾ ਸ਼ਹਿਰਾਂ ਵੱਲ ਨੂੰ ਮੁਹਾਣ ਹੋਣ ਲੱਗਾ ਹੈ। ਇਸ ਤੋਂ ਇਲਾਵਾ ਪੱਛਮੀ ਸੰਸਕ੍ਰਿਤੀ ਦਾ ਪ੍ਰਭਾਵ ਵਧਣ ਦੇ ਕਾਰਨ ਆਧੁਨਿਕ ਪੀੜ੍ਹੀ ਦਾ ਆਪਣੇ ਬਜ਼ੁਰਗਾਂ ਅਤੇ ਮਾਪਿਆਂ ਪ੍ਰਤੀ ਇੱਜ਼ਤ ਅਤੇ ਸਨਮਾਨ ਘੱਟ ਹੋਣ ਲੱਗਾ ਹੈ। ਬੁਢੇਪੇ ਵਿੱਚ ਜ਼ਿਆਦਾਤਰ ਬਿਮਾਰ ਰਹਿਣ ਵਾਲੇ ਮਾਤਾ-ਪਿਤਾ ਹੁਣ ਦੀ ਪੀੜ੍ਹੀ ਨੂੰ ਬੋਝ ਲੱਗਣ ਲੱਗੇ ਹਨ। ਇਕਹਿਰੀ ਪਰਵਾਰ ਪ੍ਰਣਾਲੀ ਵਿੱਚ ਪਲਿਆ ਕੋਈ ਵੀ ਬੱਚਾ ਆਪਣੇ ਫਰਜ਼ ਪ੍ਰਤੀ ਜਾਗਰੂਕ ਨਹੀ ਹੁੰਦਾ। ਇਸ ਲਈ ਅਜਿਹੇ ਬੱਚੇ ਅਲੱਗ ਰਹਿਣ ਨੂੰ ਹੀ ਆਪਣੇ ਜੀਵਨ ਦੀ ਸਭ ਤੋਂ ਵੱਡੀ ਖੁਸ਼ੀ ਮੰਨ ਲੈਂਦੇ ਹਨ।

ਬਜ਼ੁਰਗਾਂ ਅਤੇ ਆਧੁਨਿਕ ਪੀੜ੍ਹੀ ਦੇ ਵਿਚਾਰਾਂ ਵਿੱਚ ਆ ਰਿਹਾ ਵੱਡਾ ਫਰਕ ਸਾਂਝੇ ਪਰਵਾਰਾਂ ਨੂੰ ਤੋੜ ਰਿਹਾ ਹੈ, ਪਰ ਅਨੁਭਵ ਦਾ ਖਜ਼ਾਨਾ ਕਹੇ ਜਾਣ ਵਾਲੇ ਬਜ਼ੁਰਗਾਂ ਦੀ ਅਸਲੀ ਜਗ੍ਹਾ ਬਿਰਧ ਆਸ਼ਰਮ ਨਹੀਂ, ਸਗੋਂ ਘਰ ਹਨ, ਕਿਉਂਕਿ ਅਜੋਕੇ ਸਮੇਂ ਵਿੱਚ ਦਿਸ਼ਾਹੀਣ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਬਜ਼ੁਰਗਾਂ ਦੇ ਅਨੁਭਵ ਦੀ ਵੱਡੀ ਲੋੜ ਹੈ। ਇਸ ਲਈ ਸਾਂਝੇ ਪਰਵਾਰ ਵਿੱਚ ਬਜ਼ੁਰਗਾਂ ਦੀ ਹਰ ਗੱਲ ਨੂੰ ਅਹਿਮੀਅਤ ਦੇਣੀ ਅਤਿ ਜ਼ਰੂਰੀ ਹੈ। ਜਿਹੜੇ ਪਰਵਾਰ ਅੱਜ ਵੀ ਬਜ਼ੁਰਗਾਂ ਨੂੰ ਮਾਣ-ਸਨਮਾਨ ਦੇ ਕੇ ਉਨ੍ਹਾਂ ਦੀ ਰਹਿਨੁਮਾਈ ਹੇਠ ਆਪਣਾ ਜੀਵਨ ਜਿਉਂ ਰਹੇ ਹਨ, ਉਨ੍ਹਾਂ ਪਰਿਵਾਰਾਂ ਦੇ ਬੱਚਿਆਂ ਵਿੱਚ ਇੱਕ ਚੰਗੇ ਨਾਗਰਿਕ ਬਣਨ ਦੇ ਗੁਣ ਆਪਣੇ-ਆਪ ਪੈਦਾ ਹੋ ਰਹੇ ਹਨ। ਇਸ ਲਈ ਅੱਜ ਸਾਂਝੇ ਪਰਵਾਰਾਂ ਦੀ ਅਹਿਮੀਅਤ ਨੂੰ ਸਮਝਣ ਦੀ ਬਹੁਤ ਲੋੜ ਹੈ।

**# ਸੰਪਰਕ-94670-95953**

20 Feb Page 5.qxd 2/19/2026 10:44 PM Page 1



# ਪੁਲਸ ਨੇ ਲੋਕਾਂ ਦੇ ਗੁੰਮ ਹੋਏ 150 ਮੋਬਾਇਲ ਫੋਨ ਟਰੇਸ ਕਰਕੇ ਮਾਲਕਾਂ ਨੂੰ ਸੌਂਪੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**- ਸ੍ਰੀ ਅਭਿਮੰਨਿਊ ਰਾਣਾ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਜਿੱਥੇ ਜ਼ਿਲ੍ਹਾ ਅੰਦਰ ਪਬਲਿਕ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ, ਮਾੜੇ/ਸ਼ਰਾਰਤੀ ਅਨਸਰਾਂ ਨੂੰ ਕਾਬੂ ਕਰਨ, ਨਸ਼ੇ ਦਾ ਖਾਤਮਾ ਕਰਨ ਲਈ ਵੱਖ-ਵੱਖ ਉਪਰਾਲੇ ਕੀਤੇ ਜਾ ਰਹੇ



ਹਨ, ਉੱਥੇ ਆਮ ਪਬਲਿਕ ਨੂੰ ਆਧੁਨਿਕ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਵੀ ਕੀਤੇ ਜਾ ਰਹੇ ਹਨ।ਸੀਆਰ ਪੋਰਟਲ ਦੀ ਮੱਦਦ ਨਾਲ ਪਬਲਿਕ ਦੇ ਗੁੰਮ ਹੋਏ ਕਰੀਬ 150 ਮੋਬਾਇਲ ਫੋਨ ਟਰੇਸ ਕਰਕੇ ਜ਼ਿਲ੍ਹਾ ਪੁਲਸ ਮੁਖੀ ਦੀ ਨਿਗਰਾਨੀ ਹੇਠ ਮਨਮੀਤ ਸਿੰਘ ਢਿੱਲੋਂ ਐੱਸ ਪੀ (ਡੀ) ਵੱਲੋਂ ਫੋਨ ਮਾਲਕਾਂ ਨੂੰ ਸੌਂਪੇ ਗਏ।ਇਸ ਮੌਕੇ ਰਸ਼ਪਾਲ ਸਿੰਘ ਡੀ.ਐੱਸ.ਪੀ (ਡੀ), ਐੱਸ ਆਈ ਰਜਨੀ ਬਾਲਾ ਇੰਚਾਰਜ ਟੈਕਨੀਕਲ ਸੈੱਲ ਉਨ੍ਹਾਂ ਦੀ ਟੀਮ ਹਾਜ਼ਰ ਸੀ। ਇਸ ਮੌਕੇ ਸ੍ਰੀ ਅਭਿਮੰਨਿਊ ਰਾਣਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਮੋਬਾਇਲ ਗੁੰਮ ਹੋਣ ਬਾਰੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪੁਲਸ ਨੂੰ ਸ਼ਿਕਾਇਤਾਂ ਮੌਸੂਲ ਹੋਈਆਂ ਸਨ। ਇਨ੍ਹਾਂ ਸ਼ਿਕਾਇਤਾਂ 'ਤੇ ਕਾਰਵਾਈ ਕਰਦੇ ਹੋਏ ਟੈਕਨੀਕਲ ਟੀਮ ਵੱਲੋਂ ਇਨ੍ਹਾਂ ਗੁੰਮ ਹੋਏ ਮੋਬਾਇਲ ਫੋਨਾਂ ਨੂੰ ਸੀਆਰ ਪੋਰਟਲ 'ਤੇ ਟਰੇਸਿੰਗ ਤੇ ਲਗਾਇਆ ਗਿਆ ਸੀ, ਜਿਸ 'ਤੇ 150 ਮੋਬਾਇਲ ਫੋਨ ਚੱਲਦੇ ਪਾਏ ਗਏ।ਇਹ ਮੋਬਾਇਲ ਫੋਨ ਟੈਕਨੀਕਲ ਟੀਮ ਵੱਲੋਂ ਟਰੇਸ ਕਰਕੇ ਮੋਬਾਈਲ ਮਾਲਕਾਂ ਨੂੰ ਦਫ਼ਤਰ ਬੁਲਾ ਕੇ ਸੌਂਪੇ ਗਏ। ਜ਼ਿਲ੍ਹਾ ਪੁਲਸ ਮੁਖੀ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਵਿਅਕਤੀ ਦਾ ਮੋਬਾਇਲ ਗੁੰਮ ਹੁੰਦਾ ਹੈ ਤਾਂ ਉਹ ਮੋਬਾਇਲ ਦਾ ਮਾਰਕਾ, ਆਈ.ਐੱਮ.ਈ.ਆਈ. ਨੰਬਰ, ਕੰਪਨੀ ਤੇ ਮੋਬਾਇਲ ਵਿੱਚ ਪਹਿਲਾਂ ਚੱਲਦੇ ਫੋਨ ਨੰਬਰ ਵਗੈਰਾ ਦਾ ਵੇਰਵਾ ਦਿੰਦੇ ਹੋਏ ਸ਼ਿਕਾਇਤ ਨੇੜੇ ਪੁਲਸ ਸਾਂਝ ਕੇਂਦਰ ਵਿੱਚ ਦਰਜ ਕਰਵਾਉਣ ਤਾਂ ਜੋ ਉਨ੍ਹਾਂ ਦਾ ਮੋਬਾਇਲ ਫੋਨ ਟਰੇਸਿੰਗ 'ਤੇ ਲਗਾਉਣ ਸਬੰਧੀ ਅਗਲੀ ਕਾਰਵਾਈ ਕੀਤੀ ਜਾ ਸਕੇ।ਇਸ ਮੌਕੇ ਮੋਬਾਇਲ ਦੇ ਮਾਲਕਾਂ ਵੱਲੋਂ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਤੇ ਪੁਲਸ ਟੀਮ ਦਾ ਧੰਨਵਾਦ ਕੀਤਾ ਗਿਆ।

# 12 ਦੀ 'ਪੰਜਾਬ ਬਚਾਓ' ਰੈਲੀ ਸੱਤਾਧਾਰੀ ਪਾਰਟੀ ਲਈ ਸਾਬਿਤ ਹੋਵੇਗੀ ਵੱਡੀ ਚੁਣੌਤੀ : ਅਕਾਲੀ ਆਗੂ

**ਬਾਘਾ ਪੁਰਾਣਾ (ਮਨੀ ਸਿੰਗਲਾ)**- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਗਮੋਹਨ ਸਰਪੰਚ ਜੈ ਸਿੰਘ ਵਾਲਾ, ਲਵਲੀ ਬਾਂਸਲ ਲਧਾਈਕੇ ਵਾਲੇ ਤੇ ਵਿੱਕੀ ਫੂਲੇਵਾਲੀਆ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ 12 ਮਾਰਚ ਨੂੰ ਬਾਘਾ ਪੁਰਾਣਾ ਵਿਖੇ ਹੋਣ ਜਾ ਰਹੀ 'ਪੰਜਾਬ ਬਚਾਓ' ਰੈਲੀ ਨੂੰ ਲੈ ਕੇ ਪੂਰੇ ਹਲਕੇ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਰੈਲੀ ਨਾਲ ਨਾ ਸਿਰਫ਼ ਅਕਾਲੀ ਵਰਕਰਾਂ ਵਿੱਚ ਨਵਾਂ ਜੋਸ਼ ਪੈਦਾ ਹੋਵੇਗਾ।ਆਗੂਆਂ ਨੇ ਦੱਸਿਆ ਕਿ ਇਹ ਰੈਲੀ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਕੀਤੀ ਜਾ ਰਹੀ ਹੈ ਤੇ ਇਸ ਵਿੱਚ ਪਾਰਟੀ ਦੇ ਸੀਨੀਅਰ ਨੇਤਾ, ਵਰਕਰ ਤੇ ਹਮਦਰਦ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਨਗੇ।ਉਨ੍ਹਾਂ ਕਿਹਾ ਕਿ ਮੌਜੂਦਾ ਸੱਤਾਧਾਰੀ ਸਰਕਾਰ ਦੀਆਂ ਨੀਤੀਆਂ ਤੋਂ ਲੋਕ ਬਹੁਤ ਨਾਰਾਜ਼ ਹਨ, ਕਿਉਂਕਿ ਸੂਬੇ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਨਸ਼ਿਆਂ ਤੇ ਕਾਨੂੰਨ-ਵਿਵਸਥਾ ਦੀ ਹਾਲਤ



ਲਗਾਤਾਰ ਖਰਾਬ ਹੋ ਰਹੀ ਹੈ।ਜਗਮੋਹਨ ਸਰਪੰਚ ਜੈ ਸਿੰਘ ਵਾਲਾ ਨੇ ਕਿਹਾ ਕਿ ਪੰਜਾਬ ਦੀ ਕਿਸਾਨੀ, ਵਪਾਰ ਤੇ ਨੌਜਵਾਨ ਵਰਗ ਅੱਜ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਿਹਾ ਹੈ।ਸਰਕਾਰ ਵੱਲੋਂ ਕੀਤੇ ਵਾਅਦੇ ਕਾਗਜ਼ਾਂ ਤੱਕ ਸੀਮਤ ਰਹਿ ਗਏ ਹਨ।ਇਸੇ ਕਾਰਨ ਲੋਕ ਇਕ ਵਾਰ ਫਿਰ ਅਕਾਲੀ ਦਲ ਵੱਲ ਆਸ ਨਾਲ ਤੱਕ ਰਹੇ ਹਨ।ਲਵਲੀ ਬਾਂਸਲ ਲਧਾਈਕੇ ਨੇ ਕਿਹਾ ਕਿ 'ਪੰਜਾਬ ਬਚਾਓ' ਰੈਲੀ ਵਿੱਚ ਹੋਣ ਵਾਲਾ ਵੱਡਾ ਇਕੱਠ ਸੱਤਾਧਾਰੀ ਪਾਰਟੀ ਦਾ ਬਿਸਤਰਾ ਗੋਲ ਕਰਨ 'ਤੇ ਮੋਹਰ ਲਗਾਏਗਾ ਤੇ ਇਹ ਸਪਸ਼ਟ ਸੰਦੇਸ਼ ਦੇਵੇਗਾ ਕਿ ਪੰਜਾਬ ਦੀ ਜਨਤਾ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਤਿਆਰ ਹੈ।ਵਿੱਕੀ ਫੂਲੇਵਾਲੀਆ ਨੇ ਕਿਹਾ ਕਿ ਅਕਾਲੀ ਦਲ ਹਮੇਸ਼ਾ ਪੰਜਾਬ, ਪੰਜਾਬੀ ਤੇ ਪੰਥ ਦੀ ਗੱਲ ਕਰਦਾ ਆਇਆ ਹੈ ਅਤੇ ਅੱਗੇ ਵੀ ਕਰਦਾ ਰਹੇਗਾ।ਉਨ੍ਹਾਂ ਕਿਹਾ ਕਿ ਰੈਲੀ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ ਅਤੇ ਹਲਕੇ ਦੇ ਪਿੰਡਾਂ ਤੇ ਸ਼ਹਿਰਾਂ 'ਚ ਵਰਕਰ ਲੋਕਾਂ ਨੂੰ ਰੈਲੀ ਵਿੱਚ ਸ਼ਾਮਲ ਹੋਣ ਲਈ ਸੱਦਾ ਦੇ ਰਹੇ ਹਨ।ਅੰਤ ਵਿੱਚ ਆਗੂਆਂ ਨੇ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ 12 ਮਾਰਚ ਨੂੰ ਬਾਘਾ ਪੁਰਾਣਾ ਪਹੁੰਚ ਕੇ 'ਪੰਜਾਬ ਬਚਾਓ' ਰੈਲੀ ਨੂੰ ਕਾਮਯਾਬ ਬਣਾਇਆ ਜਾਵੇ ਤੇ ਪੰਜਾਬ ਨੂੰ ਇਕ ਵਾਰ ਫਿਰ ਤਰੱਕੀ ਦੇ ਰਾਹ 'ਤੇ ਲਿਆਂਦਾ ਜਾਵੇ।

# ਤੇਜ਼ ਰਫ਼ਤਾਰ ਸਕਾਰਪੀਓ ਬੇਕਾਬੂ ਹੋ ਦੁਕਾਨ 'ਚ ਵੜੀ, ਇੱਕ ਦੀ ਮੌਤ, ਦੋ ਜ਼ਖ਼ਮੀ

**ਮੋਗਾ (ਇਕਬਾਲ ਸਿੰਘ ਖਹਿਰਾ)**- ਬੀਤੀ ਰਾਤ ਪਿੰਡ ਧੱਲੇਕੇ ਵਿਖੇ ਇੱਕ ਤੇਜ਼ ਰਫ਼ਤਾਰ ਸਕਾਰਪੀਓ ਗੱਡੀ ਬੇਕਾਬੂ ਹੋ ਗਈ ਤੇ ਇੱਕ ਕਰਿਆਨੇ ਦੀ ਦੁਕਾਨ ਵਿੱਚ ਜਾ ਵੱਜੀ।ਟੱਕਰ ਇੰਨੀ ਭਿਆਨਕ ਸੀ



ਕਿ ਦੁਕਾਨ ਦੇ ਬਾਹਰ ਖੜ੍ਹੇ ਤਿੰਨ ਲੋਕ ਜ਼ਖ਼ਮੀ ਹੋ ਗਏ ਅਤੇ ਇੱਕ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਬੀਤੀ ਦੇਰ ਰਾਤ ਇੱਕ ਤੇਜ਼ ਰਫ਼ਤਾਰ ਨਵੀਂ ਸਕੋਰਪੀਓ ਗੱਡੀ ਬੇਕਾਬੂ ਹੋ ਗਈ ਤੇ ਧੱਲੇਕੇ ਪਿੰਡ ਵਿੱਚ ਇੱਕ ਕਰਿਆਨੇ ਦੀ ਦੁਕਾਨ ਵਿੱਚ ਜਾ ਵੱਜੀ।ਦੁਕਾਨ ਦੇ ਬਾਹਰ ਖੜ੍ਹੇ ਤਿੰਨ ਲੋਕਾਂ 'ਚੋਂ ਸੁਖਬੀਰ ਸਿੰਘ ਨਾਮੀ ਨੌਜਵਾਨ ਦੀ ਮੌਕੇ 'ਤੇ ਮੌਤ ਹੋ ਗਈ, ਜਦੋਂ ਕਿ ਦੋ ਜਾਣਿਆਂ ਜਿਨ੍ਹਾਂ ਵਿੱਚ ਇੱਕ ਲੜਕੀ ਸ਼ਾਮਲ ਹੈ, ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।ਸੂਚਨਾ ਮਿਲਣ 'ਤੇ ਪੁਲਸ ਪ੍ਰਸ਼ਾਸਨ ਮੌਕੇ 'ਤੇ ਪਹੁੰਚਿਆ, ਜਾਂਚ ਸ਼ੁਰੂ ਕੀਤੀ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਕਬਜ਼ੇ ਵਿੱਚ ਲੈ ਲਿਆ। ਜਾਣਕਾਰੀ ਦਿੰਦੇ ਹੋਏ ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਹਰਬੰਸ ਸਿੰਘ ਤੇ ਸੁਖਬੀਰ ਸਿੰਘ ਧੱਲੇਕੇ ਪਿੰਡ ਦੇ ਵਾਲਮੀਕਿ ਮੰਦਰ ਨੇੜੇ ਰਾਜੂ ਕਿਰਨਾ ਸਟੋਰ ਦੇ ਬਾਹਰ ਖੜ੍ਹੇ ਸਨ, ਜਦੋਂ ਇੱਕ ਸਕਾਰਪੀਓ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ, ਜਿਸ ਨਾਲ ਸੁਖਬੀਰ ਸਿੰਘ ਅਤੇ ਹਰਬੰਸ ਸਿੰਘ ਤੇ ਇੱਕ ਲੜਕੀ ਜ਼ਖ਼ਮੀ ਹੋ ਗਏ।ਸੁਖਬੀਰ ਸਿੰਘ ਦੀ ਇਲਾਜ ਤੋਂ ਪਹਿਲਾਂ ਹੀ ਮੌਤ ਹੋ ਗਈ, ਜਦੋਂ ਕਿ ਹਰਬੰਸ ਸਿੰਘ ਨੂੰ ਨੇੜਲੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ।ਜਦੋਂ ਇਸ ਮਾਮਲੇ ਸੰਬੰਧੀ ਡੀ.ਐਸ.ਪੀ ਸਿਟੀ ਗੁਰਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਹਾਦਸਾ ਬੀਤੀ ਦੇਰ ਰਾਤ ਹੋਇਆ ਹੈ। ਪੁਲਿਸ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।ਪਰਿਵਾਰ ਦੇ ਬਿਆਨਾਂ ਦੇ ਆਧਾਰ ਤੇ ਢੁਕਵੀਂ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਕਿਰਨਜੀਤ ਕੌਰ ਦੀ ਨਸ਼ਿਆਂ ਵਿਰੁੱਧ ਲਿਖੀ ਕਿਤਾਬ ਡੀ ਜੀ ਪੀ ਵੱਲੋਂ ਰਿਲੀਜ਼

**ਨਾਭਾ (ਵਰਿੰਦਰ ਵਰਮਾ)** ਪੁਲਸ ਹੈੱਡਕੁਆਰਟਰ ਪੰਜਾਬ ਚੰਡੀਗੜ੍ਹ ਵਿਖੇ ਸ੍ਰ. ਅਮਰਦੀਪ ਸਿੰਘ ਰਾਏ ਡੀਜੀਪੀ ਪੰਜਾਬ ਪੁਲਸ ਟ੍ਰੈਫਿਕ ਨੇ ਮੈਡਮ ਕਿਰਨਜੀਤ ਕੌਰ ਦੀ ਨਸ਼ਿਆਂ ਵਿਰੁੱਧ ਲਿਖੀ ਕਿਤਾਬ ਰਿਲੀਜ਼ ਕੀਤੀ।ਇਸ ਮੌਕੇ ਅਮਰਦੀਪ ਖੰਨਾ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਤੇ ਅਮਨਦੀਪ ਸਿੰਘ ਮੌਜੂਦ ਸਨ।ਇਸ ਮੌਕੇ ਡੀਜੀਪੀ ਅਮਰਦੀਪ ਸਿੰਘ ਰਾਏ ਨੇ ਮੈਡਮ ਕਿਰਨਜੀਤ ਕੌਰ ਨੂੰ ਵਧਾਈ ਦਿੰਦੇ ਹੋਏ ਇਸ ਕਿਤਾਬ ਬਾਰੇ ਕਿਹਾ ਕਿ ਇਹ ਬਹੁਤ ਵੱਡੀ ਉਪਰਾਲਾ ਹੈ ਨਸ਼ਿਆਂ ਦੀ



ਰੋਕਥਾਮ ਲਈ ਤੇ ਲੋਕਾਂ ਪ੍ਰਤੀ ਨਸ਼ਿਆਂ ਦੀ ਦੁਰਵਰਤੋਂ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਜਾਣੂ ਕਰਾਉਣ ਲਈ ਬਹੁਤ ਹੀ ਵਧੀਆ ਸਾਬਿਤ ਹੋਏਗੀ।ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਦੁਰਵਰਤੋਂ ਇਹ ਕਿਤਾਬ ਨਸ਼ੀਲੇ ਪਦਾਰਥਾਂ ਦੀ ਵਰਤੋਂ, ਉਸ ਦੇ ਨੁਕਸਾਨਦੇਹ ਪ੍ਰਭਾਵਾਂ ਅਤੇ ਉਨ੍ਹਾਂ ਦੀ ਰੋਕਥਾਮ ਬਾਰੇ ਹੈ।ਇਸ ਵਿੱਚ ਅਜਿਹੀਆਂ ਵੱਖ-ਵੱਖ ਦਵਾਈਆਂ, ਉਨ੍ਹਾਂ ਦੀਆਂ ਕਿਸਮਾਂ, ਰਸਾਇਣਕ ਰਚਨਾ ਅਤੇ ਮਨੁੱਖੀ ਸਰੀਰ ਉੱਤੇ ਪੈਣ ਵਾਲੇ ਪ੍ਰਭਾਵਾਂ ਦੀ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਕਿਤਾਬ ਸਮਾਜ ਵਿੱਚ ਨਸ਼ਿਆਂ ਦੀ ਵਧ ਰਹੀ ਸਮੱਸਿਆ ਅਤੇ ਨਵੀਂ ਪੀੜ੍ਹੀ ਉੱਤੇ ਪੈ ਰਹੇ ਪ੍ਰਭਾਵਾਂ ਨੂੰ ਸਮਝਣ ਅਤੇ ਰੋਕਣ ਵਿੱਚ ਮਦਦਗਾਰ ਸਾਬਿਤ ਹੋਵੇਗੀ।ਡੀਜੀਪੀ ਅਮਰਦੀਪ ਸਿੰਘ ਰਾਏ ਨੇ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਲਈ ਸੂਬਾ ਸਰਕਾਰ ਜਿੱਥੇ ਵੱਡੇ ਉਪਰਾਲੇ ਕਰ ਰਹੀ ਹੈ ਉਥੇ ਹੀ ਪੰਜਾਬ ਪੁਲਸ ਵੱਲੋਂ ਵੀ ਵੱਡੇ ਪੱਧਰ ਤੇ ਇਸ ਬਿਮਾਰੀ ਨੂੰ ਰੋਕਣ ਲਈ ਰੋਕਥਾਮ ਕਰ ਰਹੀ ਹੈ।ਉਹਨਾਂ ਨੌਜਵਾਨ ਪੀੜੀ ਨੂੰ ਬੇਨਤੀ ਕੀਤੀ ਕਿ ਨਸ਼ਿਆਂ ਨੂੰ ਤਿਆਗ ਕੇ ਖੇਡਾਂ ਵੱਲ ਧਿਆਨ ਦੇਣ ਕਿਉਂਕਿ ਇਹ ਨੌਜਵਾਨ ਪੀੜੀ ਸਾਡੇ ਦੇਸ਼ ਦੀ ਰੀੜ ਦੀ ਹੱਡੀ ਹਨ। ਇਸ ਮੌਕੇ ਮੈਡਮ ਕਿਰਨਜੀਤ ਕੌਰ ਨੇ ਚੋਣਵੇਂ ਪੱਤਰਕਾਰਾਂ ਨਾਲ ਕਿਤਾਬ ਰਿਲੀਜ਼ ਹੋਣ ਉਪਰੰਤ ਗੱਲਬਾਤ ਕਰਦਿਆਂ ਦੱਸਿਆ ਕਿ ਨਸ਼ਿਆਂ ਦੀ ਦੁਰਵਰਤੋਂ ਨੂੰ ਕੰਟਰੋਲ ਕਰਨ ਦੇ ਤਰੀਕਿਆਂ ਬਾਰੇ ਵੀ ਇਸ ਵਿੱਚ ਯੋਜਨਾਬੱਧ ਢੰਗ ਨਾਲ ਜਾਣਕਾਰੀ ਦਿੱਤੀ ਗਈ ਹੈ।ਇਹ ਕਿਤਾਬ ਯੂਨੀਵਰਸਿਟੀਆਂ, ਕਾਲਜਾਂ, ਸਿਖਲਾਈ ਸੈਂਟਰਾਂ, ਸਰਕਾਰੀ ਤੇ ਨਿੱਜੀ ਸੰਸਥਾਵਾਂ ਵਿੱਚ ਪ੍ਰਬੰਧਨ ਅਤੇ ਰੋਕਥਾਮ ਲਈ ਇੱਕ ਪਾਠ ਪੁਸਤਕ ਵਜੋਂ ਕੰਮ ਕਰ ਸਕਦੀ ਹੈ।ਇਹ ਨਸ਼ਾ ਮੁਕਤੀ ਕੇਂਦਰਾਂ, ਪੁਨਰਵਾਸ ਸੇਵਾਵਾਂ, ਤੇ ਸਲਾਹਕਾਰਾਂ ਲਈ ਇੱਕ ਹੈਂਡਬੁੱਕ ਵਜੋਂ ਵੀ ਲਾਭਕਾਰੀ ਸਾਬਿਤ ਹੋਵੇਗੀ।ਇਸ ਮੌਕੇ ਵੱਖ ਵੱਖ ਧਾਰਮਿਕ ਤੇ ਸਮਾਜਿਕ ਨੁਮਾਇੰਦਿਆਂ ਨੇ ਕਿਤਾਬ ਰਿਲੀਜ਼ ਹੋਣ ਤੇ ਮੈਡਮ ਕਿਰਨ ਜੀਤ ਕੌਰ ਨੂੰ ਵਧਾਈ ਦਿੱਤੀ।

# ਪੰਜਾਬ ਸਰਕਾਰ ਆਲੂ ਦੀ ਫਸਲ 'ਤੇ ਐੱਮ ਐੱਸ ਪੀ ਐਲਾਨ ਕਰੇ : ਸਨੀ ਗਿੱਲ

**ਮੋਗਾ (ਇਕਬਾਲ ਸਿੰਘ ਖਹਿਰਾ)**- ਸ਼੍ਰੋਮਣੀ ਅਕਾਲੀ ਦਲ ਦੇ ਵਿਧਾਨ ਸਭਾ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਉਰਫ਼ ਸਨੀ ਗਿੱਲ ਨੇ ਸੂਬੇ ਦੇ ਆਲੂ ਕਿਸਾਨਾਂ ਦੀ ਗੰਭੀਰ ਸਥਿਤੀ 'ਤੇ ਗਹਿਰੀ ਚਿੰਤਾ ਜਤਾਉਂਦੇ ਹੋਏ ਪੰਜਾਬ ਸਰਕਾਰ ਤੋਂ ਤੁਰੰਤ ਰਾਹਤ ਪੈਕੇਜ (ਪ੍ਰਤੀ ਬੋਰੀ ਘੱਟੋ-ਘੱਟ 200 ਬੋਨਸ) ਜਾਂ ਐਮਐਸਪੀ ਐਲਾਨਣ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਸਰਕਾਰ ਵਾਕਈ ਕਿਸਾਨ-ਹਿਤੈਸ਼ੀ ਹੈ ਤਾਂ ਆਲੂ ਉਤਪਾਦਕਾਂ ਨੂੰ ਨਿਊਨਤਮ ਸਮਰਥਨ ਮੁੱਲ ਦੇ ਕੇ ਉਨ੍ਹਾਂ ਦੀ ਆਰਥਿਕ ਸੁਰੱਖਿਆ ਯਕੀਨੀ ਬਣਾਏ। ਸਨੀ ਗਿੱਲ ਨੇ ਕਿਹਾ ਕਿ ਇਸ ਵੇਲੇ ਪੰਜਾਬ ਦਾ ਆਲੂ ਕਿਸਾਨ ਟ੍ਰਿਪਲ ਸੰਕਟ ਨਾਲ ਜੂਝ ਰਿਹਾ ਹੈ। ਜਨਵਰੀ-ਫਰਵਰੀ 2026 ਦੀ ਬੇਮੌਸਮੀ ਬਾਰਿਸ਼ ਤੇ ਓਲਾਵਰਖਾ ਨੇ ਖੜੀ ਫਸਲ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ।ਖੇਤਾਂ ਵਿੱਚ ਪਾਣੀ ਭਰਨ ਕਾਰਨ ਆਲੂ ਸੜਨ ਲੱਗ ਪਏ ਹਨ ਅਤੇ ਕਟਾਈ ਦਾ ਕੰਮ ਪ੍ਰਭਾਵਿਤ ਹੋਇਆ ਹੈ।ਇਸ ਦੇ ਨਾਲ ਹੀ ਨਮੀ ਵੱਧਣ ਕਾਰਨ ਫਸਲ ਵਿੱਚ ਪਛੇਤੀ ਝੁਲਸਾ (ਲੇਟ ਬਲਾਈਟ) ਵਰਗੀਆਂ ਫਫੂੰਦਜਨਿਤ ਬਿਮਾਰੀਆਂ ਦਾ ਪ੍ਰਕੋਪ ਵਧ ਗਿਆ ਹੈ, ਜਿਸ ਨਾਲ ਪੈਦਾਵਾਰ ਘਟਣ ਦਾ ਖਤਰਾ ਬਣ ਗਿਆ ਹੈ। ਉਨ੍ਹਾਂ ਦੱਸਿਆ ਕਿ



ਕੁਦਰਤੀ ਆਫ਼ਤ ਤੋਂ ਬਾਅਦ ਬਾਜ਼ਾਰ ਵਿੱਚ ਵੀ ਕਿਸਾਨਾਂ ਨੂੰ ਨਿਰਾਸ਼ਾ ਹੀ ਮਿਲੀ ਹੈ।ਆਲੂ ਦਾ ਥੋਕ ਭਾਅ ਘਟ ਕੇ ਕੇਵਲ 3 ਤੋਂ 4 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਰਹਿ ਗਿਆ ਹੈ, ਜੋ ਉਤਪਾਦਨ ਲਾਗਤ ਤੋਂ ਵੀ ਘੱਟ ਹੈ।ਇਸ ਸਮੇਂ ਖੇਤੀ ਦੀ ਠੇਕੇਦਾਰੀ 80 ਤੋਂ 85 ਹਜ਼ਾਰ ਰੁਪਏ ਸਾਲਾਨਾ ਪ੍ਰਤੀ ਏਕੜ ਹੈ ਤੇ ਜੇਕਰ ਕੋਈ 6 ਮਹੀਨੇ ਲਈ ਲੈਂਦਾ ਹੈ ਤਾਂ 40 ਤੋਂ 45 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮਿਲਦੀ ਹੈ।ਜੇ ਇਸ ਵਿੱਚ ਬੀਜਾਈ ਤੋਂ ਲੈ ਕੇ ਪਟਾਈ ਤੱਕ ਦਾ ਖਰਚ ਸ਼ਾਮਲ ਕਰੀਏ ਤਾਂ ਕਿਸਾਨਾਂ ਨੂੰ ਪ੍ਰਤੀ ਏਕੜ 40 ਤੋਂ 50 ਹਜ਼ਾਰ ਰੁਪਏ ਤੱਕ ਲਾਗਤ ਪੈਂਦੀ ਹੈ।ਜੇ ਆਲੂ ਕੋਲਡ ਸਟੋਰ ਵਿੱਚ ਸਟੋਰ ਕੀਤਾ ਜਾਵੇ ਤਾਂ ਇਹ ਲਾਗਤ ਹੋਰ ਵੱਧ ਜਾਂਦੀ ਹੈ।ਮੌਜੂਦਾ ਸਮੇਂ ਬਾਜ਼ਾਰ ਵਿੱਚ ਕਿਸਾਨਾਂ ਨੂੰ ਆਲੂ ਦਾ ਭਾਅ ਬਹੁਤ ਘੱਟ ਮਿਲ ਰਿਹਾ ਹੈ, ਜਿਸ ਕਾਰਨ ਆਲੂ ਉਤਪਾਦਕ ਕਿਸਾਨ ਫਸਲ ਨੂੰ ਖੇਤਾਂ ਵਿੱਚ ਹੀ ਦੱਬਣ ਲਈ ਮਜਬੂਰ ਹੋ ਰਹੇ ਹਨ।ਕਿਸਾਨਾਂ ਵਿੱਚ ਭਾਰੀ ਨਿਰਾਸ਼ਾ ਦਾ ਮਾਹੌਲ ਹੈ।ਸਨੀ ਗਿੱਲ ਨੇ ਕਿਹਾ ਕਿ ਉਪਜ ਦਾ ਯੋਗ ਮੁੱਲ ਨਾ ਮਿਲਣਾ ਕਿਸਾਨਾਂ ਦੀ ਪਖੇਸ਼ਾਨੀ ਵਧਾ ਰਿਹਾ ਹੈ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪ੍ਰਭਾਵਿਤ ਕਿਸਾਨਾਂ ਲਈ ਵਿਸ਼ੇਸ਼ ਮੁਆਵਜ਼ਾ, ਫਸਲ ਬੀਮਾ ਦਾਅਵਿਆਂ ਦਾ ਜਲਦੀ ਨਿਪਟਾਰਾ ਤੇ ਆਲੂ 'ਤੇ ਐੱਮ.ਐੱਸ.ਪੀ. ਜਾਂ ਬੋਨਸ ਲਾਗੂ ਕਰਕੇ ਤੁਰੰਤ ਰਾਹਤ ਦਿੱਤੀ ਜਾਵੇ, ਤਾਂ ਜੋ ਕਿਸਾਨਾਂ ਨੂੰ ਆਰਥਿਕ ਬਰਬਾਦੀ ਤੋਂ ਬਚਾਇਆ ਜਾ ਸਕੇ।

# ਨੰਬਰਦਾਰ ਕੁਲਾਰਾਂ ਨੂੰ ਵੱਖ-ਵੱਖ ਆਗੂਆਂ ਵੱਲੋਂ ਭਾਵਭਿੰਨੀਆਂ ਸ਼ਰਧਾਂਜਲੀਆਂ

**ਸਮਾਣਾ (ਗੁਰਪਿਆਰ ਸਿੰਘ ਬੱਲ)**- ਪਿੰਡ ਕੁਲਾਰਾਂ ਦੇ ਨੰਬਰਦਾਰ ਲਾਭ ਸਿੰਘ ਪਿਛਲੇ ਦਿਨੀਂ ਇਸ ਫਾਨੀ ਦੁਨੀਆ ਨੂੰ ਸਦਾ ਲਈ ਅਲਵਿਦਾ ਕਹਿ ਕੇ ਪ੍ਰਮਾਤਮਾ



ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਉਹਨਾਂ ਦੀ ਅੰਤਿਮ ਅਰਦਾਸ, ਭੋਗ ਰਸਮ ਸ਼ਰਧਾਂਜਲੀ ਸਮਾਗਮ ਉਨ੍ਹਾਂ ਦੇ ਪਿੰਡ ਕੁਲਾਰਾਂ ਵਿਖੇ ਗੁਰਦੁਆਰਾ ਬਾਬਾ ਬਹਾਲ ਸਿੰਘ ਵਿਖੇ ਹੋਇਆ।ਇਸ ਭੋਗ ਰਸਮ, ਸ਼ਰਧਾਂਜਲੀ ਸਮਾਗਮ ਵਿੱਚ ਪੰਚ, ਸਰਪੰਚ ਨੰਬਰਦਾਰ, ਇਲਾਕੇ ਦੀਆਂ ਉੱਘੀਆਂ ਸ਼ਖਸੀਅਤਾਂ ਤੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਡਾਕਟਰ ਮੁਕੇਸ਼ ਕੁਮਾਰ ਸ਼ਰਮਾ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।ਨੰਬਰਦਾਰ ਲਾਭ ਸਿੰਘ ਦਾ ਜਨਮ 1950 ਵਿੱਚ ਹੋਇਆ ਸੀ ਤੇ ਉਹ ਲਗਾਤਾਰ ਬਤੌਰ ਨੰਬਰਦਾਰ ਪਿੰਡ ਦੀਆਂ ਸੇਵਾਵਾਂ ਕਰਦੇ ਰਹੇ। ਹਰਮਿੰਦਰ ਸਿੰਘ ਪ੍ਰਧਾਨ ਸਮਰਾ ਗਰੁੱਪ 643 ਅਤੇ ਪ੍ਰਧਾਨ ਬਲਵਿੰਦਰ ਸਿੰਘ ਗਾਲਿਬ ਗਰੁੱਪ ਅਤੇ ਮੀਤ ਪ੍ਰਧਾਨ ਗੁਰਚਰਨ ਸਿੰਘ ਘੰਗਰੌਲੀ ਸਮਰਾ ਗਰੁੱਪ ਨੇ ਸ਼ਰਧਾ ਤੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਨੰਬਰਦਾਰ ਲਾਭ ਸਿੰਘ ਬੜੇ ਨਿੱਘੇ ਸੁਭਾਅ ਦੇ ਵਿਅਕਤੀ ਸਨ ਤੇ ਮੇਲ ਮਿਲਾਪ ਰੱਖਣ ਵਾਲੇ ਇਨਸਾਨ ਸਨ ਜੋ ਹਰੇਕ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੁੰਦੇ ਸਨ।ਨੰਬਰਦਾਰ ਯੂਨੀਅਨਾਂ ਵੱਲੋਂ ਸਵਰਗੀ ਲਾਭ ਸਿੰਘ ਦੇ ਸਪੁੱਤਰ ਹਰਜਿੰਦਰ ਸਿੰਘ ਨੂੰ ਦਸਤਾਰ ਭੇਟ ਕੀਤੀ ਅਤੇ ਚੰਗੇ ਭਵਿੱਖ ਲਈ ਕਾਮਨਾ ਕੀਤੀ।

# ਸ਼ਹੀਦ ਊਧਮ ਸਿੰਘ ਦਾ ਬਹਾਦਰੀ ਦਿਵਸ ਸਮਾਗਮ ਪਹਿਲੀ ਨੂੰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਦੁਸ਼ਮਣ ਤੋਂ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦਾ ਬਦਲਾ ਲੈਣ ਵਾਲੇ ਮਹਾਨ ਯੋਧੇ ਸ਼ਹੀਦ ਊਧਮ ਸਿੰਘ ਦਾ ਵੀਰਤਾ ਦਿਵਸ ਸ਼ਹੀਦ ਊਧਮ ਸਿੰਘ ਯਾਦਗਾਰੀ ਕਮੇਟੀ ਮੇਨ ਵੱਲੋਂ ਇੱਕ ਮਾਰਚ ਨੂੰ ਸਥਾਨਕ ਸ਼ਿਵ ਨਿਕੇਤਨ ਧਰਮਸ਼ਾਲਾ ਵਿਖੇ ਮਨਾਇਆ ਜਾਵੇਗਾ।ਇਸ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਮਨਦੀਪ ਸਿੰਘ ਜੋਸ਼ਨ ਨੇ ਦੱਸਿਆ ਕਿ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਅਮਨ ਅਰੋੜਾ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਜਗਦੀਪ ਸਿੰਘ ਗੋਲਡੀ ਕੰਬੋਜ ਵਿਧਾਇਕ ਜਲਾਲਾਬਾਦ, ਮੁਹੰਮਦ ਜਮੀਲ ਉਲ ਰਹਿਮਾਨ ਵਿਧਾਇਕ ਮਲੇਰਕੋਟਲਾ, ਡਾ. ਮਲਕੀਤ ਸਿੰਘ ਥਿੰਦ ਚੇਅਰਮੈਨ ਪੱਛੜੀਆਂ ਸ਼੍ਰੇਣੀਆਂ ਪੰਜਾਬ, ਸੰਦੀਪ ਸਿੰਘ ਕੋੜਾ ਚਾਂਸਲਰ ਐੱਸ ਐੱਸ ਯੂ ਸਕਿੱਲ ਯੂਨੀਵਰਸਿਟੀ, ਨਿਸ਼ਾਨਾ ਸਿੰਘ ਟੋਨੀ ਪ੍ਰਧਾਨ ਨਗਰ ਕੌਂਸਲ ਤੇ ਸੁਰੇਸ਼ ਕੰਬੋਜ ਉਤਰਾਖੰਡ ਸਕੱਤਰ ਅਖਿਲ ਭਾਰਤੀ ਕੰਬੋਜ ਸਭਾ ਸ਼ਾਮਲ ਹੋਣਗੇ।ਉਨ੍ਹਾਂ ਦੱਸਿਆ ਕਿ ਸਮਾਗਮ ਤੋਂ ਪਹਿਲਾ ਚੇਤਨਾ ਮਾਰਚ ਕੱਢਿਆ ਜਾਵੇਗਾ, ਜੋ ਸ਼ਿਵ ਨਿਕੇਤਨ ਤੋਂ ਸ਼ੁਰੂ ਹੋ ਕੇ ਸ਼ਹੀਦ ਊਧਮ ਸਿੰਘ ਦੇ ਜੱਦੀ ਘਰ ਜਾਵੇਗਾ।ਇਸ ਮੌਕੇ ਉਨ੍ਹਾਂ ਨਾਲ ਮਾਸਟਰ ਕੇਹਰ ਸਿੰਘ ਚੇਅਰਮੈਨ, ਹਰਨੇਕ ਸਿੰਘ ਨੱਢੇ ਸਰਪ੍ਰਸਤ, ਜਤਿੰਦਰ ਸਿੰਘ ਬੋਬੀ ਸਕੱਤਰ, ਗੁਰਬਚਨ ਸਿੰਘ ਕੈਸ਼ੀਅਰ, ਸੋਨੂੰ ਵਰਮਾ, ਰਣਵੀਰ ਸਿੰਘ ਰਾਣਾ, ਵਰਿੰਦਰ ਸਿੰਘ ਖਾਲਸਾ,ਬਿਕਰਮ ਸ਼ਰਮਾ, ਪ੍ਰਿਤਪਾਲ ਸਿੰਘ ਜੋਸ਼ਨ, ਭੁਪਿੰਦਰ ਸਿੰਘ ਸੰਧੇ, ਬਿੰਦਰ ਸਿੰਘ ਅਬਦਾਲ, ਨਰਿੰਦਰ ਢੋਟ, ਹਰਦੀਪ ਸਿੰਘ, ਗੁਰਮੇਲ ਸਿੰਘ, ਹਰਭਜਨ ਸਿੰਘ ਤੇ ਬਾਵਾ ਹਾਂਡਾ ਆਦਿ ਮੈਂਬਰ ਹਾਜ਼ਰ ਸਨ।

# ਮਥੁਰਾ, ਵਰਿੰਦਾਵਨ ਧਾਮ ਲਈ 68 ਸ਼ਰਧਾਲੂਆਂ ਦਾ ਜਥਾ ਰਵਾਨਾ

**ਨਾਭਾ (ਵਰਿੰਦਰ ਵਰਮਾ)**- ਸ੍ਰੀ ਖਾਟੂ ਸ਼ਿਆਮ ਮੰਦਰ ਬੱਸ ਸਟੈਂਡ ਨਾਭਾ ਤੋਂ ਡਾਇਰੈਕਟਰ ਲਲਿਤ ਗੁਪਤਾ ਅਤੇ ਪ੍ਰੋਜੈਕਟ ਚੇਅਰਮੈਨ ਕੁਲਦੀਪ ਭਾਟੀਆ ਦੀ ਅਗਵਾਈ ਵਿੱਚ 68 ਸ਼ਰਧਾਲੂਆ ਦਾ ਜਥਾ ਮਥੁਰਾ ਸ੍ਰੀ ਵਰਿੰਦਾਵਨ ਧਾਮ ਲਈ ਰਵਾਨਾ ਹੋਇਆ। 24 ਵੀ ਬੱਸ ਯਾਤਰਾ ਨੂੰ ਝੰਡੀ ਦੇਣ ਦੀ ਰਸਮ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਖੂਨਦਾਨੀ ਸਟੇਟ ਅਵਾਰਡੀ ਅਤੇ ਚੇਅਰਮੈਨ ਜਿਪਸੀ ਬਾਂਸਲ ਨੇ ਸਾਂਝੇ ਤੌਰ 'ਤੇ ਨਿਭਾਈ ਅਤੇ ਨਾਰੀਅਲ ਤੋੜਨ ਦੀ ਰਸਮ ਸਮਾਜ ਸੇਵਕ ਸਚਿਨ ਜਿੰਦਲ, ਸੰਜੀਵ ਜਿੰਦਲ ਸੰਜੂ (ਤੇਲ ਵਾਲੇ), ਸੁਸ਼ੀਲ ਗੋਇਲ ਸ਼ੀਲੂ ਸਮਾਜ ਸੇਵਕ ਨੇ ਸਾਂਝੇ ਤੌਰ 'ਤੇ ਅਦਾ ਕੀਤੀ। ਸੰਗਤਾਂ ਲਈ ਰਿਫਰੈਸ਼ਮੈਂਟ ਅਤੇ ਪਾਣੀ ਦਾ ਇੰਤਜ਼ਾਮ ਸਮਾਜ ਸੇਵਕ ਸੰਜੀਵ ਜਿੰਦਲ ਸੰਜੂ ਤੇਲ ਵਾਲਿਆਂ ਵੱਲੋਂ ਕੀਤਾ ਗਿਆ। ਇਸ ਮੌਕੇ ਪ੍ਰਧਾਨ ਭਾਸ਼ੀ ਨੇ ਕਿਹਾ ਕਿ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਣਾ ਬਹੁਤ ਚੰਗਾ ਕਦਮ ਹੈ, ਇਸ ਨਾਲ ਸਮਾਜ ਦੇ ਹੋਰ ਲੋਕਾਂ ਨੂੰ ਵੀ ਸੇਧ ਮਿਲਦੀ ਹੈ। ਬਾਂਕੇ ਬਿਹਾਰੀ ਗੁਪਤਾ ਜਾਗਰਣ ਪਰਵਾਰ ਦੀ ਸਾਰੀ ਟੀਮ 'ਤੇ ਵੀ ਕਿਰਪਾ ਬਣਾ ਕੇ ਰੱਖਣਗੇ ਜੋ ਇਹ ਸਾਰੀ ਸੰਗਤ ਨੂੰ ਸਪੈਸ਼ਲ ਦਰਸ਼ਨ ਕਰਵਾ ਕੇ ਲਿਆਉਂਦੇ ਹਨ। ਸਾਰੇ ਹੀ ਭਗਤਾਂ ਦੀ ਯਾਤਰਾ ਸੁੱਖ ਸ਼ਾਂਤਮਈ ਤਰੀਕੇ ਨਾਲ ਪੂਰੀ ਹੋਏ। ਸਾਡਾ ਹਰੇਕ ਤਰ੍ਹਾਂ ਦਾ ਸਹਿਯੋਗ ਗੁਪਤਾ ਜਾਗਰਣ ਪਰਵਾਰ ਨੂੰ ਹਮੇਸ਼ਾ ਰਹੇਗਾ। ਲਲਿਤ ਗੁਪਤਾ ਵੱਲੋ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਵੀ ਕੀਤਾ ਗਿਆ ਅਤੇ ਸਾਰਿਆਂ ਦਾ ਸਨਮਾਨ ਵੀ ਕੀਤਾ ਗਿਆ। ਪ੍ਰਧਾਨ ਭਾਸ਼ੀ ਨੇ ਸਾਰੀ ਟੀਮ ਨੂੰ ਨਾਲ ਲੈ ਕੇ ਯਾਤਰੀਆਂ ਨਾਲ ਭਰੀ ਬੱਸ ਦਾ ਦੌਰਾ ਵੀ ਕੀਤਾ ਅਤੇ ਸਾਰਿਆਂ ਨੂੰ ਇਸ ਯਾਤਰਾ ਲਈ ਮੁਬਾਰਕਾਂ ਵੀ ਦਿੱਤੀਆਂ, ਸਾਰਿਆਂ ਲਈ ਸੁੱਖ ਸ਼ਾਂਤੀ ਦੀ ਅਰਦਾਸ ਵੀ ਕੀਤੀ। ਇਸ ਮੌਕੇ ਨਾਲ ਜਗਮੋਹਨ ਕੁਮਾਰ, ਮੋਹਿਤ ਕੁਮਾਰ ਆਦਿ ਹਾਜ਼ਰ ਸਨ।

# ਬੀ ਕੇ ਯੂ ਏਕਤਾ ਉਗਰਾਹਾਂ ਨੇ ਬਲਾਕ ਦਿੜ੍ਹਬਾ 'ਚ ਸਰਕਾਰ ਦੇ ਪੁਤਲੇ ਫੂਕੇ

**ਦਿੜ੍ਹਬਾ (ਜਸਵੀਰ ਲਾਡੀ)**- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੇ 20 ਪਿੰਡਾਂ ਵੱਲੋਂ ਭਗਵੰਤ ਮਾਨ ਸਰਕਾਰ ਦੇ ਪੁਤਲੇ ਫੂਕੇ ਗਏ। ਇਸ ਮੌਕੇ ਪ੍ਰੈਸ ਨਾਲ ਗੱਲ ਕਰਦਿਆ ਬਲਾਕ



ਪ੍ਰਧਾਨ ਪ੍ਰਧਾਨ ਹਰਜੀਤ ਸਿੰਘ ਮਹਿਲਾ ਅਤੇ ਅਮਨਦੀਪ ਸਿੰਘ ਮਹਿਲਾ ਨੇ ਦੱਸਿਆ ਕੇ ਬਠਿੰਡਾ ਡੀਸੀ ਦਫਤਰ ਅੱਗੇ ਧਰਨਾ ਲਗਾਉਣ ਜਾ ਰਹੇ ਕਿਸਾਨਾਂ ਤੇ ਪੰਜਾਬ ਸਰਕਾਰ ਵੱਲੋਂ ਪੁਲਿਸ ਦੀਆਂ ਧਾੜਾਂ ਚਾੜ੍ਹ ਕੇ ਦਹਿਸ਼ਤ ਵਰਗਾ ਮਾਹੌਲ ਪੈਦਾ ਕੀਤਾ ਗਿਆ ਕਿਸਾਨ ਆਗੂਆਂ ਦੀ ਘਰਾਂ ਵਿੱਚ ਗਿਰਫਤਾਰੀ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਕੋਈ ਵੀ ਆਗੂ ਪੁਲਸ ਦੇ ਹੱਥ ਨਹੀਂ ਲੱਗਿਆ ਤੇ ਪਿੰਡਾਂ ਵਿੱਚ ਇਕੱਠੇ ਹੋਏ ਲੋਕਾਂ ਨੂੰ ਖਦੇੜਨ ਵਾਸਤੇ ਲਾਠੀਚਾਰਜ ਕੀਤਾ ਗਿਆ। ਪਿੰਡ ਜਿਉਂਦ ਵਿਖੇ ਅੱਥਰੂ ਗੈਸ ਦੇ ਗੋਲੇ ਚਲਾਏ ਗਏ ਇੱਕ ਨੌਜਵਾਨ ਦੀ ਲੱਤ ਤੋੜ ਦਿੱਤੀ ਅਤੇ ਇੱਕ ਨੌਜਵਾਨ ਦਾ ਅਥਰੂ ਗੈਸ ਦੇ ਗੋਲੇ ਨਾਲ ਹੱਥ ਫਟ ਗਿਆ ਕਿਉਂਕਿ ਪਿਛਲੇ ਇੱਕ ਸਾਲ ਤੋਂ ਸ਼ਗਨਦੀਪ ਸਿੰਘ ਜਿਉਂਦ ਤੇ ਬਲਦੇਵ ਸਿੰਘ ਚਾਉਕੇ 'ਤੇ ਝੂਠਾ ਪਰਚਾ ਦਰਜ ਕਰਕੇ ਪਿਛਲੇ ਇੱਕ ਸਾਲ ਤੋਂ ਜੇਲ ਵਿੱਚ ਬੰਦ ਕੀਤਾ ਹੋਇਆ ਹੈ, ਜਿਨ੍ਹਾਂ ਨੂੰ ਜਮਾਨਤ ਤੱਕ ਨਹੀਂ ਦਿੱਤੀ ਜਾ ਰਹੀ ਸੀ, ਅੱਜ ਲੋਕਾਂ ਦੇ ਵਿਰੋਧ ਨੂੰ ਦੇਖਦਿਆਂ ਸ਼ਗਨਦੀਪ ਜਿਉਂਦ ਤੇ ਬਲਦੇਵ ਸਿੰਘ ਚਾਉਕੇ ਨੂੰ ਜਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਇਹ ਲੋਕ ਏਕਤਾ ਦੀ ਵੱਡੀ ਜਿੱਤ ਹੈ, ਕਿਉਂਕਿ ਜੇਕਰ ਲੋਕਾਂ ਤੇ ਜਬਰ ਕਰਕੇ ਰਾਜ ਕੀਤਾ ਜਾਂਦਾ ਤਾਂ ਅੰਗਰੇਜ਼ਾਂ ਦਾ ਰਾਜ ਖਤਮ ਨਹੀਂ ਹੋਣਾ ਸੀ। ਇਸ ਕਰਕੇ ਭਗਵੰਤ ਮਾਨ ਸਰਕਾਰ ਨੂੰ ਕੰਧ ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਸ ਜਬਰ ਦਾ ਲੋਕ ਹਿਸਾਬ ਕਿਤਾਬ ਜ਼ਰੂਰ ਕਰਨਗੇ। ਇਸ ਸਮੇਂ ਹਾਜ਼ਰ ਜਗਦੀਪ ਸਿੰਘ ਮਹਿਲਾ, ਹਰਬੰਸ ਸਿੰਘ ਦਿੜ੍ਹਬਾ, ਜਸਵੰਤ ਸਿੰਘ ਸਮੂਰਾ, ਮਿਸ਼ਰਾ ਸਿੰਘ ਨਿਹਾਲਗੜ੍ਹ, ਜੋਗਿੰਦਰ ਸਿੰਘ ਖੇੜੀ ਨਾਂਗਾ, ਮੇਜਰ ਸਿੰਘ ਕੌਹਰੀਆਂ, ਤੋਂ ਇਲਾਵਾ ਸਾਰੀਆਂ ਇਕਾਈਆਂ ਦੇ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਘੁਮਾਣ ਸਕੂਲ ਲਈ ਪ੍ਰਵਾਸੀ ਪੰਜਾਬੀ ਵੱਲੋਂ ਐੱਲ ਈ ਡੀ ਦਾਨ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)** ਗੌਰਮਿੰਟ ਹਾਈ ਸਕੂਲ ਪਿੰਡ ਘੁਮਾਣ ਵਿਖੇ ਐੱਨ ਆਰ ਆਈ ਵੀਰ ਹਰਪਾਲ ਸਿੰਘ ਜਰਮਨ ਸਪੁੱਤਰ ਸਵ ਹਰਚੰਦ ਸਿੰਘ ਵੱਲੋਂ ਐੱਚ ਡੀ ਐੱਲ ਈ ਡੀ ਭੇਟ ਕੀਤੀ ਗਈ ਤਾਂ ਜੋ ਬੱਚਿਆਂ ਦਾ ਭਵਿੱਖ ਉੱਜਵਲ ਹੋ ਸਕੇ। ਇਸ ਮੌਕੇ ਤਸਵੀਰ ਵਿੱਚ ਹਾਜ਼ਰ ਜਗਤਾਰ ਸਿੰਘ ਫੌਜੀ, ਸੂਬੇਦਾਰ ਪਵਿੱਤਰ ਸਿੰਘ, ਮਲਕੀਤ ਸਿੰਘ, ਜੋਤੀ ਕੈਨੇਡਾ, ਹਰਦਿਆਲ ਸਿੰਘ ਬਿਜਲੀਵਾਲਾ, ਪ੍ਰਿੰਸੀਪਲ ਪਰਮਵੀਰ ਸਿੰਘ ਤੇ ਹੋਰਨਾਂ ਵੱਲੋਂ ਐੱਨ ਆਰ ਆਈ ਵੀਰ ਹਰਪਾਲ ਸਿੰਘ ਜਰਮਨ ਦਾ ਧੰਨਵਾਦ ਕੀਤਾ ਗਿਆ।

# ਪੱਤਰਕਾਰ ਯੂਨੀਅਨ ਧਰਮਕੋਟ ਦੀ ਚੋਣ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**- ਇਥੇ ਪੱਤਰਕਾਰ ਯੂਨੀਅਨ ਧਰਮਕੋਟ ਦੀ ਮੀਟਿੰਗ ਹੋਈ।ਇਸ ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਸਮੂਹ ਪੱਤਰਕਾਰਾਂ ਵੱਲੋਂ ਦਵਿੰਦਰ ਸਿੰਘ ਬਿੱਟੂ ਨੂੰ ਤੀਜੀ ਵਾਰ ਫਿਰ ਪੱਤਰਕਾਰ ਯੂਨੀਅਨ ਧਰਮਕੋਟ ਦਾ ਪ੍ਰਧਾਨ ਚੁਣਿਆ ਗਿਆ।ਇਸ ਮੌਕੇ ਉਨ੍ਹਾਂ ਨਾਲ ਯਸ਼ ਨੌਹਰੀਆ ਮੀਤ ਪ੍ਰਧਾਨ, ਸੋਨਾ ਰਾਏ ਜਰਨਲ ਸਕੱਤਰ, ਹੰਸ ਕੁਮਾਰ ਪੱਬੀ ਸਰਪ੍ਰਸਤ, ਦਵਿੰਦਰ ਸਿੰਘ ਔਲਖ ਮੁੱਖ ਸਲਾਹਕਾਰ, ਗੁਰਦੀਪ ਸਿੰਘ ਭੁੱਲਰ ਸੀਨੀਅਰ ਮੀਤ ਪ੍ਰਧਾਨ, ਸਤੀਸ਼ ਕੁਮਾਰ ਚੇਅਰਮੈਨ, ਰਤਨ ਸਿੰਘ ਸੰਗਠਨ ਸਕੱਤਰ, ਰਵਿੰਦਰ ਵਰਮਾ ਸੀਨੀਅਰ ਸਹਾਇਕ, ਆਸ਼ੂ ਮੋਲੜੀ ਸਕੱਤਰ, ਕੁਲਜੀਤ ਮਨਚੰਦਾ ਵਿੱਤ ਸਕੱਤਰ, ਗੁਰਮੁੱਖ ਸਿੰਘ ਤੇ ਜਸਵਿੰਦਰ ਸਿੰਘ ਰੱਖੜਾ ਪ੍ਰੈੱਸ ਸਕੱਤਰ ਤੇ ਆਸ਼ੂ ਵਰਮਾ, ਸੰਜੀਵ ਕੁਮਾਰ ਕਟਾਰੀਆ ਨੂੰ ਸੀਨੀਅਰ ਮੈਂਬਰ ਨਿਯੁਕਤ ਕੀਤਾ ਗਿਆ।ਇਸ ਮੌਕੇ ਯੂਨੀਅਨ ਦੇ ਬਣੇ ਪ੍ਰਧਾਨ ਦਵਿੰਦਰ ਬਿੱਟੂ ਨੇ ਯੂਨੀਅਨ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਮੈਂ ਸਮੂਹ ਮੈਂਬਰਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਵੱਲੋਂ ਉਨ੍ਹਾਂ ਉੱਪਰ ਤੀਜੀ ਵਾਰ ਭਰੋਸਾ ਪ੍ਰਗਟਾਉਂਦੇ ਹੋਏ ਉਨ੍ਹਾਂ ਨੂੰ ਪੱਤਰਕਾਰ ਯੂਨੀਅਨ ਦਾ ਪ੍ਰਧਾਨ ਚੁਣਿਆ ਹੈ। ਉਹਨਾਂ ਕਿਹਾ ਕਿ ਉਹ ਪੱਤਰਕਾਰਾਂ ਦੇ ਹੱਕਾਂ ਲਈ ਹਮੇਸ਼ਾ ਲੜਦੇ ਰਹਿਣਗੇ ਤੇ ਪੱਤਰਕਾਰਾਂ ਦੇ ਹਰ ਦੁੱਖ ਸੁੱਖ ਵਿੱਚ ਉਨ੍ਹਾਂ ਦੇ ਨਾਲ ਖੜੇ ਹਨ।ਇਸ ਮੌਕੇ ਯੂਨੀਅਨ ਦੇ ਸਮੂਹ ਮੈਂਬਰਾਂ ਵੱਲੋਂ ਚੁਣੇ ਗਏ ਅਹੁਦੇਦਾਰਾਂ ਨੂੰ ਹਾਰ ਪਾ ਕੇ ਸਵਾਗਤ ਕੀਤਾ ਗਿਆ।

# ਜੀ ਐੱਚ ਜੀ ਅਕੈਡਮੀ ਵਿਖੇ ਮਾਨਸਿਕ ਸਿਹਤ ਸੈਮੀਨਾਰ

**ਜਗਰਾਉਂ (ਅਮਿਤ ਖੰਨਾ)** ਜੀ.ਐੱਚ.ਜੀ. ਅਕੈਡਮੀ ਕੋਠੇ ਬੱਗੂ ਜਗਰਾਉਂ ਵਿਖੇ ਇੱਕ ਮਾਨਸਿਕ ਸਿਹਤ ਜਾਗਰੂਕਤਾ ਸੈਮੀਨਾਰ ਸਫਲਤਾਪੂਰਵਕ ਕੀਤਾ ਗਿਆ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਮਾਨਸਿਕ ਤੰਦਰੁਸਤੀ, ਤਣਾਅ ਪ੍ਰਬੰਧਨ ਤੇ ਭਾਵਨਾਤਮਕ ਸਿਹਤ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ।ਇਹ ਸੈਸ਼ਨ ਡਾ. ਸਵਾਤੀ ਖੁਰਾਨਾ, ਕ੍ਰਿਸ਼ਨਾ ਹਸਪਤਾਲ, ਮਾਡਲ ਟਾਊਨ, ਲੁਧਿਆਣਾ ਤੋਂ ਇੱਕ ਸਲਾਹਕਾਰ ਡਾਕਟਰ ਅਤੇ ਕਾਰਡੀਓਲੋਜਿਸਟ ਦੁਆਰਾ ਦਿੱਤਾ ਗਿਆ ਸੀ। ਡਾ. ਖੁਰਾਨਾ ਜੋ ਪਹਿਲਾਂ ਹੀਰੋ ਹਾਰਟ ਇੰਸਟੀਚਿਊਟ, ਡੀਐੱਮਸੀ ਲੁਧਿਆਣਾ ਤੇ ਅਪੋਲੋ ਹਸਪਤਾਲ ਲੁਧਿਆਣਾ ਵਿੱਚ ਸੇਵਾ ਨਿਭਾ ਚੁੱਕੇ ਹਨ।ਉਸ ਨੇ ਇਸ ਬਾਰੇ ਭਾਵੁਕਤਾ ਨਾਲ ਗੱਲ ਕੀਤੀ ਕਿ ਮਾਨਸਿਕ ਸਿਹਤ ਸਮੁੱਚੀ ਤੰਦਰੁਸਤੀ ਵਿੱਚ ਕਿਵੇਂ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਖਾਸ ਕਰਕੇ ਅਕਾਦਮਿਕ ਤੇ ਸਮਾਜਿਕ ਦਬਾਅ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਲਈ।ਆਪਣੇ ਸੰਬੋਧਨ ਵਿੱਚ ਡਾ. ਖੁਰਾਨਾ ਨੇ ਨੌਜਵਾਨਾਂ ਦੁਆਰਾ ਦਰਪੇਸ਼ ਆਮ ਮਾਨਸਿਕ



ਸਿਹਤ ਚੁਣੌਤੀਆਂ ਨੂੰ ਉਜਾਗਰ ਕੀਤਾ, ਤਣਾਅ ਜਾਂ ਚਿੰਤਾ ਦੇ ਸ਼ੁਰੂਆਤੀ ਸੰਕੇਤਾਂ ਨੂੰ ਪਛਾਣਨ ਦੇ ਤਰੀਕਿਆਂ 'ਤੇ ਚਰਚਾ ਕੀਤੀ, ਅਤੇ ਲੋੜ ਪੈਣ 'ਤੇ ਵਿਦਿਆਰਥੀਆਂ ਨੂੰ ਮਦਦ ਲੈਣ ਲਈ ਉਤਸ਼ਾਹਿਤ ਕੀਤਾ।ਉਸ ਨੇ ਘਰ ਤੇ ਵਿੱਦਿਅਕ ਸੰਸਥਾਵਾਂ ਦੋਵਾਂ ਵਿੱਚ ਸਹਾਇਕ ਵਾਤਾਵਰਣ ਬਣਾਉਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ, ਜਿੱਥੇ ਨੌਜਵਾਨ ਆਪਣੀਆਂ ਭਾਵਨਾਵਾਂ ਤੇ ਚੁਣੌਤੀਆਂ ਬਾਰੇ ਗੱਲ ਕਰਨ ਵਿੱਚ ਆਰਾਮਦਾਇਕ ਮਹਿਸੂਸ ਕਰਦੇ ਹਨ।ਵਿਦਿਆਰਥੀਆਂ ਨੇ ਸੈਮੀਨਾਰ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਤੇ ਡਾ. ਖੁਰਾਨਾ ਨਾਲ ਉਨ੍ਹਾਂ ਦੇ ਭਾਸ਼ਣ ਤੋਂ ਬਾਅਦ ਹੋਏ ਪ੍ਰਸ਼ਨ-ਉੱਤਰ ਸੈਸ਼ਨ ਦੌਰਾਨ ਉਨ੍ਹਾਂ ਨਾਲ ਗੱਲਬਾਤ ਕੀਤੀ।ਬਹੁਤ ਸਾਰੇ ਹਾਜ਼ਰੀਨ ਨੇ ਪ੍ਰਗਟ ਕੀਤਾ ਕਿ ਸਾਂਝੀਆਂ ਕੀਤੀਆਂ ਗਈਆਂ ਸੂਝਾਂ ਨੇ ਉਨ੍ਹਾਂ ਨੂੰ ਤਣਾਅ ਨਾਲ ਕਿਵੇਂ ਸਿੱਝਣਾ ਹੈ ਤੇ ਸਕਾਰਾਤਮਕ ਮਾਨਸਿਕ ਸਿਹਤ ਬਣਾਈ ਰੱਖਣ ਬਾਰੇ ਬਿਹਤਰ ਢੰਗ ਨਾਲ ਸਮਝਣ ਵਿੱਚ ਮਦਦ ਕੀਤੀ।ਇਹ ਸਮਾਗਮ ਜੀ.ਐੱਚ.ਜੀ. ਅਕੈਡਮੀ ਦੇ ਵਿਦਿਆਰਥੀ ਭਾਈਚਾਰੇ ਦੇ ਅੰਦਰ ਸਿਹਤ ਨਾਲ ਸਬੰਧਤ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਪਹਿਲਕਦਮੀ ਦੇ ਹਿੱਸੇ ਵਜੋਂ ਆਯੋਜਿਤ ਕੀਤਾ ਗਿਆ ਸੀ, ਜੋ ਕਿ ਅਕਾਦਮਿਕ ਸਫਲਤਾ ਦੇ ਨਾਲ-ਨਾਲ ਭਾਵਨਾਤਮਕ ਤੰਦਰੁਸਤੀ 'ਤੇ ਵਧ ਰਹੇ ਧਿਆਨ ਨੂੰ ਦਰਸਾਉਂਦਾ ਹੈ।

# ਮੁਕਤਸਰ ਮਾਈਨਰ ਦੀ ਬੰਦੀ ਨੂੰ ਲੈ ਕੇ ਲੋਕ ਪ੍ਰੇਸ਼ਾਨ : ਹਨੀ ਫੱਤਣਵਾਲਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**- ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਨਹਿਰਾਂ ਤੇ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਦੇ ਦੁਆਲਿਓਂ ਲੰਘਦੇ ਮੁਕਤਸਰ ਮਾਈਨਰ ਤੇ ਕੱਸੀ ਦੀ ਅਚਾਨਕ ਬੰਦੀ ਕਾਰਨ ਸ਼ਹਿਰ ਦੇ ਲੋਕਾਂ ਤੇ ਕਿਸਾਨਾਂ ਨੂੰ ਪੀਣ ਵਾਲੇ ਪਾਣੀ ਦੀ ਕਿੱਲਤ ਕਾਰਨ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਮੀਡੀਆ ਟੀਮ ਨਾਲ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਹਨੀ ਫੱਤਣਵਾਲਾ ਨੇ ਕਿਹਾ ਕਿ ਖੇਤੀਬਾੜੀ ਸੀਜ਼ਨ ਦੇ ਦਰਮਿਆਨ ਪਾਣੀ ਦੀ ਕਮੀ ਨੇ ਫ਼ਸਲਾਂ 'ਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਣਕ ਤੇ ਹੋਰ ਮੌਸਮੀ ਫ਼ਸਲਾਂ ਨੂੰ ਇਸ ਸਮੇਂ ਵਧੇਰੇ ਸਿੰਚਾਈ ਦੀ ਲੋੜ ਹੁੰਦੀ ਹੈ ਤੇ ਉਪਰੋਂ ਮੁਕਤਸਰ ਮਾਈਨਰ ਵਿੱਚ ਪਾਣੀ ਨਾ ਆਉਣ ਕਾਰਨ ਲੋਕਾਂ ਨੂੰ



ਜ਼ਮੀਨ ਹੇਠਲੇ ਪਾਣੀ 'ਤੇ ਨਿਰਭਰ ਹੋਣਾ ਪੈ ਰਿਹਾ ਹੈ। ਹਨੀ ਫੱਤਣਵਾਲਾ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਨਹਿਰਾਂ ਦੀ ਬੰਦੀ ਕਾਰਨ ਪੈਦਾ ਹੋਇਆ ਸੰਕਟ ਹੁਣ ਹੋਰ ਵੀ ਗੰਭੀਰ ਹੋ ਗਿਆ ਹੈ।ਕਿਸਾਨਾਂ ਦੇ ਨਾਲ-ਨਾਲ ਆਮ ਲੋਕ ਵੀ ਪ੍ਰੇਸ਼ਾਨ ਹਨ ਤੇ ਜ਼ਮੀਨ ਹੇਠਲਾ ਪਾਣੀ ਨਾ ਹੀ ਪੀਣ ਯੋਗ ਹੈ ਤੇ ਨਾ ਹੀ ਸਿੰਚਾਈ ਦੇ ਯੋਗ ਹੈ।ਇਸ ਤੋਂ ਇਲਾਵਾ ਹਨੀ ਫੱਤਣਵਾਲਾ ਨੇ ਕਿਹਾ ਕਿ ਪਾਵਰਕਾਮ ਵੱਲੋਂ ਕਿਸਾਨਾਂ ਨੂੰ 8 ਘੰਟਿਆਂ ਦੀ ਬਜਾਏ ਸਿਰਫ਼ 3 ਘੰਟੇ ਹੀ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ।ਇਸ ਮੌਕੇ ਉਨ੍ਹਾਂ ਪ੍ਰਸ਼ਾਸਨ ਨੂੰ ਸੁਝਾਅ ਦਿੱਤਾ ਤੇ ਕਿਹਾ ਕਿ ਮਾਰਚ ਤੇ ਅਪ੍ਰੈਲ ਮਹੀਨੇ ਦੌਰਾਨ ਹੀ ਰਜ਼ਬਾਹੇ, ਕੱਸੀਆਂ ਜਾਂ ਨਹਿਰਾਂ ਦੀ ਮੁਰੰਮਤ ਕਰਵਾਈ ਜਾਵੇ, ਕਿਉਂਕਿ ਉਸ ਸਮੇਂ ਕਿਸਾਨਾਂ ਨੂੰ ਪਾਣੀ ਦੀ ਜ਼ਰੂਰਤ ਨਹੀਂ ਹੁੰਦੀ।ਉਨ੍ਹਾਂ ਕਿਹਾ ਕਿ ਇਸ ਸਮੇਂ ਨਹਿਰਾਂ ਤੇ ਰਜ਼ਬਾਹੇ ਬੰਦ ਹੋਣ ਨਾਲ ਪੀਣ ਵਾਲੇ ਪਾਣੀ ਦੀ ਸਮੱਸਿਆ ਹੋਰ ਵੱਧ ਗਈ ਹੈ, ਕਿਉਂਕਿ ਵਾਟਰਬਾਕਸ ਦੀਆਂ ਡਿੱਗੀਆਂ ਖਾਲੀ ਪਈਆਂ ਤੇ ਕਈ ਥਾਵਾਂ 'ਤੇ ਲੋਕਾਂ ਨੂੰ ਟੈਂਕਰਾਂ ਰਾਹੀਂ ਪਾਣੀ ਮੰਗਵਾਉਣਾ ਪੈ ਰਿਹਾ ਹੈ।ਉਨ੍ਹਾਂ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਰਜ਼ਬਾਹਿਆਂ ਤੇ ਨਹਿਰਾਂ ਵਿੱਚ ਤੁਰੰਤ ਪਾਣੀ ਛੱਡਿਆ ਜਾਵੇ ਤੇ ਇਲਾਕੇ ਲਈ ਪੀਣ ਯੋਗ ਪਾਣੀ ਦਾ ਪੱਕਾ ਹੱਲ ਕੀਤਾ ਜਾਵੇ। ਇਸ ਮੌਕੇ ਬਲਜਿੰਦਰ ਸਿੰਘ ਕਾਲਾ ਬਰਾੜ, ਜਗਦੇਵ ਸਿੰਘ ਅਕਾਲਗੜ੍ਹ, ਇਕਬਾਲ ਸਿੰਘ ਸੰਗੂਧੌਣ, ਜਗਦੀਪ ਸਿੰਘ ਬਬਲੂ ਬਰਾੜ, ਹਰਮਨ ਸੰਧੂ, ਪ੍ਰੀਤਪਾਲ ਸਿੰਘ ਉਦੇਕਰਨ, ਸਤਨਾਮ ਸਿੰਘ ਅਤੇ ਗੁਰਦੇਵ ਸਿੰਘ ਆਦਿ ਮੌਜੂਦ ਸਨ।

# ਕੌਮੀ ਲੋਕ ਅਦਾਲਤ 14 ਮਾਰਚ ਨੂੰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**- ਸ੍ਰੀ ਧਰਮਿੰਦਰ ਪਾਲ ਸਿੰਗਲਾ ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਾਜ਼ਿਲਕਾ ਦੇ ਦਿਸ਼ਾ ਨਿਰਦੇਸ਼ਾਂ 'ਤੇ 14 ਮਾਰਚ 2026 ਨੂੰ ਫਾਜ਼ਿਲਕਾ, ਅਬੋਹਰ ਤੇ ਜਲਾਲਾਬਾਦ ਦੀਆਂ ਅਦਾਲਤਾਂ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਮੈਡਮ ਰੁਚੀ ਸਵਪਨ ਸ਼ਰਮਾ ਮਾਣਯੋਗ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਾਜ਼ਿਲਕਾ ਨੇ ਦਿੱਤੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਦੇ ਕੇਸ ਅਦਾਲਤ ਵਿੱਚ ਚੱਲ ਰਹੇ ਹਨ, ਉਹ ਆਪਣੇ ਕੇਸਾਂ ਦਾ ਨਿਪਟਾਰਾ ਲੋਕ ਅਦਾਲਤਾਂ ਰਾਹੀਂ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾ ਸਕਦੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਟੋਲ-ਫ੍ਰੀ ਨੰਬਰ 15100 ਜਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੇ ਦਫ਼ਤਰੀ ਨੰਬਰ 01638-261500 'ਤੇ ਸੰਪਰਕ ਕਰ ਸਕਦੇ ਹਨ।

# ਅਕਾਲੀ ਦਲ ਵੱਲੋਂ ਪਹਿਲੀ ਦੀ ਰੈਲੀ ਸੰਬੰਧੀ ਹੇਡੋਂ ਬੇਟ 'ਚ ਮੀਟਿੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਸਮਰਾਲਾ ਵਿਖੇ ਸ਼੍ਰੋਮਣੀ ਅਕਾਲੀ ਦਲ ਵਲੋਂ 1 ਮਾਰਚ ਨੂੰ 'ਪੰਜਾਬ ਬਚਾਓ-ਸ. ਸੁਖਬੀਰ ਸਿੰਘ ਬਾਦਲ ਲਿਆਓ' ਰੈਲੀ ਕੀਤੀ ਜਾ ਰਹੀ ਹੈ ਉਸ ਦੀਆਂ ਤਿਆਰੀਆਂ ਸਬੰਧੀ ਪਿੰਡ ਹੇਡੋਂ ਬੇਟ ਵਿਖੇ ਵਰਕਰਾਂ ਤੇ ਆਗੂਆਂ ਦੀ ਇੱਕ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਵਿਸ਼ੇਸ਼ ਤੌਰ 'ਤੇ ਹਲਕਾ ਸਮਰਾਲਾ ਤੋਂ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਸੰਬੋਧਨ ਕਰਨ ਲਈ ਪਹੁੰਚੇ। ਉਨ੍ਹਾਂ ਨਾਲ ਹਰਜਤਿੰਦਰ ਸਿੰਘ ਬਾਜਵਾ, ਜਥੇਦਾਰ ਹਰਜੀਤ ਸਿੰਘ ਸ਼ੇਰੀਆਂ, ਜਥੇਦਾਰ ਹਰਦੀਪ ਸਿੰਘ ਬਹਿਲੋਲਪੁਰ, ਹਰਵਿੰਦਰ ਸਿੰਘ ਸ਼ੇਰੀਆਂ, ਹਰਜਿੰਦਰ ਸਿੰਘ ਛੌੜੀਆਂ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ 'ਚ 'ਪੰਜਾਬ ਬਚਾਓ ਸੁਖਬੀਰ ਲਿਆਓ' ਸਲੋਗਨ ਤਹਿਤ 40 ਰੈਲੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਤਹਿਤ 1 ਮਾਰਚ ਨੂੰ ਸਮਰਾਲਾ ਵਿਖੇ ਵੀ ਇਹ ਰੈਲੀ ਹੋਵੇਗੀ, ਜਿਸ ਲਈ ਵਰਕਰਾਂ ਤੇ ਆਗੂਆਂ ਵਿਚ ਪੂਰਾ ਉਤਸ਼ਾਹ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਲੋਕ ਜੋ ਹੁਣ ਆਮ ਆਦਮੀ ਪਾਰਟੀ ਤੋਂ ਪੂਰੀ ਤਰ੍ਹਾਂ ਹਤਾਸ਼ ਹੋ ਚੁੱਕੇ ਹਨ, ਜਿਸਦੇ ਰਾਜ 'ਚ ਸਿੱਖਿਆ ਦਾ ਮੰਦਾ ਹਾਲ ਹੋ ਗਿਆ ਹੈ, ਅਮਨ ਕਾਨੂੰਨ ਦੀ ਸਥਿਤੀ ਬੁਰੀ ਤਰ੍ਹਾਂ ਡਗਮਗਾ ਗਈ ਹੈ, ਦਿਨ ਦਿਹਾੜੇ ਕਤਲ ਹੋ ਰਹੇ ਹਨ, ਲੁੱਟਾਂ ਖੋਹਾਂ ਹੋ ਰਹੀਆਂ ਹਨ, ਗੱਲ ਕੀ ਇਸ ਪਾਰਟੀ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਤਬਾਹ ਕਰਕੇ ਰੱਖ ਦਿੱਤਾ ਹੈ। ਇਸ ਲਈ ਪੰਜਾਬ ਦੇ ਲੋਕ ਹੁਣ ਮੁੜ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾ ਕੇ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਲਈ ਉਤਾਵਲੇ ਹਨ।

# ਬਰੌਂਡਵੇ ਪਬਲਿਕ ਸਕੂਲ 'ਚ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਨਿੱਘੀ ਵਿਦਾਇਗੀ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਬਰੌਂਡਵੇ ਪਬਲਿਕ ਸਕੂਲ ਮਨਾਲ ਵਿੱਚ ਬਾਰ੍ਹਵੀਂ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਗਿਆਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਵੱਲੋਂ ਬੜੇ ਉਤਸ਼ਾਹ ਤੇ ਸਨਮਾਨ ਨਾਲ ਕੀਤਾ ਗਿਆ। ਸਮਾਗਮ ਦੌਰਾਨ ਸਕੂਲ ਕੈਂਪਸ ਖੁਸ਼ੀ ਤੇ ਯਾਦਾਂ ਨਾਲ ਰੌਸ਼ਨ ਹੋ ਗਿਆ। ਸਮਾਗਮ ਦੀ ਸ਼ੁਰੂਆਤ ਪ੍ਰਾਰਥਨਾ ਤੇ ਸਵਾਗਤ ਭਾਸ਼ਣ ਨਾਲ ਹੋਈ।ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਵੱਖ-ਵੱਖ ਪੇਸ਼ਕਾਰੀਆਂ ਸਵਾਗਤੀ ਭਾਸ਼ਣ, ਨਾਚ, ਫ਼ਿਊਜ਼ਨ, ਕਵਿਤਾ ਤੇ ਭੰਗੜਾ ਆਦਿ ਪੇਸ਼ ਕੀਤੀਆਂ ਗਈਆਂ।ਹਰ ਪੇਸ਼ਕਾਰੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ।ਸਭ ਤੋਂ ਅਹਿਮ ਗੱਲ ਸ਼੍ਰੇਣੀ ਮੁਖੀਆਂ ਵੱਲੋਂ ਆਪੋ-ਆਪਣੀ ਜਮਾਤ ਨੂੰ ਲਿਖੀ ਮੋਹ ਭਿੱਜੀ ਚਿੱਠੀ ਪੜ੍ਹ ਕੇ ਉਨ੍ਹਾਂ ਨਾਲ ਬੀਤੇ ਪਲਾਂ ਨੂੰ ਬਹੁਤ ਹੀ ਭਾਵੁਕ ਢੰਗ ਨਾਲ ਪੇਸ਼ ਕਰਨਾ ਸੀ, ਜਿਸ ਨੂੰ ਸੁਣ ਕੇ ਬਾਰਵੀਂ ਦੇ ਵਿਦਿਆਰਥੀ ਭਾਵੁਕ ਹੋਏ। ਸਮਾਗਮ ਦਾ ਮੁੱਖ ਆਕਰਸ਼ਣ ਮਿਸ ਬਰੌਂਡਵੇ ਤੇ ਮਿਸਟਰ ਬਰੌਂਡਵੇ ਦੀ ਚੋਣ ਰਹੀ।ਨਿਰਣਾਇਕ ਮੰਡਲ ਵੱਲੋਂ ਸੰਪੂਰਨ ਪ੍ਰਦਰਸ਼ਨ ਦੇ ਆਧਾਰ 'ਤੇ ਜੇਤੂਆਂ ਦਾ ਐਲਾਨ ਕੀਤਾ ਗਿਆ, ਜਿਸ ਵਿੱਚ ਮਿਸਟਰ ਬਰੌਂਡਵੇ



ਬਾਰਵੀਂ ਜਮਾਤ ਦੇ ਮਾਸਟਰ ਪੀਰ ਬਖਸ਼ ਤੇ ਮਿਸ ਬਰੌਂਡਵੇ ਨਵਜੋਤ ਕੌਰ ਬਾਰਵੀਂ ਕਾਮਰਸ ਏ ਦੀ ਵਿਦਿਆਰਥਣ ਨੂੰ ਚੁਣਿਆ ਗਿਆ। ਸਕੂਲ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ, ਡਾਇਰੈਕਟਰ ਨਵਰੀਤ ਕੌਰ ਚੀਮਾ, ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਨੇ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਉਹ ਜੀਵਨ ਦੇ ਹਰ ਮੋੜ 'ਤੇ ਸਕੂਲ ਦਾ ਨਾਂਅ ਰੌਸ਼ਨ ਕਰਨ।ਅੰਤ 'ਚ ਯਾਦਗਾਰੀ ਤੌਰ 'ਤੇ ਤੋਹਫ਼ੇ ਭੇਟ ਕੀਤੇ ਗਏ।

# ਜੁਗਰਾਜ ਸਿੰਘ ਘਨੌਰੀ ਨੂੰ ਸਦਮਾ, ਮਾਤਾ ਦਾ ਦੇਹਾਂਤ

**ਸੰਗਾਲਾ (ਰਣਜੀਤ ਸਿੰਘ ਪੇਧਨੀ)**- ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪਿੰਡ ਘਨੌਰੀ ਕਲਾਂ ਦੇ ਸਾਬਕਾ ਸਰਪੰਚ ਜੁਗਰਾਜ ਸਿੰਘ ਦੇ ਮਾਤਾ ਚਰਨਜੀਤ ਕੌਰ ਪਰਿਵਾਰ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ।ਪਰਿਵਾਰ ਦੇ ਨਾਲ ਇਸ ਦੁੱਖ ਦੀ ਘੜੀ ਵਿੱਚ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਓਐੱਸਡੀ ਸੁਖਬੀਰ ਸਿੰਘ ਸੁੱਖੀ, ਓਐੱਸਡੀ ਰਾਜਵੀਰ ਸਿੰਘ ਘੁੰਮਣ, ਮੁੱਖ ਮੰਤਰੀ ਦੇ ਦਫਤਰ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ, ਚੇਅਰਮੈਨ ਦਲਵੀਰ ਸਿੰਘ ਢਿੱਲੋਂ ਲਘੂ ਉਦਯੋਗ ਨਿਗਮ ਪੰਜਾਬ, ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ, ਫੂਡ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਜੱਸੀ ਸੇਖੋਂ, ਐੱਫਸੀਆਈ ਟਰੇਡ ਯੂਨੀਅਨ ਆਲ ਇੰਡੀਆ ਦੇ ਪ੍ਰਧਾਨ ਸਤਿੰਦਰ ਸਿੰਘ ਚੱਠਾ, ਨਰਿੰਦਰ ਸਿੰਘ ਕਾਲਾਬੂਲਾ, ਹਰਬੰਸ ਸਿੰਘ ਸਲੇਮਪੁਰ, ਅਮਰਜੀਤ ਸਿੰਘ ਬਾਦਸ਼ਾਹਪੁਰ, ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ, ਸਰਪੰਚ ਹਰਦੀਪ ਸਿੰਘ ਦੌਲਤਪੁਰ, ਕਾਂਗਰਸੀ ਆਗੂ ਸ਼ੁਭਮ ਸ਼ਰਮਾ ਧੂਰੀ, ਆਪ ਦੇ ਇਕਾਈ ਪ੍ਰਧਾਨ ਗੁਰਮੇਲ ਸਿੰਘ ਘਨੌਰੀ ਕਲਾਂ,



ਮਾਸਟਰ ਕੁਲਵੰਤ ਸਿੰਘ ਘਨੌਰੀ, ਸਰਪੰਚ ਅੰਮ੍ਰਿਤ ਚਹਿਲ, ਮੈਂਬਰ ਜ਼ਿਲ੍ਹਾ ਪ੍ਰੀਸ਼ਦ ਜਸਮੀਤ ਕੌਰ ਕਹਿਲ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਕਾਂਝਲਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰਛਪਾਲ ਸਿੰਘ ਭੁੱਲਰਹੇੜੀ, ਮੈਂਬਰ ਬਲਾਕ ਸੰਮਤੀ ਰਣਜੋਤ ਸਿੰਘ ਕਾਂਝਲਾ, ਪਰਮਜੀਤ ਸਿੰਘ ਕਾਂਝਲਾ, ਸਰਪੰਚ ਅਮਨਦੀਪ ਸਿੰਘ ਘਨੌਰ, ਸਰਪੰਚ ਜਗਜੀਤ ਸਿੰਘ ਜੱਗਾ ਭੋਜੋਵਾਲੀ, ਸਰਪੰਚ ਲਾਲੀ ਬੰਗਾਵਾਲੀ, ਸਰਪੰਚ ਦਲਵੀਰ ਸਿੰਘ ਧੰਦੀਵਾਲ, ਸਰਪੰਚ ਅਮਰੀਕ ਸਿੰਘ ਕਿਲ੍ਹਾ, ਸਰਪੰਚ ਰਾਜੂ ਰੰਗੀਆਂ, ਸਰਪੰਚ ਰਾਜੂ ਬਰੜਵਾਲ, ਸਰਪੰਚ ਅਮਨਦੀਪ ਸਿੰਘ, ਸਰਪੰਚ ਦਵਿੰਦਰ ਸਿੰਘ ਧੂਰਾ, ਪੱਤਰਕਾਰ ਰਣਜੀਤ ਸਿੰਘ ਪੇਧਨੀ ਆਦਿ ਆਗੂਆਂ ਨੇ ਜਿੱਥੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

# ਸਹਿਕਾਰੀ ਖੰਡ ਮਿੱਲ ਸ਼ੇਰੋਂ ਮੁੜ ਚਾਲੂ ਕਰਨ ਸੰਬੰਧੀ ਮੀਟਿੰਗ



ਵਲਟੋਹਾ (ਰਣਜੀਤ ਸਿੰਘ)- ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਦਾ ਵਫਦ ਡਿਪਟੀ ਕਮਿਸ਼ਨਰ ਦੇ ਹੁਕਮਾਂ ਵਿੱਚ ਸੁਭਾਸ਼ ਚੰਦਰ ਜੀ ਐਮ ਅਜਨਾਲਾ ਅਤੇ ਗੁਰਵਿੰਦਰ ਪਾਲ ਸਿੰਘ ਜੀ ਐਮ ਫੇਰੋਪੁਰ ਨੂੰ ਡਿਪਟੀ ਕਮਿਸ਼ਨਰ ਤਰਨ ਤਾਰਨ ਦੇ ਦਫਤਰ 'ਚ ਮਿਲਿਆ। ਇਸ ਵਕਤ ਵਿੱਚ ਕਿਸਾਨ ਆਗੂਆਂ ਵੱਲੋਂ ਜ਼ੋਰ ਦੇ ਕੇ ਇਹ ਮੰਗ ਕੀਤੀ ਗਈ ਕਿ ਸਹਿਕਾਰੀ ਖੰਡ ਮਿੱਲ ਸ਼ੇਰੋਂ ਕਿਸੇ ਕੀਮਤ ਤੇ ਵੀ ਨਿੱਜੀ ਕੀਤੀ ਜਾਵੇ ਅਤੇ ਇਸ ਦੀ ਜ਼ਬਰੀ ਮਾਲਕੀ ਤਬਦੀਲ ਕਰਨ ਦੀ ਨੀਤੀ ਸਰਕਾਰ ਵਾਪਸ ਲਵੇ। ਵਫਦ ਵਿੱਚ ਜਮਹੂਰੀ ਕਿਸਾਨ ਸਭਾ, ਬੀ ਕੇ ਯੂ ਏਕਤਾ ਉਗਰਾਹਾਂ, ਕਿਰਤੀ ਕਿਸਾਨ ਯੂਨੀਅਨ, ਕੌਮੀ ਕਿਸਾਨ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਟਾਂਡਾ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਪੰਜਾਬ, ਆਦਿ ਜਥੇਬੰਦੀਆਂ ਦੇ ਆਗੂ ਸਾਹਿਬਾਨ ਸ਼ਾਮਿਲ ਸਨ। ਕਿਸਾਨ ਆਗੂਆਂ ਨੇ ਇਸ ਮੌਕੇ ਕਿਹਾ ਕਿ ਸਬੰਧਤ ਅਧਿਕਾਰੀ ਮਿੱਲ ਦੇ ਸ਼ੁਰੂ ਹੋਣ ਅਤੇ ਉਸ ਦੀ ਪਹਿਲੀ ਕਮੇਟੀ ਬਣਨ ਅਤੇ ਮਿੱਲ ਵਿੱਚ ਕਿਸਾਨਾਂ ਦੇ 60% ਸ਼ੇਅਰ ਹੋਣ ਦੇ ਬਾਵਜੂਦ ਮਿੱਲ ਦੀ ਮਾਲਕੀ ਨੂੰ ਆਪਣੀ ਮਰਜ਼ੀ ਨਾਲ ਸਰਕਾਰ ਅੱਗੇ ਤਬਦੀਲ ਨਹੀਂ ਕਰ ਸਕਦੀ। ਜੇਕਰ ਸਰਕਾਰ ਨੇ ਆਪਣਾ ਇਹ ਧੱਕੇਸ਼ਾਹੀ ਵਾਲਾ ਰਵਈਆ ਨਾ ਬਦਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸ਼ੂਗਰ ਮਿੱਲ ਸ਼ੇਰੋਂ ਦੇ ਸਾਹਮਣੇ ਲਗਾਤਾਰ ਮੋਰਚਾ ਲਗਾਇਆ ਜਾਵੇਗਾ। ਪੰਜਾਬ ਸਰਕਾਰ ਆਪਣੇ ਚੋਣ ਮੈਨੀਫੈਸਟੋ ਵਿੱਚ ਬਦਲਵੀਂ ਖੇਤੀ ਨੀਤੀ ਬਾਰੇ ਕੀਤੇ ਵਾਅਦੇ ਅਨੁਸਾਰ ਇਸ ਮਿੱਲ ਮੁੜ ਤੋਂ ਚਾਲੂ ਕਰੇ। ਵਫਦ ਵਿੱਚ ਮੰਗਲ ਸਿੰਘ ਸਥੀਰਾ, ਨਛੱਤਰ ਸਿੰਘ ਮੁਗਲਚੱਕ, ਦਲਜੀਤ ਸਿੰਘ ਦਿਆਲਪੁਰਾ ਮੁਖਤਾਰ ਸਿੰਘ ਮੱਲਾ, ਮਨਜੀਤ ਸਿੰਘ ਬੱਗੂ, ਤਰਸੇਮ ਸਿੰਘ ਲੁਹਾਰ, ਗੁਰਚਰਨ ਸਿੰਘ ਸਭਰਾ, ਭੁਪਿੰਦਰ ਸਿੰਘ ਪੰਡੋਰੀ, ਤਖਤਮੱਲ, ਜਤਿੰਦਰ ਪਾਲ ਸਿੰਘ, ਦਲਵਿੰਦਰ ਸਿੰਘ ਨੌਸ਼ਹਿਰਾ ਪੰਨੂਆ, ਗੁਰਪ੍ਰੀਤ ਸਿੰਘ ਗੰਡੀਵਿੰਡ, ਰਤਨ ਸਿੰਘ ਢੰਡ, ਹਰਜੀਤ ਸਿੰਘ ਝੀਤਾ ਅਤੇ ਪ੍ਰਗਟ ਸਿੰਘ ਸ਼ੇਰੋਂ ਸ਼ਾਮਲ ਸਨ। ਕਿਸਾਨ ਆਗੂਆਂ ਵਲੋਂ ਮੰਗੀ ਜਾਣਕਾਰੀ ਇਹਨਾਂ ਅਧਿਕਾਰੀਆਂ ਵਲੋਂ ਜਲਦੀ ਉਪਲਬਧ ਕਰਨ ਦਾ ਭਰੋਸਾ ਦਿਵਾਇਆ ਗਿਆ।

## ਭਰਤੀ ਦੀ ਆਨਲਾਈਨ ਰਜਿਸਟਰੇਸ਼ਨ ਸ਼ੁਰੂ

ਤਰਨ ਤਾਰਨ (ਮੱਖਣ ਮਨੋਜ)-ਭਾਰਤੀ ਸੈਨਾ ਵਿੱਚ ਭਰਤੀ ਹੋਣ ਦੇ ਚਾਹਵਾਨ ਲੜਕੇ ਅਤੇ ਲੜਕੀਆਂ ਲਈ ਸੁਨਹਿਰਾ ਮੌਕਾ ਹੈ। ਇਹ ਪ੍ਰਗਟਾਵਾ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੇ ਮੁੱਖ ਕਾਰਜਕਾਰੀ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੁਰਿੰਦਰ ਸਿੰਘ ਵੱਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅਗਨੀਵੀਰ ਆਰਮੀ ਦੀ ਭਰਤੀ ਦੀ ਆਨਲਾਈਨ ਰਜਿਸਟਰੇਸ਼ਨ ਮਿਤੀ 13 ਫਰਵਰੀ ਤੋਂ ਸ਼ੁਰੂ ਹੋ ਗਈ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਤਰਨ ਤਾਰਨ ਦੇ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਵਿਕਰਮ ਜੀਤ ਨੇ ਦੱਸਿਆ ਕਿ ਉਮਰ ਸੀਮਾ 18 ਤੋਂ 22 ਸਾਲ ਅਤੇ 12ਵੀਂ ਪਾਸ ਪ੍ਰਾਰਥੀ ਇਸ ਵਿੱਚ ਅਪਲਾਈ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਪ੍ਰਾਰਥੀ ਆਰਮੀ ਦੇ ਨਿਯਮਾਂ ਅਨੁਸਾਰ ਵਿਭਿੰਨ ਵਿੰਗ ਚੋਂ ਚਾਹੀਦੇ ਹਨ। ਪਹਿਲਾਂ ਦੀ ਉਮਰ ਸੀਮਾ 21 ਸਾਲ ਤੋਂ ਵਧਾ ਕੇ 22 ਸਾਲ ਤੱਕ ਕਰ ਦਿੱਤੀ ਗਈ ਹੈ। ਚਾਹਵਾਨ ਪ੍ਰਾਰਥੀ ਇੱਕ ਵਾਰ ਵਿੱਚ ਦੋ ਵੱਖ-ਵੱਖ ਪੋਸਟਾਂ ਵਿੱਚ ਵੀ ਅਪਲਾਈ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਆਰਮੀ ਵਿੱਚ ਭਰਤੀ ਹੋਣ ਦੇ ਚਾਹਵਾਨ ਪ੍ਰਾਰਥੀ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਆਰਮੀ ਦੀ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ, ਜਾਂ ਪ੍ਰਾਰਥੀ ਕਿਸੇ ਵੀ ਕੰਮ ਵਾਲੇ ਦਿਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਤਰਨ ਤਾਰਨ ਵਿੱਚ ਖ਼ੁਦ ਆ ਕੇ ਮਿਲ ਸਕਦੇ ਹਨ ਜਾਂ ਦਫ਼ਤਰ ਦੇ ਹੈਲਪਲਾਈਨ ਨੰਬਰ 7717397013 'ਤੇ ਸੰਪਰਕ ਕਰ ਸਕਦੇ ਹਨ।

## ਜ਼ਰੂਰੀ ਮੁਰੰਮਤ ਦੇ ਚੱਲਦਿਆਂ ਅੱਜ ਬਿਜਲੀ ਬੰਦ ਰਹੇਗੀ

ਫਗਵਾੜਾ (ਡਾ. ਰਮਨ)-ਪੰਜਾਬ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਹਾਇਕ ਕਾਰਜਕਾਰੀ ਇੰਜੀਨੀਅਰ ਟੀ-3 ਹਦੀਆਬਾਦ,ਫਗਵਾੜਾ ਅਮਰਦੀਪ ਸਿੰਘ ਵਿਰਦੀ ਨੇ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਮਿਤੀ 20 ਫਰਵਰੀ ਨੂੰ ਸਮਾਂ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ 66 ਕੇ ਵੀ ਸਰਹਾਲੀ ਸਬ ਸਟੇਸ਼ਨ ਤੋਂ ਜ਼ਰੂਰੀ ਮੁਰੰਮਤ ਦੇ ਚੱਲਦਿਆਂ 11 ਕੇ ਵੀ ਸਰਹਾਲੀ ਕੈਟਗਰੀ -1 ਫੀਡਰ, 11 ਕੇ ਵੀ ਲਖਨਪਾਲ ਯੂ ਪੀ ਐੱਸ ਫੀਡਰ, 11 ਕੇ ਵੀ ਨਿਊ ਧਨੀ ਪਿੰਡ ਏ ਪੀ ਫੀਡਰ, 11 ਕੇ ਵੀ ਫਗਵਾੜਾ ਰੋਡ ਏ ਪੀ ਫੀਡਰ, 11 ਕੇ ਵੀ ਭਾਣੋਕੀ ਰੋਡ ਏ ਪੀ ਫੀਡਰ ਦੀ ਸਪਲਾਈ ਪ੍ਰਭਾਵਿਤ ਹੋਵੇਗੀ। ਜਿਸ ਕਾਰਨ ਸਰਹਾਲੀ, ਲਖਨਪਾਲ, ਧਨੀ ਪਿੰਡ ਅਤੇ ਨੇੜਲੇ ਆਦਿ ਇਲਾਕੇ ਦੀ ਸਪਲਾਈ ਬੰਦ ਰਹੇਗੀ।


### ਭਾਰਤੀ ਰੇਲ

**"ਸਾਰਵਜਨਿਕ ਅਧਿਸੂਚਨਾ"**

ਉਤਰੀ ਰੇਲਵੇ ਦੇ ਹੇਠਾਂ ਜ਼ਿਕਰਯੋਗ ਸੈਕਸ਼ਨ ਨੂੰ ਪਾਰ ਹੋ ਚੁੱਕੇ ਹਿੱਸੇ ਉਤੇ ਸਥਿਤ ਰੇਲਵੇ ਲਾਈਨਾਂ ਅਤੇ ਪਰਿਸਰਾਂ ਦੇ ਸਾਰੇ ਉਪਭੋਗਕਰਤਾਵਾਂ ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਉੱਤਰ ਰੇਲਵੇ ਦੇ ਹੇਠਾਂ ਲਿਖਤ ਸੈਕਸ਼ਨ ਤੇ 25 ਕੇ.ਵੀ. 50 ਹਰਟਜ਼ ਏਸੀ ਓਵਰਹੈਡ ਟ੍ਰੈਕਸ਼ਨ ਤਾਰ ਸੈਕਸ਼ਨ ਦੇ ਸਾਹਮਣੇ ਦਰਸਾਏ ਮਿਤੀ ਤੋਂ ਜਾਂ ਉਸ ਦੇ ਬਾਅਦ ਚਾਲੂ ਕਰ ਦਿਤਾ ਜਾਵੇਗਾ। ਉਸੇ ਮਿਤੀ ਤੋਂ ਓਵਰਹੈਡ ਟ੍ਰੈਕਸ਼ਨ ਲਾਈਨ ਨੂੰ ਹਰ ਸਮੇਂ ਚਾਲੂ ਮੰਨਿਆ ਜਾਵੇਗਾ ਅਤੇ ਕੋਈ ਵੀ ਅਣਅਧਿਕ੍ਰਿਤ ਵਿਅਕਤੀ ਉਕਤ ਓਵਰਹੈਡ ਲਾਈਨ ਦੇ ਕੋਲ ਨਹੀਂ ਜਾਏਗਾ ਜਾਂ ਉਸ ਦੇ ਆਸਪਾਸ ਕੰਮ ਨਹੀਂ ਕਰੇਗਾ।

| ਸੈਕਸ਼ਨ | ਤਾਰੀਕ |
|---|---|
| ਦੌਲਤਪੁਰ ਚੌਂਕ (ਕਿਮੀ ਸਥਾਨ 163/19ਏ ਇੰਜੀਨੀਅਰਿੰਗ ਚੇਨੇਜ 60.200 ਕਿਮੀ) ਤੋਂ ਕਰਤੋਲੀ ਪੰਜਾਬ (ਕਿਮੀ ਸਥਾਨ 174/21ਏ ਇੰਜੀਨੀਅਰਿੰਗ ਚੇਨੇਜ 70.750 ਕਿਮੀ) ਤਕ ਨਵੀਂ ਲਾਈਨ, ਜਿਸ ਵਿਚ ਨਾਂਗਲ ਬਾਂਧ-ਤਲਵਾਰਾ ਸੈਕਸ਼ਨ, ਅੰਬਾਲਾ ਡਵੀਜਨ, ਉਤਰ ਰੇਲਵੇ ਵਿਚ ਸਬੰਧ ਟਰਨਆਊਟ ਅਤੇ ਏਟੀ ਸ਼ਾਮਲ ਹੈ। | 20.02.2026 |

**ਭਾਰਤੀਯ ਰੇਲ**

**25 ਕੇ.ਵੀ. ਏ.ਸੀ. ਟ੍ਰੈਕਸ਼ਨ ਦੀ ਪਰਿਚੈ**

**''ਸੜਕ ਉਪਯੋਗਕਰਤਾਵਾਂ ਨੂੰ ਚੇਤਾਵਨੀ''**

ਜਨਤਾ ਦੀ ਜਾਣਕਾਰੀ ਦੇ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਉਤਰ ਰੇਲਵੇ ਅੰਬਾਲਾ ਡਵੀਜਨ ਦੇ ਨਾਂਗਲ ਡੈਮ-ਤਲਵਾਰਾ ਸੈਕਸ਼ਨ ਵਿਚ **ਦੌਲਤਪੁਰ ਚੌਂਕ (ਕਿਮੀ ਸਥਾਨ 163/19ਏ ਇੰਜੀਨੀਅਰਿੰਗ ਚੇਨੇਜ 60.200 ਕਿਮੀ) ਤੋਂ ਕਰਤੋਲੀ ਪੰਜਾਬ (ਕਿਮੀ ਸਥਾਨ 174/21ਏ ਇੰਜੀਨੀਅਰਿੰਗ ਚੇਨੇਜ 70.750 ਕਿਮੀ) ਤਕ ਨਵੀਂ ਲਾਈਨ, ਜਿਸ ਵਿਚ ਨਾਂਗਲ ਬਾਂਧ-ਤਲਵਾਰਾ ਸੈਕਸ਼ਨ, ਅੰਬਾਲਾ ਡਵੀਜਨ, ਉਤਰ ਰੇਲਵੇ ਵਿਚ ਸਬੰਧ ਟਰਨਆਊਟ ਅਤੇ ਏਟੀ ਸਮੇਤ 25 ਕੇਵੀ ਏਸੀ ਇਲੈਕਿਟ੍ਰਕ ਟ੍ਰੈਕਸ਼ਨ ਦੀ ਸ਼ੁਰੂਆਤ ਦੇ ਸਬੰਧ ਵਿਚ**, ਸਾਰੇ ਲੇਵਲ ਕ੍ਰਾਸਿੰਗ ਤੇ ਹਾਈਟ ਗੇਜ ਲਗਾਏ ਗਏ ਹਨ, ਜਿਨ੍ਹਾਂ ਦੀ ਸਪਸ਼ਟ ਵਧ ਤੋਂ ਵਧ ਉਚਾਈ ਸੜਕ ਪੱਧਰ ਤੋਂ 4.78 ਮੀਟਰ ਉਪਰ ਹੈ। ਇਸ ਦਾ ਉਦੇਸ਼ ਜਿਆਦਾ ਉਚਾਈ ਵਾਲੇ ਭਾਰ ਨੂੰ ਲਾਈਵ ਟ੍ਰੈਕਸ਼ਨ ਵਾਯਰ (ਸੰਪਰਕ ਤਾਰ) ਦੇ ਸੰਪਰਕ ਵਿਚ ਆਉਣ ਜਾਂ ਖਤਰਨਾਕ ਰੂਪ ਨਾਲ ਨੇੜੇ ਆਉਣ ਤੋਂ ਰੋਕਣਾ ਹੈ। ਲੇਵਲ ਕ੍ਰਾਸਿੰਗ ਤੇ ਸੰਪਰਕ ਤਾਰ ਰੇਲ ਪੱਧਰ ਤੋਂ ਘੱਟੋ ਘੱਟ 5.5 ਮੀਟਰ ਦੀ ਉਚਾਈ ਹੋਣਾ ਚਾਹੀਦਾ ਹੈ।

ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਵਾਹਨਾਂ ਵਿਚ ਸਮਾਨ ਲੋਡ ਕਰਦੇ ਸਮੇਂ ਉਪਰ ਦਰਸਾਈ ਉਚਾਈ ਦਾ ਧਿਆਨ ਰਖਣ ਅਤੇ ਇਹ ਯਕੀਨੀ ਕਰਨ ਕਿ ਸੜਕ ਵਾਹਨਾਂ ਵਿਚ ਲਦਿਆ ਗਿਆ ਭਾਰ ਕਿਸੇ ਵੀ ਹਾਲਾਤ ਵਿਚ ਉਚਾਈ ਮਾਪਕ ਦਾ ਉਲੰਘਣ ਨਾ ਕਰੇ।

ਜ਼ਿਆਦਾ ਉਚਾਈ ਦੇ ਭਾਰ ਦੇ ਖਤਰੇ ਇਸ ਪ੍ਰਕਾਰ ਹਨ:-

i) ਉਚਾਈ ਗੇਜ ਦੇ ਲਈ ਖਤਰਾ ਅਤੇ ਨਤੀਜੇ ਵਜੋਂ ਸੜਕ ਦੇ ਨਾਲ-ਨਾਲ ਰੇਲਵੇ ਲਾਈਨ ਵਿਚ ਰੁਕਾਵਟ।
ii) ਲੈ ਜਾਏ ਜਾ ਰਹੇ ਸਮਾਨ ਜਾਂ ਉਪਰਕਣ ਜਾਂ ਖੁਦ ਵਾਹਨ ਦੇ ਲਈ ਖਤਰਾ।
iii) ਕੰਡਕਟਰਾਂ ਦੇ ਸੰਪਰਕ ਵਿਚ ਆਉਣ ਜਾਂ ਉਨ੍ਹਾਂ ਦੇ ਖਤਰਨਾਕ ਰੂਪ ਨਾਲ ਨੇੜੇ ਹੋਣ ਦੇ ਕਾਰਨ ਅੱਗ ਲਗਣ ਦਾ ਖਤਰਾ ਅਤੇ ਜਾਨ ਦਾ ਜੋਖਮ।

**ਨੰ. 17-ਇਲੈਕਿਟ੍ਰਕਲ/ਸੀ/ਟੀਆਰਡੀ/ਯੂਐਮਬੀ/134-ਬੀ ਮਿਤੀ: 18.02.2026**

ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ,
ਉ.ਰੇ. ਮੁਰਾਦਾਬਾਦ

561/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



### ਉੱਤਰ ਰੇਲਵੇ

**ਕਿਰਾਏ ਦੇ ਆਧਾਰ ਉਤੇ ਕਨਵੇਅਰ ਬੈਲਟ ਦੇ ਪ੍ਰਾਵਧਾਨ ਦੇ ਲਈ ਸੂਚਨਾ (ਈਓਆਈ)**

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਐਫਐਮ, ਉੱਤਰ ਰੇਲਵੇ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਅਸਥਾਈ ਅਤੇ ਪ੍ਰਯੋਗਿਕ ਆਧਾਰ ਉਤੇ, ਮੁਕਤਸਰ ਗੁਡਸ ਸ਼ੈਡ ਵਿਚ ਲੋਡਿੰਗ/ ਅਨਲੋਡਿੰਗ ਦੇ ਲਈ 01 ਦਿਨ ਦੇ ਲਈ ਕਿਰਾਏ ਤੇ ਕਨਵੇਅਰ ਬੈਲਟ ਪ੍ਰਦਾਨ ਕਰਨ ਦੇ ਲਈ ਈਓਆਈ (ਦਿਲਚਸਪੀ ਦਾ ਪ੍ਰਗਟਾਵਾ) ਮੰਗ ਕਰਦੇ ਹਨ। ਇਛੁਕ ਪਾਰਟੀਆਂ ਆਪਣੀ ਰੁਚੀ ਪੇਸ਼ ਕਰ ਸਕਦੀਆਂ ਹਨ। ਪੇਸ਼ ਕੀਤੇ ਗਏ ਪ੍ਰਗਟਾਵੇ ਦੀ ਜਾਂਚ ਕੀਤੀ ਜਾਵੇਗੀ ਅਤੇ ਕੇਵਲ ਵੈਲਿਡ ਪਾਇਆ ਜਾਂਦਾ ਹੈ ਤਾਂ ਦਸਤਾਵੇਜ਼ਾਂ ਦੁਆਰਾ ਪ੍ਰਮਾਣਿਤ ਦਰਾਂ ਨੂੰ ਵੈਲੀਡਿਟੀ ਪ੍ਰਦਾਨ ਕੀਤੀ ਜਾਵੇਗੀ।

ਵਧੇਰੇ ਜਾਣਕਾਰੀ ਅਤੇ ਹੋਰ ਜਾਣਕਾਰੀ ਦੇ ਲਈ ਕਿਰਪਾ ਉਤਰ ਰੇਲਵੇ ਦੀ ਵੈਬਸਾਈਟ: www.nr.indianrailways.gov.in ਵੇਖੋ ਜਾਂ 9779233950 ਤੇ ਸੰਪਰਕ ਕਰੋ।

**ਈਓਆਈ ਜਮ੍ਹਾ ਕਰਨ ਦੀ ਅੰਤਿਮ ਮਿਤੀ: 25.02.2026 ਨੂੰ 15:00 ਵਜੇ ਤਕ।**

ਨੰਬਰ: ਐਮਸੀ/35000/ਕਨਵੇਅਰ ਬੈਲਟ/2026 ਮਿਤੀ: 18.02.2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 569/26



### ਉੱਤਰ ਰੇਲਵੇ

**ਟੈਂਡਰ ਨੋਟਿਸ ਨੰਬਰ 6-WDYCECDJAT-25-26 ਮਿਤੀ 18.02.2026 ਦਾ ਪਹਿਲਾ ਸੁਧਾਰ**

ਟੈਂਡਰ ਨੋਟਿਸ ਨੰਬਰ 6-WDYCECDJAT-25-26 ਮਿਤੀ 18.02.2026 ਦਾ ਪਹਿਲਾ ਸੁਧਾਰ "ਉਧਮਪੁਰ ਵਿਚ ਸਪੈਸ਼ਲ ਪ੍ਰੋਟੈਕਸ਼ਨ ਫੋਰਸ ਦੇ ਲਈ ਨਵੀਂ ਇੱਕ ਬਟਾਲੀਅਨ ਦੇ ਪ੍ਰੋਵੀਜਨ ਅਤੇ ਕੰਸਟ੍ਰਕਸ਼ਨ ਦੇ ਸਬੰਧ ਵਿਚ ਬੈਲੇਂਸ ਸਿਵਿਲ ਮਿਸਲੇਨਿਯਤ ਵਰਕਸ" ਦੇ ਕੰਮ ਦੇ ਲਈ, ਜੋ 17.03.2026 ਨੂੰ 11:30 ਵਜੇ ਤਕ ਖੁਲਣ ਵਾਲਾ ਸੀ ਅਤੇ ਹੁਣ ਨਵੀ ਟੈਂਡਰ ਸ਼ਰਤਾਂ ਦੇ ਅਨੁਸਾ 17.03.2026 ਨੂੰ 15:00 ਵਜੇ ਦੇ ਤੁਰੰਤ ਬਾਦ ਖੁਲੇਗਾ, ਹੇਠਾ ਦਿਤੀ ਗਈ ਜਾਣਕਾਰੀ :-

| ਵੇਰਵਾ | ਟੈਂਡਰ ਸੂਚਨਾ ਮਿਤੀ 18.02.2026 ਦੇ ਅਨੁਸਾਰ ਵੇਰਵਾ | ਪਹਿਲਾ ਸ਼ੁੱਧੀਪੱਤਰ ਮਿਤੀ 19.02.2026 ਦੇ ਅਨੁਸਾਰ ਵੇਰਵਾ |
|---|---|---|
| ਟੈਂਡਰ ਦੀ ਉਪਲਬਧਤਾ ਦੀ ਮਿਤੀ ਅਤੇ ਸਮਾਂ | 03.03.2026 ਤੋਂ 17.03.2026 ਤਕ 11:30 ਵਜੇ ਤਕ IREPS ਵੈੱਬਸਾਈਟ ਉਤੇ | 03.03.2026 ਤੋਂ 17.03.2026 ਤਕ 15:00 ਵਜੇ ਤਕ IREPS ਵੈੱਬਸਾਈਟ ਉਤੇ |
| ਟੈਂਡਰ ਜਮਾ ਕਰਨ/ ਖੁਲਣ ਦੀ ਮਿਤੀ ਅਤੇ ਸਮਾਂ | 17.03.2026 ਨੂੰ 11:30 ਵਜੇ ਤਕ ਅਤੇ 11:30 ਵਜੇ ਦੇ ਤੁਰੰਤ ਬਾਦ ਖੋਲੀ ਜਾਵੇਗੀ | 17.03.2026 ਨੂੰ 15:00 ਵਜੇ ਤਕ ਅਤੇ 15:00 ਵਜੇ ਦੇ ਤੁਰੰਤ ਬਾਦ ਖੋਲੀ ਜਾਵੇਗੀ |

ਨੰ: 6-DY.CE/C/D/JAT/2025-26 ਮਿਤੀ : 19.02.2026 577/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



### ਉੱਤਰ ਰੇਲਵੇ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-RCR26-2 | 05-03-26 ਨੂੰ 11:30 ਵਜੇ | ਕ) ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਟੇਕਸਟਾਈਲ ਸਟੋਰ, ਪੂਜਾ ਸਮਗਰੀ ਸਟੋਰ ਅਤੇ ਸੈਲੂਨ ਦੀ ਸਥਾਪਨਾ ਅਤੇ ਸੰਚਾਲਨ ਲਈ ਠੇਕੇ ਦਾ ਅਲਾਟਮੈਂਟ।<br>ਖ) ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਰੇਲ ਕੋਚ ਰੈਸਟੋਰੈਂਟ ਦੇ ਰੂਪ ਵਿਚ ਰੇਲ ਕੋਚ ਦੇ ਨਵੀਕਰਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ।<br>ਗ) ਨਵਾਂਸ਼ਹਿਰ ਅਤੇ ਮੁਕਤਸਰ ਰੇਲਵੇ ਸਟੇਸ਼ਨ ਤੇ ਫੂਡ ਵੈਨ ਦੀ ਸਥਾਪਨਾ ਅਤੇ ਸੰਚਾਲਨ। |
| EAFZR-PnU26-4 | 05-03-26 ਨੂੰ 11:30 ਵਜੇ | ਜਲੰਧਰ ਛਾਉਣੀ ਰੇਲਵੇ ਸਟੇਸ਼ਨ ਤੇ 'ਪੇ ਐਂਡ ਯੂਜ ਟਾਯਲੇਟ' ਬਲਾਕਸ ਦੇ ਆਪਰੇਸ਼ਨ ਅਤੇ ਮੇਂਟਨੇਂਸ ਦੇ ਲਈ ਠੇਕੇ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

ਨੰਬਰ : NR-FZR0COML(NFR)/18/2024 ਮਿਤੀ: 18/02/2026 563/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਅਮਰੀਕਾ ਨਾਲ ਭਾਰਤ ਦਾ ਵਪਾਰ ਸਮਝੌਤਾ ਕਿਸਾਨੀ ਨੂੰ ਖੇਤੀ ਤੋਂ ਬਾਹਰ ਕਰ ਦੇਵੇਗਾ : ਅਜਨਾਲਾ

ਧਾਰੀਵਾਲ (ਮਨਦੀਪ ਵਿੱਕੀ)-ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਗੁਰਦਾਸਪੁਰ ਦੀ ਮਾਸਕ ਮੀਟਿੰਗ ਵੀਰਵਾਰ ਸ਼ਹੀਦ ਬਲਜੀਤ ਸਿੰਘ ਭਵਨ ਵਿਖੇ ਜ਼ਿਲ੍ਹਾ ਪ੍ਰਧਾਨ ਸਾਥੀ ਹਰਜੀਤ ਸਿੰਘ ਕਾਹਲੋਂ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸੂਬਾ ਪ੍ਰਧਾਨ ਸਾਥੀ ਸਤਨਾਮ ਸਿੰਘ ਅਜਨਾਲਾ ਉਚੇਚੇ ਤੌਰ 'ਤੇ ਪੁੱਜੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਥੀ ਅਜਨਾਲਾ ਨੇ ਕੇਂਦਰ ਦੀ ਮੋਦੀ ਸਰਕਾਰ ਦੀਆਂ ਕਿਸਾਨ ਮਜ਼ਦੂਰ ਵਿਰੋਧੀ ਨੀਤੀਆਂ ਦੀ ਸਖਤ ਆਲੋਚਨਾ ਕੀਤੀ।



ਉਹਨਾਂ ਦੱਸਿਆ ਕਿ ਕੇਂਦਰ ਨੇ ਜਿੱਥੇ ਮਨਰੇਗਾ ਕਾਨੂੰਨ ਅਤੇ ਚਾਰ ਲੇਬਰ ਕੋਡ ਬਣਾ ਕੇ ਮਜ਼ਦੂਰਾਂ ਨੂੰ ਉੱਕਾ ਹੀ ਤਬਾਹ ਕਰ ਦਿੱਤਾ ਹੈ ਉਸੇ ਤਰ੍ਹਾ ਹੁਣ ਅਮਰੀਕਾ ਨਾਲ ਮੋਦੀ ਸਰਕਾਰ ਨੇ ਜੋ ਵਪਾਰ ਸਮਝੌਤਾ ਕੀਤਾ ਹੈ, ਉਸ ਵਿੱਚ ਖੇਤੀ ਵਸਤਾਂ ਨੂੰ ਸ਼ਾਮਲ ਕਰਨ ਨਾਲ ਭਾਰਤੀ ਕਿਸਾਨ ਖੇਤੀ ਛੱਡ ਕੇ ਮਜ਼ਦੂਰ ਬਣਨ ਲਈ ਮਜਬੂਰ ਹੋ ਜਾਣਗੇ। ਘੱਟੋ ਘੱਟ ਸਮਰਥਨ ਮੁੱਲ (ਐਮ ਐਸ ਪੀ) ਦਾ ਕਿਸਾਨੀ ਸੁਪਨਾ ਵੀ ਗੁੰਮ ਗਵਾਚ ਜਾਵੇਗਾ।ਜੇ ਦੁੱਧ ਤੋਂ ਬਣੀਆਂ ਵਸਤਾਂ, ਕਣਕ ਤੇ ਜਵਾਰ, ਸੋਇਆਬੀਨ ਤੇਲ, ਦਾਲਾਂ, ਆਂਡੇ, ਮੀਟ, ਫਲ ਸਭ ਕੁਝ ਹੀ ਬਾਹਰੋਂ ਅਮਰੀਕਾ ਤੋਂ 0% ਟੈਰਿਫ ਨਾਲ ਬਹੁਤ ਹੀ ਸਸਤਾ ਭਾਰਤ ਵਿੱਚ ਆਵੇਗਾ ਤਾਂ ਭਾਰਤ ਦੇ ਕਿਸਾਨਾਂ ਦੇ ਉਤਪਾਦਨ ਕੌਣ ਖਰੀਦੇਗਾ। ਸਾਰੇ ਸਹਾਇਕ ਧੰਦੇ ਵੀ ਬਰਬਾਦ ਹੋ ਜਾਣਗੇ।ਇਹ ਕੈਸਾ ਸਮਝੌਤਾ ਹੈ ਜਿਸ ਵਿੱਚ ਅਮਰੀਕਾ ਤਾਂ ਸਾਡੇ ਉਤਪਾਦਾਂ 'ਤੇ 18% ਟੈਰਿਫ ਲਾਉਂਦਾ ਹੈ ਪਰ ਅਸੀਂ ਕੁਝ ਵੀ ਨਹੀਂ। ਕਿਸਾਨੀ ਨਾ ਰਹੀ ਤਾਂ ਮਜ਼ਦੂਰ ਜਮਾਤ ਵੀ ਨਹੀਂ ਬਚ ਸਕੇਗੀ। ਸਾਥੀ ਅਜਨਾਲਾ ਨੇ ਜ਼ਿਲਾ ਕਮੇਟੀ ਮੈਂਬਰਾਂ ਨੂੰ ਤਾਕੀਦ ਕੀਤੀ ਕਿ 22 ਫਰਵਰੀ ਦੇ ਬੀ ਜੇ ਪੀ ਪਠਾਨਕੋਟ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੈਰੀ ਕਲਸੀ ਦੇ ਘਰਾਂ ਅੱਗੇ ਦਿੱਤੇ ਜਾਣ ਵਾਲੇ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ।ਇਸੇ ਤਰ੍ਹਾਂ ਹੀ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਜੋ ਚੰਡੀਗੜ੍ਹ 26 ਫਰਵਰੀ ਨੂੰ ਵੱਡਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ ਉਸ ਵਿੱਚ ਵੀ ਵੱਡੀ ਸ਼ਮੂਲੀਅਤ ਕੀਤੀ ਜਾਵੇ। ਮੀਟਿੰਗ ਨੇ ਮਾਨ ਸਰਕਾਰ ਵੱਲੋਂ ਕਿਸਾਨਾਂ ਉੱਪਰ ਜੋ ਅਥਾਹ ਤਸ਼ੱਦਦ ਢਾਇਆ ਹੈ ਉਸ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਕਿਹਾ ਕਿ ਇਹ ਸਰਕਾਰ ਨੂੰ ਬਹੁਤ ਮਹਿੰਗਾ ਪਵੇਗਾ।ਜਮਹੂਰੀ ਕਿਸਾਨ ਸਭਾ ਦੀ ਅੱਜ ਹੋਈ ਮੀਟਿੰਗ ਵਿੱਚ ਸਮੂਹ ਕਮੇਟੀ ਮੈਂਬਰਾਂ ਨੇ ਉਹਨਾਂ ਦੇ ਆਦੇਸ਼ਾਂ ਨੂੰ ਅਮਲੀ ਰੂਪ ਦੇਣ ਦਾ ਨਿਰਣਾ ਲਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਜਗੀਰ ਸਿੰਘ ਸਲਾਚ, ਮੱਖਣ ਸਿੰਘ ਕੁਹਾੜ, ਰਘਬੀਰ ਸਿੰਘ ਚਾਹਲ, ਅਜੀਤ ਸਿੰਘ ਹੁੰਦਲ, ਗੁਰਮੀਤ ਸਿੰਘ ਥਾਣੇਵਾਲ, ਬਲਜੀਤ ਸਿੰਘ ਕਲਾਨੌਰ, ਵੀਰ ਸਿੰਘ, ਦਿਲਬਾਗ ਸਿੰਘ, ਬਲਪ੍ਰੀਤ ਸਿੰਘ ਘਰਾਲਾ, ਕੁਲਜੀਤ ਸਿੰਘ ਸਿੱਧਵਾਂ ਜਮੀਤਾ, ਬਲਵੰਤ ਸਿੰਘ ਫਜ਼ਲਾਬਾਦ ਕੁਲਜੀਤ ਸਿੰਘ ਰੰਧਾਵਾ, ਪੁਸ਼ਪਿੰਦਰ ਸਿੰਘ ਤੇ ਮਹਿੰਦਰ ਸਿੰਘ ਸ਼ਾਹਪੁਰ ਜਾਜਨ ਨੇ ਵੀ ਆਪਣੇ ਵਿਚਾਰ ਰੱਖੇ।

## ਗੜ੍ਹੀ ਅੱਜ ਐੱਸ ਸੀ ਭਾਈਚਾਰੇ ਦੀਆਂ ਸੁਣਨਗੇ ਮੁਸ਼ਕਲਾਂ

ਬਟਾਲਾ (ਡਾਕਟਰ ਮਲਵਿੰਦਰ ਸਿੰਘ)- ਜਸਵੀਰ ਸਿੰਘ ਗੜ੍ਹੀ ਚੇਅਰਮੈਨ ਐੱਸ ਸੀ ਕਮਿਸ਼ਨ ਪੰਜਾਬ 20 ਫਰਵਰੀ ਨੂੰ ਬਟਾਲਾ ਪਹੁੰਚਣਗੇ ਅਤੇ ਉਨ੍ਹਾਂ ਵਲੋਂ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ ਐੱਸ.ਸੀ ਭਾਈਚਾਰੇ ਨਾਲ ਸਬੰਧਤ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਹੱਲ ਕਰਵਾਈਆਂ ਜਾਣਗੀਆਂ।



ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹਿਣਗੇ।ਜ਼ਿਲ੍ਹਾ ਸਮਾਜਿਕ ਨਿਆਂ ਅਧਿਕਾਰਤਾ ਅਫਸਰ ਗੁਰਦਾਸਪੁਰ ਸੁਖਵਿੰਦਰ ਸਿੰਘ ਘੁੰਮਣ ਨੇ ਦੱਸਿਆ ਕਿ ਚੇਅਰਮੈਨ ਗੜ੍ਹੀ ਵਲੋਂ ਅਨੁਸੂਚਿਤ ਜਾਤੀ ਵਰਗ ਭਾਈਚਾਰੇ ਨਾਲ ਸਬੰਧਤ ਲੋਕਾਂ ਦੀ ਮੁਸ਼ਕਲਾਂ ਸੁਣ ਕੇ ਸਬੰਧਤ ਵਿਭਾਗਾਂ ਰਾਹੀਂ ਹੱਲ ਕਰਵਾਈਆਂ ਜਾਣਗੀਆਂ। ਉਨ੍ਹਾਂ ਐੱਸ.ਸੀ ਭਾਈਚਾਰੇ ਨਾਲ ਸਬੰਧਤ ਲੋਕਾਂ ਨੂੰ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।


ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ

**Punjab & Sind Bank**
(A Govt. of India Undertaking)
ਪੀ.ਐਸ.ਬੀ

**ਈ-ਨਿਲਾਮੀ ਵਿਕਰੀ ਨੋਟਿਸ**

**B/O:- International Banking Division, Gill Road, Millerganj, Ludhiana. Phone: 0161- 5068062,63**

**11.03.2026 (ਸਵੇਰੇ 11.00 ਵਜੇ ਤੋਂ 2.00 ਵਜੇ ਸ਼ਾਮ) ਨੂੰ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਜਨਤਕ ਨੋਟਿਸ**

**[ਅੰਤਿਕਾ IV-ਏ] ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ**

**ਸਕਿਉਰਿਟੀ ਇੰਟਰੈਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਿਟੀਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਦੇ ਤਹਿਤ ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ**

ਆਮ ਜਨਤਾ ਅਤੇ ਕਰਜ਼ਦਾਰਾਂ, ਰਹਿਣਕਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਨੂੰ ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਜੋ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ ਹੈ ਦਾ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰਤ ਅ.ਫਸਰ, ਸਕਿਉਰਟਡ ਕ੍ਰੈਡਿਟਰ ਦੇ ਸੰਕੇਤਕ/ਭੌਤਿਕ ਕਬਜ਼ਾ ਪ੍ਰਾਪਤ ਕਰ ਲਿਆ ਹੈ, ਦੀ ਹੇਠਾਂ ਦਰਸਾਏ ਖਾਤਿਆਂ 'ਚ ਦਰਸਾਏ ਖਾਤਿਆਂ 'ਚ ਦਰਸਾਈ ਬਕਾਇਆ ਰਕਮ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਹੈ", ਦੇ ਆਧਾਰ 'ਤੇ ਵੇਚੀ ਜਾਵੇਗੀ। ਕਰਜ਼ਦਾਰ/ਰਹਿਣਕਾਰ/ਗਰੰਟਰ/ਸਕਿਉਰਡ ਐੱਸਟਸ ਦੇ ਵੇਰਵੇ/ਬਕਾਇਆ/ਰਾਖਵੀਂ ਕੀਮਤ/ਈ-ਨਿਲਾਮੀ ਮਿਤੀ ਅਤੇ ਸਮਾਂ, ਈ ਐਮ ਡੀ ਰਕਮ ਦੇ ਵੇਰਵੇ ਹੇਠਾਂ ਸਾਰਣੀ 'ਚ ਦਰਸਾਏ ਗਏ ਹਨ।


| ਲੜੀ ਨੰ. | ਬਰਾਂਚ ਦਾ ਨਾਂਅ ਅਤੇ ਖਾਤੇ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ ਅਤੇ ਕੁਲ ਵਸੂਲੀਯੋਗ ਰਕਮ | ਸਕਿਉਰਡ ਐੱਸਟ ਦਾ ਵੇਰਵਾ | ਰਾਖਵੀਂ ਕੀਮਤ (ਰੁਪਏ) / ਈ ਐੱਮ ਡੀ (ਰੁਪਏ) / ਬੋਲੀ ਵਾਧਾ ਰਕਮ (ਰੁਪਏ) | ਜਾਇਦਾਦ ਨਿਰੀਖਣ ਦੀ ਮਿਤੀ ਅਤੇ ਸਮਾਂ | ਈ ਐੱਮ ਡੀ ਜਮ੍ਹਾਂ ਦੀ ਆਖਰੀ ਮਿਤੀ ਅਤੇ ਸਮਾਂ ਕਬਜ਼ੇ ਦੀ ਸਥਿਤੀ | ਅਧਿਕਾਰਤ ਅ.ਫਸਰ ਦਾ ਨਾਂਅ ਅਤੇ ਸੰਪਰਕ ਨੰਬਰ | ਜਾਇਦਾਦ ਫੋਟੋ ਲਈ ਕਿਉ ਆਰ ਕੋਡ | ਸਥਾਨ ਲਈ ਕਿਉ ਆਰ ਕੋਡ | ਸਰਵਿਸ ਪ੍ਰੋਵਾਇਡਰ ਲਈ ਕਿਉ ਆਰ ਕੋਡ |
|---|---|---|---|---|---|---|---|---|---|---|
| 2. | ਇੰਟਰਨੈਸ਼ਨਲ ਬੈਂਕਿੰਗ ਡਵੀਜ਼ਨ<br>1. ਮੈਸਰਜ਼ ਮੰਗਲਮ ਰੀਸਾਈਕਲਿੰਗ ਲਿਮਟਿਡ (ਕਰਜ਼ਦਾਰ ਅਤੇ ਰਹਿਣਕਾਰ) ਬੂਮ ਡਿਜ਼ੀਟਲ-15 ਏ, ਜੇ ਐੱਲ ਨਹਿਰੂ ਰੋਡ, ਧਰਾਤਲ ਮੰਜ਼ਲ ਕੋਲਕਾਤਾ-700071, ਨਾਲ ਹੀ : ਪਿੰਡ ਕੰਗਣਵਾਲ, ਡਾਕਖਾਨਾ : ਜੁਗਿਆਣਾ, ਲੁਧਿਆਣਾ-141020 2. ਰਾਜੀਵ ਗੁਪਤਾ ਪੁੱਤਰ ਜੋਗਿੰਦਰ ਲਾਲ ਗੁਪਤਾ (ਡਾਇਰੈਕਟਰ/ਗਰੰਟਰ) ਪਤਾ : 36-ਏ, ਅਗਰ ਨਗਰ, ਐਕਸਟੈਨਸ਼ਨ, ਲੁਧਿਆਣਾ-141012, ਨਾਲ ਹੀ : ਮਕਾਨ ਨੰ. 156, ਪਿੰਡ ਕੋਟ ਗੰਗੂ ਰਾਏ ਲੁਧਿਆਣਾ-141113, ਨਾਲ ਹੀ : ਮਕਾਨ ਨੰ. 3145, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141008 3. ਮਾਲਤੀ ਗੁਪਤਾ ਪਤਨੀ ਸ੍ਰੀ ਰਾਜੀਵ ਗੁਪਤਾ (ਡਾਇਰੈਕਟਰ/ਗਰੰਟਰ) ਪਤਾ : 36-ਏ, ਅਗਰ ਨਗਰ, ਐਕਸਟੈਨਸ਼ਨ, ਲੁਧਿਆਣਾ-141012, ਨਾਲ ਹੀ : ਮਕਾਨ ਨੰ. 156, ਪਿੰਡ ਕੋਟ ਗੰਗੂ ਰਾਏ ਲੁਧਿਆਣਾ-141113, ਨਾਲ ਹੀ : ਮਕਾਨ ਨੰ. 3145, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141008 4. ਮੈਸਰਜ਼ ਮੋਂਗਾ ਇਸਪਾਤ ਲਿਮਟਿਡ : (ਗਰੰਟਰ ਅਤੇ ਰਹਿਣਕਾਰ) : ਬੀ 30 ਨਾਲ ਲੱਗਦਾ ਫੇਜ਼ 7, ਫੋਕਲ ਪੁਆਇੰਟ ਪਿੰਡ ਢੰਡਾਰੀ ਖੁਰਦ, ਲੁਧਿਆਣਾ-141003 | 03.12.2024<br>30.11.2024 ਨੂੰ ਰੁਪਏ 95,57,98,894.72/- ਜਮ੍ਹਾਂ 01.12.2024 ਤੋਂ ਇਸ 'ਤੇ ਵਿਆਜ ਅਤੇ ਹੋਰ ਖਰਚੇ | ਜਾਇਦਾਦ ਨੰ. 1 : (1) ਬੈਨਾਮਾ ਵਸੀਕਾ ਨੰ. 13645 ਮਿਤੀ 15.12.2010 ਅਨੁਸਾਰ ਮੈਸਰਜ਼ ਮੰਗਲਮ ਰੀਸਾਈਕਲਿੰਗ ਲਿਮਟਿਡ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 8 ਕਨਾਲ 0 ਮਰਲਾ (4840 ਵਰਗ ਗਜ਼) ਖਸਰਾ ਨੰ. 24//7/2, 17/1, 17/2, 17/3, 18/1, 23/2, 24/2, 24/3, 24/1, ਖੱਤਾ ਨੰ. 159/213, ਜਮ੍ਹਾਂਬੰਦੀ ਸਾਲ 1996-97 ਪਿੰਡ ਪਾਹਵਾ ਵਿਖੇ ਸਥਿਤ, ਹੱਦਬਸਤ ਨੰ. 246, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਉੱਤਰ : ਮਹਿੰਦਰ ਸਿੰਘ ਦੀ ਜ਼ਮੀਨ, ਦੱਖਣ : ਗਲੀ, ਪੂਰਬ : ਸੁਦਰਸ਼ਨ ਸਿੰਘ ਦੀ ਜ਼ਮੀਨ, ਪੱਛਮ : ਜ਼ਮੀਨ ਵਿਸ਼ਵਕਰਮਾ ਸਟ੍ਰਿਪਸ ਐਂਡ ਇਨਵੇਸਟਮੈਂਟ ਲਿਮਟਿਡ ਅਤੇ ਵਿਸ਼ਵਕਰਮਾ ਅਲਾਇਜ਼ ਲਿਮਟਿਡ।<br>(2) ਬੈਨਾਮਾ ਵਸੀਕਾ ਨੰ. 13646 ਮਿਤੀ 15.12.2010 ਅਨੁਸਾਰ ਮੈਸਰਜ਼ ਮੰਗਲਮ ਰੀਸਾਈਕਲਿੰਗ ਲਿਮਟਿਡ ਦੇ ਨਾਂਅ ਰਜਿਸਟਰਡ ਜਾਇਦਾਦ 22256 ਵਰਗ ਗਜ਼ ਕੁੱਲ ਰੂਪ 'ਚ ਪਿੰਡ ਕੰਗਣਵਾਲ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਜਾਇਦਾਦਾਂ ਦੇ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ :-<br>ਏ) 5ਬੀ-0ਬੀ-0ਬੀ (ਪੁਖਤਾ), ਜਿਸ ਵਿੱਚ ਖਸਰਾ ਨੰ: 942 ਮਿਨ, 942 ਮਿਨ. 942 ਮਿਨ, 942 ਮਿਨ, 942 ਮਿਨ, 942 ਮਿਨ, 942 ਮਿਨ, 942 ਮਿਨ, ਖਾਤਾ ਨੰ: 102/197, 198, 199, 200, 202, 203, ਖਸਰਾ ਨੰਬਰ 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, ਖਾਤਾ ਨੰਬਰ 103/204-205-206-207-208-209, ਖਸਰਾ ਨੰਬਰ 1400/806 ਮਿਨ, 1400/806 ਮਿਨ 1400/806, ਮਿਨ, ਖਾਤਾ ਨੰ: 188/363, 364, 365, ਖਸਰਾ ਨੰ: 821 ਮਿਨ, 821 ਮਿਨ, 821 ਮਿਨ, 821 ਮਿਨ, 821 ਮਿਨ, ਖੱਤਾ ਨੰ: 189/366, 367, 368, 369, 370 ਖਸਰਾ. ਨੰ: 1319/539, 1328/565, 1329/570 ਅਤੇ 1330/1/577, 582, 1384/586, ਖਾਤਾ ਨੰ. 39/60, ਖਸਰਾ ਨੰ: 1335/586, 1336/586, 1337/586, 1339/599, 1340/606, 1477/543, ਖਾਤਾ ਨੰ: 39/61, ਖਸਰਾ ਨੰ: 1338/588 ਮਿਨ, ਖਾਤਾ ਨੰ. 40/62, ਖਸਰਾ ਨੰ.1311/543 ਮਿਨ, 1311/543 ਮਿਨ, 1311/543 ਮਿਨ, 1311/543 ਮਿਨ, ਖਾਤਾ ਨੰਬਰ 42/64, 65, 66, 67, 68, ਅਤੇ ਖਸਰਾ ਨੰਬਰ 1517/1316/531 ਮਿਨ, 1517/1316/531 ਮਿਨ, 1517/1316/531 ਮਿਨ, ਖਾਤਾ ਨੰ: 43/69-70-71 ਅਤੇ ਖਸਰਾ ਨੰ: 613 ਮਿਨ, 613 ਮਿਨ, ਖਾਤਾ ਨੰ: 67/117-118 ਅਤੇ ਖਸਰਾ ਨੰ: 614 ਮਿਨ, 614 ਮਿਨ, ਖਾਤਾ ਨੰ. 68/119-120 ਅਤੇ ਖਸਰਾ ਨੰ. 615 ਮਿਨ, 615 ਮਿਨ, ਖਾਤਾ ਨੰਬਰ 69/121-122 ਅਤੇ ਖਸਰਾ ਨੰਬਰ 781 ਮਿਨ, 781 ਮਿਨ, ਖਾਤਾ ਨੰਬਰ 187/361-362 ਅਤੇ ਖਸਰਾ ਨੰਬਰ 1518/1316/531 ਮਿਨ, 1518/1316/531 ਮਿਨ, 1518/1518/353 1518/1316/531 ਮਿਨ, ਖਾਤਾ ਨੰ. 44/72, 73, 74, ਖਸਰਾ ਨੰ: 610 ਮਿਨ, 610 ਮਿਨ, ਖਾਤਾ ਨੰ: 65/113-114 ਅਤੇ ਖਸਰਾ ਨੰ: 612 ਮਿਨ, 612 ਮਿਨ, ਖਾਤਾ ਨੰ. 66/115-116, ਸਾਲ 1985-86 ਲਈ ਜਮ੍ਹਾਂਬੰਦੀ ਅਨੁਸਾਰ ਪਿੰਡ ਕੰਗਣਵਾਲ ਹਦਬਸਤ ਨੰ. 245, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀਆਂ ਸੀਮਾਵਾਂ ਹੇਠਾਂ ਦਰਸਾਏ ਅਨੁਸਾਰ ਹਨ:- ਉੱਤਰ : ਸੁਪਰ ਇਸਮਾਤ ਉਦਯੋਗ-ਨਿਰਮਲ ਇੰਡ. ਕਾਰਪੋਰੇਸ਼ਨ, ਦੱਖਣ-ਗਲੀ ਅਤੇ ਜ਼ਮੀਨ ਵਿਸ਼ਵਕਰਮਾ ਇਸਪਾਤ ਲਿਮਟਿਡ, ਪੂਰਬ : ਜ਼ਮੀਨ ਵਿਸ਼ਵਕਰਮਾ ਸਟ੍ਰਿਪਸ ਐਂਡ ਇਨਵੇਸਟਮੈਂਟ ਲਿਮਟਿਡ ਅਤੇ ਵਿਸ਼ਵਕਰਮਾ ਅਲਾਇਜ਼ ਲਿਮਟਿਡ, ਪੱਛਮ : ਜ਼ਮੀਨ ਵਿਸ਼ਵਕਰਮਾ ਅਲਾਇਜ਼ ਲਿਮਟਿਡ<br>(ਬੀ) 0ਬੀ-14ਬੀ-18ਬੀ (ਪੁਖਤਾ) ਨੂੰ ਮਾਪਣ ਵਾਲੀ ਜਾਇਦਾਦ, ਜਿਸ ਵਿੱਚ ਖੇਵਟ ਨੰ: 43,46,47,44 ਖਤੌਨੀ ਨੰ: 63, 66 ਤੋਂ 69, 70 ਤੋਂ 72, 64 ਖਸਰਾ ਨੰਬਰ 1319/539, 1328/565, 1329/570, 1330/1/577, 582,1382/586, 1335/586, 1336/586, 1337/586, 1339/599, 1340/606, 1477/543, 1311/543, 1517/1316/531, 1338/588 ਸਾਲ 2000-01 ਲਈ ਜਮ੍ਹਾਂਬੰਦੀ ਅਨੁਸਾਰ ਪਿੰਡ ਕੰਗਣਵਾਲ ਹੱਦਬਸਤ ਨੰਬਰ 245, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ, ਜਿਸਦੀਆਂ ਹੱਦਾਂ ਹੇਠਾਂ ਦੱਸੀਆਂ ਗਈਆਂ ਹਨ:- ਉੱਤਰ : ਨਿਰਮਲ ਇੰਡ. ਅਸਟੇਟ ਦੀ ਜ਼ਮੀਨ, ਦੱਖਣ : ਜ਼ਮੀਨ ਵਿਸ਼ਵਕਰਮਾ ਸਟ੍ਰਿਪਸ ਐਂਡ ਇਨਵੈਸਟਮੈਂਟ ਲਿਮਟਿਡ, ਪੂਰਬ : ਜ਼ਮੀਨ ਵਿਸ਼ਵਕਰਮਾ ਸਟ੍ਰਿਪਸ ਐਂਡ ਇਨਵੈਸਟਮੈਂਟ ਲਿਮਟਿਡ (ਪਾਵਾ ਸਾਈਡ), ਪੱਛਮ : ਜ਼ਮੀਨ ਬਲਵਿੰਦਰ ਸਿੰਘ<br>(ਸੀ) ਸੰਪਤੀ ਮਾਪ 1ਬੀ-12ਬੀ-5ਬੀ (ਪੁਖਤਾ), ਜਿਸ ਵਿੱਚ ਖਸਰਾ ਨੰਬਰ 942 ਮਿਨ, 942 ਮਿਨ, 942 ਮਿਨ, 942 ਮਿਨ, 942 ਮਿਨ, 942 ਮਿਨ, 942 ਮਿਨ, ਖਾਤਾ ਨੰ. 102/197, 198,199, 200,201, 202, 203 ਖਸਰਾ ਨੰ: 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, ਖਾਤਾ ਨੰ: 103/204, 205, 206, 207, 208, 209 ਅਤੇ ਖਸਰਾ ਨੰ. 1400/806 ਮਿਨ 1400/806 ਮਿਨ, 1400/806 ਮਿਨ, ਖਾਤਾ ਨੰ: 188/363, 364, 365 ਅਤੇ ਖਸਰਾ ਨੰ: 821 ਮਿਨ, 821 ਮਿਨ, 821 ਮਿਨ, 821 ਮਿਨ, 821 ਮਿਨ, ਖਾਤਾ ਨੰ: 189/366, 367, 368, 369, 370 ਅਤੇ ਖਸਰਾ ਨੰ: 1319/539, 1328/565, 1329/570 ਅਤੇ 1330/1/577, 582, 1384/586, ਖਾਤਾ ਨੰ: 39/60 ਅਤੇ ਖਸਰਾ ਨੰ: 1335/ 586, 1336/586, 1337/586, 1339/599, 1340/606, 1477/543, ਖਾਤਾ ਨੰਬਰ 39/61 ਅਤੇ ਖਸਰਾ ਨੰਬਰ ਨੰਬਰ 1338/588 ਮਿਨ, ਖਾਤਾ ਨੰਬਰ 40/62 ਅਤੇ ਖਸਰਾ ਨੰਬਰ 1311/543 ਮਿਨ, 1311/543 ਮਿਨ, 1311/543 ਮਿਨ, 1311/543 ਖਾਤਾ ਨੰ: 42/64, 65, 66, 67, 68 ਅਤੇ ਖਸਰਾ ਨੰ: 1517/1316/531 ਮਿਨ., 1517/1316/531 ਮਿਨ, 1517/1316/531 ਮਿਨ, ਖਾਤਾ ਨੰ: 43/69-70-71 ਖਸਰਾ ਨੰ. 613 ਮਿਨ, 613 ਮਿੰਨ, , ਖਾਤਾ ਨੰ. 67/117-118 ਅਤੇ ਖਸਰਾ ਨੰ: 614 ਮਿ:, 614 ਮਿ:, ਖਾਤਾ ਨੰ: 68/119-120 ਅਤੇ ਖਸਰਾ ਨੰ: 615 ਮਿ:, 615 ਮਿ:, ਖਸਰਾ ਨੰ: 69/121-122 ਅਤੇ ਖਸਰਾ ਨੰ: 781 ਮਿਨ, 781 ਮਿਨ 187/361-362 ਅਤੇ ਖਸਰਾ ਨੰ: 1518/1316/531 ਮਿਨ, 1518/1316/531 ਮਿਨ, 1518/1316/531 ਮਿਨ, ਖਾਤਾ ਨੰ: 44/72-73-74 ਅਤੇ ਖਸਰਾ ਨੰ: 610 ਮਿਨ 610 ਮਿਨ ਖਾਤਾ ਨੰ. 65/113-114 ਅਤੇ ਖਸਰਾ ਨੰ: 612 ਮਿਨ, 612 ਮਿਨ ਘੱਟੋ-ਘੱਟ, ਖਾਤਾ ਨੰਬਰ 66/115-116, ਸਾਲ 1985-86 ਦੀ ਜਮ੍ਹਾਂਬੰਦੀ ਅਨੁਸਾਰ, ਹੱਦਬਸਤ ਨੰਬਰ 245, ਪਿੰਡ ਕੰਗਣਵਾਲ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ ਜਿਸ ਦੀਆਂ ਹੱਦਾਂ ਹੇਠਾਂ ਦੱਸੀਆਂ ਗਈਆਂ ਹਨ:- ਉੱਤਰ : ਸੁਪਰ ਇਸਪਾਤ ਉਦਯੋਗ ਦੀ ਜ਼ਮੀਨ-ਨਿਰਮਲ ਇੰਡਸਟਰੀ ਕਾਰਪੋਰੇਸ਼ਨ ਦੀ ਜ਼ਮੀਨ, ਦੱਖਣ : ਗਲੀ ਅਤੇ ਜ਼ਮੀਨ ਵਿਸ਼ਵਕਰਮਾ ਇਸਪਾਤ ਲਿਮਟਿਡ, ਪੂਰਬ : ਬਲਵਿੰਦਰ ਸਿੰਘ ਦੀ ਜ਼ਮੀਨ, ਪੱਛਮ : ਸੁਪਰ ਇਸਪਾਤ ਉਦਯੋਗ ਦੀ ਜ਼ਮੀਨ।<br>ਕੋਈ ਝੰਜਟ : ਬੈਂਕ ਨੂੰ ਜਾਣਕਾਰੀ ਨਹੀਂ | Rs. 11,86,85,000/-<br>Rs. 1,18,68,500/-<br>Rs. 11,86,850/- | 09.03.2026 ਨੂੰ ਸਵੇਰ 11.30 ਤੋਂ ਦੁਪਹਿਰ 02.00 ਵਜੇ ਤੱਕ | 10.03.2026 upto 4.00 pm<br>ਸੰਕੇਤਕ ਕਬਜ਼ਾ | ਸ੍ਰੀ ਗੌਰਵ ਚੌਹਾਨ, ਬੀ ਓ-ਆਈ ਬੀ ਡੀ,<br>Mob. No. 9815922780.<br>gauravchauhan@psb.bank.in | | | |
| | | | ਜਾਇਦਾਦ ਨੰ. 2 (I) ਵਸੀਕਾ ਨੰ. 8760 ਮਿਤੀ 25.08.2005 ਅਨੁਸਾਰ ਮੈਸਰਜ਼ ਮੋਂਗਾ ਇਸਪਾਤ ਲਿਮਟਿਡ ਨਾਂਅ ਰਜਿਸਟਰਡ ਜਾਇਦਾਦ ਰਕਬਾ 8 ਕਨਾਲ 7 ਮਰਲਾ, ਖਸਰਾ ਨੰ. 7//1/2, 10, 8//2, 3, 4, 5, 6, 7, 8, 14/1, 13,17/2, 18/1, 19 ਖੱਤਾ ਨੰ. 218/258, ਜਮ੍ਹਾਂਬੰਦੀ ਸਾਲ 2001-2002 ਢੰਡਾਰੀ ਖੁਰਦ ਦੀ ਮਾਲੀਆ ਅਸਟੇਟ ਦੇ ਅੰਦਰਵਾਰ ਵਿਖੇ ਸਥਿਤ ਹੱਦਬਸਤ ਨੰ. 242, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਹੇਠ ਅਨੁਸਾਰ।<br>(II) ਵਸੀਕਾ ਨੰ. 14622 ਮਿਤੀ 07.03.2003 ਅਨੁਸਾਰ ਮੈਸਰਜ਼ ਮੋਂਗਾ ਇਸਪਾਤ ਲਿਮਟਿਡ ਦੇ ਨਾਂਅ ਜਾਇਦਾਦ ਰਕਬਾ 14 ਕਨਾਲ 3 ਮਰਲਾ, ਖਸਰਾ ਨੰ. 7//1-210-8//2-3-4-5-6-7-8-14/1-13-17/2-18/1-19, ਖੱਤਾ ਨੰ. 178/214 ਅਤੇ ਖਸਰਾ ਨੰ. 8//9-12, ਖੱਤਾ ਨੰ. 277/322, ਜਮ੍ਹਾਂਬੰਦੀ ਸਾਲ 1996-97 ਢੰਡਾਰੀ ਖੁਰਦ ਦੀ ਮਾਲੀਆ ਅਸਟੇਟ ਦੇ ਅੰਦਰਵਾਰ ਵਿਖੇ ਸਥਿਤ, ਹੱਦਬਸਤ ਨੰ. 242, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। (I) ਅਤੇ (II) 'ਚ ਦਰਸਾਈ ਜਾਇਦਾਦ ਦੀਆਂ ਸਾਂਝੀਆਂ ਹੱਦਾਂ ਇਸ ਤਰ੍ਹਾਂ ਹਨ : ਉੱਤਰ : ਗੁਆਂਢ ਜ਼ਮੀਨ-338', ਦੱਖਣ : ਮਾਰਕਿਟ ਰੋਡ 353', ਪੂਰਬ : ਗੁਆਂਢ ਜ਼ਮੀਨ 332', ਪੱਛਮ: 359'<br>ਕੋਈ ਝੰਜਟ : ਬੈਂਕ ਨੂੰ ਜਾਣਕਾਰੀ ਨਹੀਂ | Rs. 9,60,55,000/-<br>Rs. 96,05,500/-<br>Rs. 9,60,550/- | 09.03.2026 From 11:30 AM To 2:00 PM | 10.03.2026 upto 4.00 pm<br>ਸੰਕੇਤਕ ਕਬਜ਼ਾ | ਸ੍ਰੀ ਗੌਰਵ ਚੌਹਾਨ, ਬੀ ਓ-ਆਈ ਬੀ ਡੀ,<br>Mob. No. 9815922780.<br>Gauravchauhan@psb.bank.in | | | |
| 2. | ਇੰਟਰਨੈਸ਼ਨਲ ਬੈਂਕਿੰਗ ਡਵੀਜ਼ਨ<br>1. ਮੈਸਰਜ਼ ਮੋਂਗਾ ਇਸਪਾਤ ਲਿਮਟਿਡ : (ਕਰਜ਼ਦਾਰ ਅਤੇ ਮਾਰਟਗੇਜ਼) : ਬੀ 30 ਨਾਲ ਲੱਗਦਾ ਫੇਜ਼ 7, ਫੋਕਲ ਪੁਆਇੰਟ ਪਿੰਡ ਢੰਡਾਰੀ ਖੁਰਦ, ਲੁਧਿਆਣਾ-141003 2. ਰਾਜੀਵ ਗੁਪਤਾ ਪੁੱਤਰ ਸ੍ਰੀ ਜੋਗਿੰਦਰ ਲਾਲ ਗੁਪਤਾ (ਡਾਇਰੈਕਟਰ/ਗਰੰਟਰ) ਪਤਾ : 36-ਏ, ਅਗਰ ਨਗਰ, ਐਕਸਟੈਨਸ਼ਨ, ਲੁਧਿਆਣਾ-141012, ਨਾਲ ਹੀ : ਮਕਾਨ ਨੰ. 156, ਪਿੰਡ ਕੋਟ ਗੰਗੂ ਰਾਏ ਲੁਧਿਆਣਾ-141113, ਨਾਲ ਹੀ : ਮਕਾਨ ਨੰ. 3145, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141012 3. ਮਾਲਤੀ ਗੁਪਤਾ ਪਤਨੀ ਸ੍ਰੀ ਰਾਜੀਵ ਗੁਪਤਾ (ਡਾਇਰੈਕਟਰ/ਗਰੰਟਰ) ਪਤਾ : 36-ਏ, ਅਗਰ ਨਗਰ, ਐਕਸਟੈਨਸ਼ਨ, ਲੁਧਿਆਣਾ-141012, ਨਾਲ ਹੀ : ਮਕਾਨ ਨੰ. 156, ਪਿੰਡ ਕੋਟ ਗੰਗੂ ਰਾਏ ਲੁਧਿਆਣਾ-141113, ਨਾਲ ਹੀ : ਮਕਾਨ ਨੰ. 3145, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141008 4. ਮੈਸਰਜ਼ ਮੰਗਲਮ ਰੀਸਾਈਕਲਿੰਗ ਲਿਮਟਿਡ (ਗਰੰਟਰ ਅਤੇ ਮਾਰਟਗੇਜ਼ਰ) ਬੂਮ ਡਿਜ਼ੀਟਲ-15 ਜੇ, ਜੇ ਐੱਲ ਨਹਿਰੂ ਰੋਡ, ਧਰਾਤਲ ਮੰਜ਼ਲ ਕੋਲਕਾਤਾ-700071, ਨਾਲ ਹੀ : ਪਿੰਡ ਕੰਗਣਵਾਲ, ਡਾਕਖਾਨਾ : ਜਗਿਆਣਾ, ਲੁਧਿਆਣਾ-141020 | 03.12.2024<br>30.11.2024 ਨੂੰ ਰੁਪਏ 77,91,00,887.95/- ਜਮ੍ਹਾਂ 01.12.2024 ਤੋਂ ਇਸ 'ਤੇ ਵਿਆਜ ਅਤੇ ਹੋਰ ਖਰਚੇ | ਜਾਇਦਾਦ ਨੰ. 1 (i) ਜਾਇਦਾਦ ਰਕਬਾ 8 ਕਨਾਲ 7 ਮਰਲੇ ਖਸਰਾ ਨੰ. 7//1/2, 10, 8//2, 3, 4, 5, 6, 7, 8, 14/1, 13,17/2, 18/1, 19 ਖੱਤਾ ਨੰ. 218/258, ਜਮ੍ਹਾਂਬੰਦੀ ਸਾਲ 2001-2002 ਢੰਡਾਰੀ ਖੁਰਦ ਦੀ ਮਾਲੀਆ ਅਸਟੇਟ ਦੇ ਅੰਦਰਵਾਰ ਵਿਖੇ ਸਥਿਤ ਹੱਦਬਸਤ ਨੰ. 242, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਰਜਿਸਟਰ ਵਾਈਡ ਵਸੀਕਾ ਨੰ. 8760 ਮਿਤੀ 25-08-2005 ਮੈਸਰਜ਼ ਮੋਂਗਾ ਇਸਪਾਤ ਲਿਮਟਿਡ ਦੇ ਨਾਂਅ ਹੱਦਾਂ : ਹੇਠ ਅਨੁਸਾਰ।<br>(ii) ਵਸੀਕਾ ਨੰ. 14622 ਮਿਤੀ 07.03.2003 ਅਨੁਸਾਰ ਮੈਸਰਜ਼ ਮੋਂਗਾ ਇਸਪਾਤ ਲਿਮਟਿਡ ਦੇ ਨਾਂਅ ਜਾਇਦਾਦ ਰਕਬਾ 14 ਕਨਾਲ 3 ਮਰਲਾ, ਖਸਰਾ ਨੰ. 7//1/2-10-8//2-3-4-5-6-7-8-14/1-13-17/2-18/1-19, ਖੱਤਾ ਨੰ. 178/214 ਅਤੇ ਖਸਰਾ ਨੰ. 8//9-12, ਖੱਤਾ ਨੰ. 277/322, ਜਮ੍ਹਾਂਬੰਦੀ ਸਾਲ 1996-97 ਢੰਡਾਰੀ ਖੁਰਦ ਦੀ ਮਾਲੀਆ ਅਸਟੇਟ ਦੇ ਅੰਦਰਵਾਰ ਵਿਖੇ ਸਥਿਤ, ਹੱਦਬਸਤ ਨੰ. 242, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। (I) ਅਤੇ (II) 'ਚ ਦਰਸਾਈ ਜਾਇਦਾਦ ਦੀਆਂ ਸਾਂਝੀਆਂ ਹੱਦਾਂ ਇਸ ਤਰ੍ਹਾਂ ਹਨ : ਉੱਤਰ : ਗੁਆਂਢ, ਜ਼ਮੀਨ-338', ਦੱਖਣ : ਮਾਰਕਿਟ ਰੋਡ 353', ਪੂਰਬ : ਗੁਆਂਢ ਜ਼ਮੀਨ 322', ਪੱਛਮ : ਸੜਕ 359'<br>ਕੋਈ ਝੰਜਟ : ਬੈਂਕ ਨੂੰ ਜਾਣਕਾਰੀ ਨਹੀਂ | Rs. 9,60,55,000/-<br>Rs. 96,05,500/-<br>Rs. 9,60,550/- | 09.03.2026 From 11:30 AM To 2:00 PM | 10.03.2026 upto 4.00 pm<br>ਸੰਕੇਤਕ ਕਬਜ਼ਾ | ਸ੍ਰੀ ਗੌਰਵ ਚੌਹਾਨ, ਬੀ ਓ-ਆਈ ਬੀ ਡੀ,<br>Mob. No. 9815922780.<br>gauravchauhan@psb.bank.in | | | |
| | | | ਜਾਇਦਾਦ ਨੰ. 2 : (1) ਬੈਨਾਮਾ ਵਸੀਕਾ ਨੰ. 13645 ਮਿਤੀ 15.12.2010 ਅਨੁਸਾਰ ਮੈਸਰਜ਼ ਮੰਗਲਮ ਰੀਸਾਈਕਲਿੰਗ ਲਿਮਟਿਡ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 8 ਕਨਾਲ 0 ਮਰਲਾ (4840 ਵਰਗ ਗਜ਼) ਖਸਰਾ ਨੰ. 24//7/2, 17/1, 17/2, 17/3, 18/1, 23/2, 24/2, 24/3, 24/1, ਖੱਤਾ ਨੰ. 159/213, ਜਮ੍ਹਾਂਬੰਦੀ ਸਾਲ 1996-97 ਪਿੰਡ ਪਾਹਵਾ ਵਿਖੇ ਸਥਿਤ, ਹੱਦਬਸਤ ਨੰ. 246, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਉੱਤਰ : ਮਹਿੰਦਰ ਸਿੰਘ ਦੀ ਜ਼ਮੀਨ, ਦੱਖਣ : ਗਲੀ, ਪੂਰਬ : ਸੁਦਰਸ਼ਨ ਸਿੰਘ ਦੀ ਜ਼ਮੀਨ, ਪੱਛਮ : ਜ਼ਮੀਨ ਵਿਸ਼ਵਕਰਮਾ ਸਟ੍ਰਿਪਸ ਐਂਡ ਇਨਵੇਸਟਮੈਂਟ ਲਿਮਟਿਡ ਅਤੇ ਵਿਸ਼ਵਕਰਮਾ ਅਲਾਇਜ਼ ਲਿਮਟਿਡ। ਬੈਨਾਮਾ ਵਸੀਕਾ ਨੰ. 13646 ਮਿਤੀ 15.12.2010 ਅਨੁਸਾਰ ਮੈਸਰਜ਼ ਮੰਗਲਮ ਰੀਸਾਈਕਲਿੰਗ ਲਿਮਟਿਡ ਦੇ ਨਾਂਅ ਰਜਿਸਟਰਡ<br>(II) ਜਾਇਦਾਦ ਰਕਬਾ 22256 ਵਰਗ ਗਜ਼ ਪਿੰਡ ਕੰਗਣਵਾਲ ਵਿਖੇ ਕੁਲ ਰੂਪ 'ਚ ਸਥਿਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਜਾਇਦਾਦ ਦਾ ਵੇਰਵਾ ਹੇਠ ਅਨੁਸਾਰ ਹੈ :<br>ਏ) 5ਬੀ-0ਬੀ-0ਬੀ (ਪੁਖਤਾ), ਜਿਸ ਵਿੱਚ ਖਸਰਾ ਨੰ: 942 ਮਿਨ, 942 ਮਿਨ. 942 ਮਿਨ, 942 ਮਿਨ, 942 ਮਿਨ, 942 ਮਿਨ, 942 ਮਿਨ, ਖਾਤਾ ਨੰ: 102/197, 198, 199, 200,201, 202, 203, ਖਸਰਾ ਨੰਬਰ 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, ਖਾਤਾ ਨੰਬਰ 103/204-205-206-207-208-209, ਖਸਰਾ ਨੰਬਰ 1400/806 ਮਿਨ, 1400/806, 1400/806 ਮਿਨ, ਖਾਤਾ ਨੰ: 188/363, 364, 365, ਖਸਰਾ ਨੰ: 821 ਮਿਨ, 821 ਮਿਨ, 821 ਮਿਨ, 821 ਮਿਨ, 821 ਮਿਨ, ਖਾਤਾ ਨੰ: 189/366, 367, 368, 369, 370, ਖਸਰਾ. ਨੰ: 1319/539, 1328/565, 1329/570 ਅਤੇ 1330/1/577, 582, 1384/586, ਖਾਤਾ ਨੰ. 39/60, ਖਸਰਾ ਨੰ: 1335/586, 1336/586, 1337/586, 1339/599, 1340/606, 1477/543, ਖਾਤਾ ਨੰ: 39/61, ਖਸਰਾ ਨੰ: 1338/588 ਮਿਨ, ਖਾਤਾ ਨੰ. 40/62, ਖਸਰਾ ਨੰ.1311/543 ਮਿਨ, 1311/543 ਮਿਨ, 1311/543 ਮਿਨ, 1311/543 ਮਿਨ, ਖਾਤਾ ਨੰਬਰ 42/64, 65, 66, 67, 68, ਅਤੇ ਖਸਰਾ ਨੰਬਰ 1517/1316, 531 ਮਿਨ 1517/1316/531 ਮਿਨ, 1517/1316/531 ਮਿਨ, ਖਾਤਾ ਨੰ: 43/69-70-71 ਅਤੇ ਖਸਰਾ ਨੰ: 613 ਮਿਨ, 613 ਮਿਨ, ਖਾਤਾ ਨੰ: 67/117-118 ਅਤੇ ਖਸਰਾ ਨੰ: 614 ਮਿਨ, 614 ਮਿਨ, ਖਾਤਾ ਨੰ. 68/119-120 ਅਤੇ ਖਸਰਾ ਨੰ. 615 ਮਿਨ, 615 ਮਿਨ, ਖਾਤਾ ਨੰਬਰ 69/121-122 ਅਤੇ ਖਸਰਾ ਨੰਬਰ 781 ਮਿਨ, 781 ਮਿਨ, ਖਸਰਾ ਨੰਬਰ 187/361-362 ਅਤੇ ਖਸਰਾ ਨੰਬਰ 1518/1316/531 ਮਿਨ, 1518/1316/531 ਮਿਨ, 1518/1518/353 1518/1316/531 ਮਿਨ, ਖਾਤਾ ਨੰ. 44/72, 73, 74, ਖਸਰਾ ਨੰ: 610 ਮਿਨ, 610 ਮਿਨ, ਖਾਤਾ ਨੰ: 65/113-114 ਅਤੇ ਖਸਰਾ ਨੰ: 612 ਮਿਨ, 612 ਮਿਨ, ਖਾਤਾ ਨੰ. 66/115-116, ਸਾਲ 1985-86 ਲਈ ਜਮ੍ਹਾਂਬੰਦੀ ਅਨੁਸਾਰ ਪਿੰਡ ਕੰਗਣਵਾਲ ਹਦਬਸਤ ਨੰ. 245, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀਆਂ ਸੀਮਾਵਾਂ ਹੇਠਾਂ ਦਰਸਾਏ ਅਨੁਸਾਰ ਹਨ:- ਉੱਤਰ : ਸੁਪਰ ਇਸਮਾਤ ਉਦਯੋਗ-ਨਿਰਮਲ ਇੰਡ. ਕਾਰਪੋਰੇਸ਼ਨ ਦੀ ਜ਼ਮੀਨ, ਦੱਖਣ-ਗਲੀ ਅਤੇ ਜ਼ਮੀਨ ਵਿਸ਼ਵਕਰਮਾ ਇਸਪਾਤ ਲਿਮਟਿਡ, ਪੂਰਬ : ਜ਼ਮੀਨ ਵਿਸ਼ਵਕਰਮਾ ਸਟ੍ਰਿਪਸ ਐਂਡ ਇਨਵੇਸਟਮੈਂਟ ਲਿਮਟਿਡ ਅਤੇ ਵਿਸ਼ਵਕਰਮਾ ਅਲਾਇਜ਼ ਲਿਮਟਿਡ, ਪੱਛਮ : ਜ਼ਮੀਨ ਵਿਸ਼ਵਕਰਮਾ ਅਲਾਇਜ਼ ਲਿਮਟਿਡ<br>(ਬੀ) 0ਬੀ-14ਬੀ-18ਬੀ (ਪੁਖਤਾ) ਨੂੰ ਮਾਪਣ ਵਾਲੀ ਜਾਇਦਾਦ, ਜਿਸ ਵਿੱਚ ਖੇਵਟ ਨੰ: 43,46,47,44 ਖਤੌਨੀ ਨੰ: 63, 66 ਤੱਕ 69, 70 ਤੋਂ 72, 64 ਖਸਰਾ ਨੰਬਰ 1319/539, 1328/565, 1329/570, 1330/1/577, 582,1382/586, 1335/586, 1336/586, 1337/586, 1339/599, 1340/606, 1477/543, 1311/543, 1517/1316/531, 1338/588 ਸਾਲ 2000-01 ਲਈ ਜਮ੍ਹਾਂਬੰਦੀ ਅਨੁਸਾਰ ਪਿੰਡ ਕੰਗਣਵਾਲ ਹੱਦਬਸਤ ਨੰਬਰ 245, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ, ਜਿਸਦੀਆਂ ਹੱਦਾਂ ਹੇਠਾਂ ਦੱਸੀਆਂ ਗਈਆਂ ਹਨ:- ਉੱਤਰ : ਨਿਰਮਲ ਇੰਡ. ਅਸਟੇਟ ਦੀ ਜ਼ਮੀਨ, ਦੱਖਣ : ਜ਼ਮੀਨ ਵਿਸ਼ਵਕਰਮਾ ਸਟ੍ਰਿਪਸ ਐਂਡ ਇਨਵੈਸਟਮੈਂਟ ਲਿਮਟਿਡ, ਪੂਰਬ : ਜ਼ਮੀਨ ਵਿਸ਼ਵਕਰਮਾ ਸਟ੍ਰਿਪਸ ਐਂਡ ਇਨਵੈਸਟਮੈਂਟ ਲਿਮਟਿਡ (ਪਾਵਾ ਸਾਈਡ), ਵੈਸਟ : ਜ਼ਮੀਨ ਬਲਵਿੰਦਰ ਸਿੰਘ<br>(ਸੀ) ਸੰਪਤੀ ਮਾਪ 1ਬੀ-12ਬੀ-5ਬੀ (ਪੁਖਤਾ), ਜਿਸ ਵਿੱਚ ਖਸਰਾ ਨੰਬਰ 942 ਮਿਨ., 942 ਮਿਨ, 942 ਮਿਨ, 942 ਮਿਨ, 942 ਮਿਨ, 942 ਮਿਨ, 942 ਮਿਨ, ਖਾਤਾ ਨੰ. 102/197, 198,199, 201, 202, 203 ਅਤੇ ਖਸਰਾ ਨੰ: 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਖਾਤਾ ਨੰ: 103/204, 205, 206, 207, 208, 209 ਅਤੇ ਖਸਰਾ ਨੰ: 1400/806 ਮਿਨ 1400/806 ਮਿਨ, 1400/806 ਮਿਨ, ਖਾਤਾ ਨੰ: 188/363, 364, 365 ਅਤੇ ਖਸਰਾ ਨੰ: 821 ਮਿਨ, 821 ਮਿਨ, 821 ਮਿਨ, 821 ਮਿਨ, 821 ਮਿਨ, ਖਾਤਾ ਨੰ: 189/366, 367, 368, 369, 370 ਅਤੇ ਖਸਰਾ ਨੰ: 1319/539, 1328/565, 1329/570 ਅਤੇ 1330/1/577, 582, 1384/586, ਖਾਤਾ ਨੰ: 39/60 ਅਤੇ ਖਸਰਾ ਨੰ: 1335/ 586, 1336/586, 1337/586, 1339/599, 1340/606, 1477/543, ਖਾਤਾ ਨੰਬਰ 39/61 ਅਤੇ ਖਸਰਾ ਨੰਬਰ 1338/588 ਮਿਨ, ਖਾਤਾ ਨੰਬਰ 40/62 ਅਤੇ ਖਸਰਾ ਨੰਬਰ 1311/543 ਮਿਨ, 1311/543 ਮਿਨ, 1311/543 ਮਿਨ, 1311/543 ਮਿਨ, ਖਾਤਾ ਨੰ: 42/64, 65, 66, 67, 68 ਅਤੇ ਖਸਰਾ ਨੰ: 1517/1316/531 ਮਿਨ., 1517/1316/531 ਮਿਨ, 1517/1316/531 ਮਿਨ, ਖਾਤਾ ਨੰ: 43/69-70-71 ਖਸਰਾ ਨੰ. 613 ਮਿਨ, 613 ਮਿੰਨ, , ਖਾਤਾ ਨੰ. 67/117-118 ਅਤੇ ਖਸਰਾ ਨੰ: 614 ਮਿ:, 614 ਮਿ:, ਖਾਤਾ ਨੰ: 68/119-120 ਅਤੇ ਖਸਰਾ ਨੰ: 615 ਮਿ:, 615 ਮਿ:, ਖਸਰਾ ਨੰ: 69/121-122 ਅਤੇ ਖਸਰਾ ਨੰ: 781 ਮਿਨ, 781 ਮਿਨ 187/361-362 ਅਤੇ ਖਸਰਾ ਨੰ: 1518/1316/531 ਮਿਨ, 1518/1316/531 ਮਿਨ, 1518/1316/531 ਮਿਨ, ਖਾਤਾ ਨੰ: 44/72-73-74 ਅਤੇ ਖਸਰਾ ਨੰ: 610 ਮਿਨ 610 ਮਿਨ ਖਾਤਾ ਨੰਬਰ 65/113-114 ਅਤੇ ਖਸਰਾ ਨੰ: 612 ਮਿਨ, 612 ਮਿਨ ਖਾਤਾ ਨੰਬਰ 66/115-116, ਸਾਲ 1985-86 ਦੀ ਜਮ੍ਹਾਂਬੰਦੀ ਅਨੁਸਾਰ, ਹੱਦਬਸਤ ਨੰਬਰ 245, ਪਿੰਡ ਕੰਗਣਵਾਲ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ ਜਿਸ ਦੀਆਂ ਹੱਦਾਂ ਹੇਠਾਂ ਦੱਸੀਆਂ ਗਈਆਂ ਹਨ:- ਉੱਤਰ : ਸੁਪਰ ਇਸਪਾਤ ਉਦਯੋਗ-ਨਿਰਮਲ ਇੰਡਸਟਰੀ ਕਾਰਪੋਰੇਸ਼ਨ ਦੀ ਜ਼ਮੀਨ, ਦੱਖਣ : ਗਲੀ ਅਤੇ ਜ਼ਮੀਨ ਵਿਸ਼ਵਕਰਮਾ ਇਸਪਾਤ ਲਿਮਟਿਡ, ਪੂਰਬ : ਬਲਵਿੰਦਰ ਸਿੰਘ ਦੀ ਜ਼ਮੀਨ, ਪੱਛਮ : ਸੁਪਰ ਇਸਪਾਤ ਉਦਯੋਗ ਦੀ ਜ਼ਮੀਨ<br>ਕੋਈ ਝੰਜਟ : ਬੈਂਕ ਨੂੰ ਜਾਣਕਾਰੀ ਨਹੀਂ | Rs. 11,86,85,000/-<br>Rs. 1,18,68,500/-<br>Rs. 11,86,850/- | 09.03.2026 From 11:30 AM To 2:00 PM | 10.03.2026 upto 4.00 pm<br>ਸੰਕੇਤਕ ਕਬਜ਼ਾ | ਸ੍ਰੀ ਗੌਰਵ ਚੌਹਾਨ, ਬੀ ਓ-ਆਈ ਬੀ ਡੀ,<br>Mob. No. 9815922780.<br>gauravchauhan@psb.bank.in | | | |
| 1. | ਇੰਟਰਨੈਸ਼ਨਲ ਬੈਂਕਿੰਗ ਡਵੀਜ਼ਨ<br>(1) ਮੈਸਰਜ਼ ਜ਼ੀ ਨਿਟਸ ਐਂਡ ਵੀਵਜ਼ ਪ੍ਰਾਈਵੇਟ ਲਿਮਟਿਡ (ਰਾਹੀਂ ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧਰ ਮੱਲ ਅਤੇ ਸ੍ਰੀਮਤੀ ਅੰਜੂ ਗਰਗ ਪਤਨੀ ਸ੍ਰੀ ਪਵਨ ਕੁਮਾਰ ਗਰਗ) ਰਜਿਸਟਰਡ ਦਫਤਰ 169/7, ਸੈਕਟਰ 2, ਰੋਹਿਣੀ ਨਿਊ ਨਵੀਂ ਦਿੱਲੀ-85, ਨਾਲ ਹੀ : ਮੈਸਰਜ਼ ਜ਼ੀ ਨਿਟਸ ਐਂਡ ਵੀਵਜ਼ ਪ੍ਰਾਈਵੇਟ ਲਿਮਟਿਡ (ਰਾਹੀਂ ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧਰ ਮੱਲ ਤੇ ਸ੍ਰੀਮਤੀ ਅੰਜੂ ਗਰਗ ਪਤਨੀ ਸ੍ਰੀ ਪਵਨ ਕੁਮਾਰ ਗਰਗ) ਡੀ-332, ਫੇਜ਼-8, ਫੋਕਲ ਪੁਆਇੰਟ ਲੁਧਿਆਣਾ-141010 (2) ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧਰ ਮੱਲ ਵਾਸੀ ਬੀ 34-6952, ਸੁਨੀਲ ਪਾਰਕ, ਜੱਸੀਆਂ ਰੋਡ, ਹੈਬੋਵਾਲ ਕਲਾਂ, ਲੁਧਿਆਣਾ-141001, ਨਾਲ ਹੀ : ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧਰ ਮੱਲ, 18-ਡੀ, ਰਿਸ਼ੀ ਨਗਰ, ਲੁਧਿਆਣਾ, ਪੰਜਾਬ-141002 (ਡਾਇਰੈਕਟਰ/ਰਹਿਣਕਾਰ/ਗਰੰਟਰ) (3) ਸ੍ਰੀਮਤੀ ਅੰਜੂ ਗਰਗ ਪਤਨੀ ਸ੍ਰੀ ਪਵਨ ਕੁਮਾਰ ਗਰਗ ਵਾਸੀ ਬੀ 34-6952, ਸੁਨੀਲ ਪਾਰਕ, ਜੱਸੀਆਂ ਰੋਡ, ਹੈਬੋਵਾਲ ਕਲਾਂ, ਲੁਧਿਆਣਾ-141001, ਨਾਲ ਹੀ : ਸ੍ਰੀਮਤੀ ਅੰਜੂ ਗਰਗ ਪਤਨੀ ਸ੍ਰੀ ਪਵਨ ਕੁਮਾਰ ਗਰਗ, 18-ਡੀ, ਰਿਸ਼ੀ ਨਗਰ, ਲੁਧਿਆਣਾ, ਪੰਜਾਬ-141002 (ਡਾਇਰੈਕਟਰ/ਰਹਿਣਕਾਰ /ਗਰੰਟਰ) | 21.04.2022<br>29.02.2024 ਤੱਕ ਰੁਪਏ 12,82,333.59 ਵਿਆਜ ਸਹਿਤ ਸਮੇਤ 01.03.2024 ਤੋਂ ਲਾਗੂ ਹੋਰ ਚਾਰਜਿਜ਼, ਭਵਿੱਖੀ ਵਿਆਜ ਅਤੇ ਖਰਚੇ, ਸਮੇਤ ਮਹੀਨਾਵਾਰ ਵਿਆਜ। | ਇੰਡਸਟਰੀਅਲ ਜਾਇਦਾਦ ਰਕਬਾ 2533.33 ਵਰਗ ਗਜ਼, ਪਲਾਟ ਨੰ. ਡੀ-332, ਪਤਾ ਫੇਜ਼-8, ਫੋਕਲ ਪੁਆਇੰਟ ਲੁਧਿਆਣਾ, ਬੈਨਾਮੇ ਅਨੁਸਾਰ ਵਸੀਕਾ ਨੰ. 13615 ਮਿਤੀ 24.03.2011 ਜੋ ਕਿ ਸ੍ਰੀ ਪਵਨ ਕੁਮਾਰ ਅਤੇ ਸ੍ਰੀਮਤੀ ਅੰਜੂ ਗਰਗ ਦੇ ਨਾਂਅ ਹੈ।<br>ਕੋਈ ਝੰਜਟ ਬੈਂਕ ਨਹੀਂ ਪਤਾ। | Rs. 5,79,86,000/-<br>Rs. 57,98,600/-<br>Rs. 5,79,860/- | 09.03.2026 From 11:30 AM To 2:00 PM | 10.03.2026 upto 4.00 pm<br>ਭੌਤਿਕ ਕਬਜ਼ਾ | ਸ੍ਰੀ ਗੌਰਵ ਚੌਹਾਨ, ਬੀ ਓ-ਆਈ ਬੀ ਡੀ,<br>Mob. No. 9815922780.<br>gauravchauhan@psb.bank.in | | | |
| 2. | ਇੰਟਰਨੈਸ਼ਨਲ ਬੈਂਕਿੰਗ ਡਵੀਜ਼ਨ<br>(1) ਸ੍ਰੀ ਸ਼ਲਿੰਦਰ ਕੁਮਾਰ ਪੁੱਤਰ ਸ੍ਰੀ ਜੀਤ ਲਾਲ ਪਾਲ ਵਾਸੀ ਗਲੀ ਨੰ. 11/3, ਕਬੀਰ ਨਗਰ, ਡਾਬਾ ਰੋਡ, ਲੁਧਿਆਣਾ-141003, ਨਾਲ ਹੀ : ਮਕਾਨ ਨੰ. 59, ਗਲੀ ਨੰ. 1, ਨੇੜੇ ਪਿੰਪਲ ਚੌਂਕ, ਨਿਊ ਪ੍ਰੇਮ ਨਗਰ, ਗਿਆਸਪੁਰਾ, ਲੋਹਾਰਾ, ਲੁਧਿਆਣਾ-141016 , ਨਾਲ ਹੀ ਮਾਰਫਤ ਮੈਸ: ਰੌਣਕ ਫੈਬਰੀਕੇਟਰਜ਼ ਪ੍ਰਾਈਵੇਟ ਲਿਮਟਿਡ ਸੀ-30, ਫੇਜ਼-II, ਫੋਕਲ ਪੁਆਇੰਟ, ਲੁਧਿਆਣਾ- 141014 (2) ਸ੍ਰੀਮਤੀ ਕੰਚਨ ਦੇਵੀ ਵਾਸੀ ਗਲੀ ਨੰ. 11/3, ਕਬੀਰ ਨਗਰ, ਡਾਬਾ ਰੋਡ, ਲੁਧਿਆਣਾ-141003 ਨਾਲ ਹੀ : ਮੈਸ: ਪ੍ਰੀਤ ਸਟੇਸ਼ਨਰੀ ਐਂਡ ਡਾਕੂਮੈਂਟ ਸੈਂਟਰ 2213, ਗਲੀ ਨੰ. 12, ਜਨਤਾ ਨਗਰ, ਨੇੜੇ ਗੋਲਡਨ ਪਾਰਕ ਭਵਨ ਚੌਂਕ, ਲੁਧਿਆਣਾ-141001 (ਸਹਿ-ਕਰਜ਼ਦਾਰ ਅਤੇ ਰਹਿਣਕਾਰ) | 05.12.2024<br>29.02.2024 ਤੱਕ ਰੁਪਏ 12,82,333.59 ਵਿਆਜ ਸਹਿਤ ਸਮੇਤ 01.03.2024 ਤੋਂ ਲਾਗੂ ਹੋਰ ਚਾਰਜਿਜ਼, ਭਵਿੱਖੀ ਵਿਆਜ ਅਤੇ ਖਰਚੇ, ਸਮੇਤ ਮਹੀਨਾਵਾਰ ਬਕਾਇਆ | ਜਾਇਦਾਦ ਰਕਬਾ 50 ਵਰਗ ਗਜ਼, ਖਸਰਾ ਨੰ. 172, 171, 173, 176, ਖੱਤਾ ਨੰ. 330/423, 331/424, ਜਮ੍ਹਾਂਬੰਦੀ ਸਾਲ 2008-09, ਪਿੰਡ ਡਾਬਾ ਵਿਖੇ ਸਥਿਤ, ਸਾਹਮਣੇ ਅਨੂ ਆਟੋ ਸੈਂਟਰ ਗਲੀ, ਨੇੜੇ ਨਿਰਮਲ ਪੈਲੇਸ, ਹੱਦਬਸਤ ਨੰ. 262, ਕਬੀਰ ਨਗਰ ਵਜੋਂ ਜਾਣੀ ਜਾਂਦੀ ਜਗ੍ਹਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਬੈਨਾਮਾ ਸਬ-ਰਜਿਸਟਰਾਰ ਦੇ ਦਫਤਰ 'ਚ ਬਕਾਇਦਾ ਦਰਜ, ਲੁਧਿਆਣਾ, ਵਸੀਕਾ ਨੰ. 2019-20/103/1/8768 ਮਿਤੀ 29-10-2019 ਸ੍ਰੀਮਤੀ ਕੰਚਨ ਦੇਵੀ ਪਤਨੀ ਸ੍ਰੀ ਸ਼ਲਿੰਦਰ ਕੁਮਾਰ ਦੇ ਨਾਂਅ 'ਤੇ।<br>ਕੋਈ ਝੰਜਟ : ਬੈਂਕ ਨੂੰ ਜਾਣਕਾਰੀ ਨਹੀਂ। | Rs. 11,02,000/-<br>Rs. 1,10,200/-<br>Rs. 11,020/- | 09.03.2026 From 11:30 AM To 2:00 PM | 10.03.2026 upto 4.00 pm<br>ਭੌਤਿਕ ਕਬਜ਼ਾ | ਸ੍ਰੀ ਗੌਰਵ ਚੌਹਾਨ, ਬੀ ਓ-ਆਈ ਬੀ ਡੀ,<br>Mob. No. 9815922780.<br>gauravchauhan@psb.bank.in | | | |

1. ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ https://baanknet.com ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ। ਸੰਭਾਵੀ ਬੋਲੀਕਾਰ ਉਕਤ ਮੁਹੱਈਆ ਕਰਵਾਏ ਸੰਪਰਕ ਨੰਬਰਾਂ 'ਤੇ ਬ੍ਰਾਂਚ ਮੈਨੇਜਰ ਜਾਂ ਅਧਿਕਾਰਤ ਅਫਸਰ ਨਾਲ ਵੀ ਸੰਪਰਕ ਕਰ ਸਕਦੇ ਹਨ।
2. ਆਨਲਾਈਨ ਈ-ਨਿਲਾਮੀ, ਨਿਲਾਮੀ ਪਲੇਟਫਾਰਮ https://baanknet.com 'ਤੇ ਮੁਹੱਈਆ ਮਿਤੀ ਅਤੇ ਸਮੇਂ ਰਾਹੀਂ ਕੀਤੀ ਜਾਵੇਗੀ। ਚਾਹਵਾਨ ਬੋਲੀਕਾਰ/ਖਰੀਦਦਾਰ ਨੂੰ ਵੈਧ ਈਮੇਲ ਆਈਡੀ ਅਤੇ ਮੋਬਾਇਲ ਨੰ: ਦੀ ਵਰਤੋਂ ਲਈ https://baanknet.com ਰਾਹੀਂ ਰਜਿਸਟਰ ਕਰਾਉਣ ਲਈ ਬੇਨਤੀ ਕੀਤੀ ਜਾਂਦੀ ਹੈ। ਚਾਹਵਾਨ ਬੋਲੀਕਾਰ/ਖਰੀਦਦਾਰ ਨੂੰ ਆਪਣੇ ਕੇ ਵਾਈ ਸੀ ਦਸਤਾਵੇਜ਼ ਅਤੇ ਬੈਂਕ ਵੇਰਵੇ ਅਪਲੋਡ ਕਰਵਾਉਣੇ ਹੋਣਗੇ।

**ਇਸ ਨੋਟਿਸ ਨੂੰ ਕਰਜ਼ਦਾਰਾਂ ਅਤੇ ਗਰੰਟਰਾਂ (ਐੱਲ ਆਰ ਐੱਸ) ਨੂੰ ਸਰਫੇਸੀ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(1)/8(6) ਤਹਿਤ 15 ਦਿਨਾਂ ਦਾ ਵਿਧਾਨਕ ਵਿਕਰੀ ਨੋਟਿਸ ਵੀ ਮੰਨਿਆ ਜਾਵੇ।**

ਮਿਤੀ : 16.02.2026 | ਸਥਾਨ : ਲੁਧਿਆਣਾ | ਅਧਿਕਾਰਤ ਅ.ਫਸਰ, ਪੰਜਾਬ ਐਂਡ ਸਿੰਧ ਬੈਂਕ

# ਕੁਲਤਾਰ ਸਿੰਘ ਸੰਧਵਾਂ ਵਲੋਂ ਪੰਥਕ ਮਰਯਾਦਾ ਦੀ ਰਾਖੀ ਲਈ ਇਕਜੁੱਟ ਹੋਣ ਦਾ ਸੱਦਾ



ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਦਵਾਨ ਸਿੰਘਾਂ ਨੂੰ ਸਿੱਖ ਸੰਗਤ ਨੂੰ ਪੰਥਕ ਮਰਯਾਦਾ ਦੀ ਰਾਖੀ ਲਈ ਇਕਜੁੱਟ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਦੇ ਕੰਮਕਾਜ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਸਮੇਂ ਦੀ ਮੁੱਖ ਲੋੜ ਹੈ। ਸਿੱਖ ਸੰਸਥਾਵਾਂ ਦੇ ਪ੍ਰਬੰਧਾਂ ਨੂੰ ਲੈ ਕੇ ਵਧ ਰਹੀਆਂ ਚਿੰਤਾਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ [illegible] ਆਤਮ-ਪੜਚੋਲ ਅਤੇ ਸੁਧਾਰਾਤਮਕ ਕਾਰਵਾਈ ਦਾ ਸਮਾਂ ਆ ਗਿਆ ਹੈ।ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ, ਮੈਂ ਸੰਗਤ ਤੇ ਪੰਥਕ ਹਲਕਿਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਪੰਥਕ ਮਰਯਾਦਾ ਦੀ ਰਾਖੀ ਲਈ ਇਕੱਠੇ ਹੋਣ। ਐੱਸ ਜੀ ਪੀ ਸੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਅੱਜ ਦੀ ਸਭ ਤੋਂ ਵੱਡੀ ਲੋੜ ਹੈ। ਐੱਸ ਜੀ ਪੀ ਸੀ ਦੀ ਕਾਰਜਪ੍ਰਣਾਲੀ ਬਾਰੇ ਗੱਲ ਕਰਦਿਆਂ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ [illegible] ਇੱਕ ਬਹੁਤ ਹੀ ਜ਼ਿੰਮੇਵਾਰ ਅਤੇ ਸਤਿਕਾਰਤ ਸੰਸਥਾ ਹੈ, ਪਰ ਪਿਛਲੇ ਕੁਝ ਦਹਾਕਿਆਂ ਤੋਂ ਇਸ ਦੀ ਕਾਰਜਪ੍ਰਣਾਲੀ 'ਤੇ ਵਾਰ-ਵਾਰ ਸਵਾਲ ਉੱਠਦੇ ਰਹੇ ਹਨ। ਸੰਧਵਾਂ ਨੇ ਅੱਗੇ ਕਿਹਾ ਕਿ ਪੰਥਕ ਚੇਤਨਾ ਵਾਲਿਆਂ ਆਵਾਜ਼ਾਂ ਸਮੇਂ-ਸਮੇਂ 'ਤੇ ਚਿੰਤਾਵਾਂ ਪ੍ਰਗਟਾਉਂਦੀਆਂ ਰਹੀਆਂ ਹਨ। ਗਿਆਨੀ ਰਘਬੀਰ ਸਿੰਘ ਜੀ ਵੱਲੋਂ ਕੀਤੇ ਗਏ ਖ਼ੁਲਾਸੇ ਅਤੇ ਇਸ ਤੋਂ ਪਹਿਲਾਂ ਭਾਈ ਸਾਹਿਬ ਭਾਈ ਰਣਜੀਤ ਸਿੰਘ ਜੀ ਵੱਲੋਂ ਉਠਾਏ ਗਏ ਮੁੱਦਿਆਂ ਨੇ ਫਿਰ ਤੋਂ ਗੰਭੀਰ ਮਾਮਲਿਆਂ ਨੂੰ ਸਭ ਦੇ ਸਾਹਮਣੇ ਲਿਆਂਦਾ ਹੈ। [illegible] 'ਤੇ ਸਵਾਲ ਚੁੱਕਦਿਆਂ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਗੁਰਦੁਆਰਾ ਜ਼ਮੀਨਾਂ, ਗੁਰੂ ਦੀ ਗੋਲਕ ਅਤੇ ਸਮੁੱਚੇ ਪ੍ਰਬੰਧਾਂ ਨਾਲ ਸਬੰਧਤ ਮਾਮਲਿਆਂ ਵਿੱਚ ਬੇਨਿਯਮੀਆਂ ਦੇਖਣ ਨੂੰ ਮਿਲੀਆਂ ਹਨ, ਹੁਣ ਖਾਮੀਆਂ ਨੂੰ ਸੁਧਾਰਨ ਦੀ ਬਜਾਏ ਆਵਾਜ਼ ਉਠਾਉਣ ਵਾਲਿਆਂ ਵਿਰੁੱਧ ਹੀ ਕਾਰਵਾਈ ਕੀਤੀ ਗਈ।

## ਪਬਲਿਕ ਨੋਟਿਸ

ਬਾ-ਅਦਾਲਤ ਸ੍ਰੀ ਰਵਿੰਦਰ ਸਿੰਘ ਅਰੋੜਾ ਪੀ.ਸੀ.ਐੱਸ. ਉਪ ਮੰਡਲ ਮੈਜਿਸਟਰੇਟ, ਅਜਨਾਲਾ (ਜ਼ਿਲ੍ਹਾ ਅੰਮ੍ਰਿਤਸਰ)।
ਕੇਸ ਨੰਬਰ : Other Cases/189/2025 ਦਾਇਰ ਮਿਤੀ : 16.09.2015
ਕੇਸ ਕਿਸਮ : Application/Petition for deleting the mutation of lease
ਵਾਕਿਆ ਪਿੰਡ : ਰਮਦਾਸ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।


ਉਪਰੋਕਤ Application/Petition for deleting the mutation of lease in favour of the respondent on the basis of Patanama from Sauni 1968 to Hari 1988 on yearly rent to the tune of Rs 16416.75 [illegible]

[illegible] Application/Petition for deleting the mutation of lease in favour of the respondent on the basis of Patanama from Sauni 1968 to Hari 1988 on yearly rent to the tune of Rs. 16416.75 [illegible] ਮਿਤੀ 09.03.2026 [illegible]

ਮਿਤੀ 13.02.2026 ਨੂੰ ਮੇਰੇ ਦਸਤਖ਼ਤਾਂ ਅਤੇ ਇਸ ਅਦਾਲਤ ਦੀ ਮੋਹਰ ਦੁਆਰਾ ਜਾਰੀ ਕੀਤਾ ਗਿਆ।

ਰੀਡਰ/496 ਮਿਤੀ : 13/2/2026 ਸਹੀ/- ਉਪ ਮੰਡਲ ਮੈਜਿਸਟਰੇਟ, ਅਜਨਾਲਾ

# ਕਲਾਸੀਫਾਈਡ ਇਸ਼ਤਿਹਾਰ





## ਨਾਂਅ ਦੀ ਬਦਲੀ

ਮੈਂ, ਦਲਵਿੰਦਰ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਕੰਦੋਲਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਦਵਿੰਦਰ ਸਿੰਘ ਅਤੇ ਦਲਵਿੰਦਰ ਸਿੰਘ ਦੋਵੇਂ ਨਾਂਅ ਮੇਰੇ ਅਤੇ ਇੱਕੋ ਹੀ ਵਿਅਕਤੀ ਦੇ ਹਨ। ਸਬੰਧਿਤ ਨੋਟ ਕਰਨ।

ਮੈਂ, ਦੇਵਿਕਾ ਪੁੱਤਰੀ ਹੇਮੰਤ ਕੁਮਾਰ ਵਾਸੀ ਮਕਾਨ ਨੰ. 100, ਮਜ਼ਾਰ ਕਲੋਨੀ, ਫੇਜ਼-3, ਨੇੜੇ ਗੈਸ ਏਜੰਸੀ, ਢਿਲਵਾਂ ਰੋਡ, ਜਲੰਧਰ, ਪੰਜਾਬ ਨੇ ਆਪਣਾ ਨਾਮ ਦੇਵਿਕਾ ਤੋਂ ਬਦਲ ਕੇ ਦੇਵਿਕਾ ਰਾਜ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## Change of Name

I Jasvir Kaur W/O Late Nand Kishore Bhatti R/o Vill. Sibbo Chak P.O Hajipur. Teh. Mukerian Distt. Hoshiarpur PB 144221, hereby declare that I have changed my minor daughter's name from Sehaj to Sehaj Bhatti. All concerned please note.

I, Sumit Kumar S/o Sawinder Kumar R/O H.No. B-1/276, Ward No. 8, Gali No.6, Vishkarma Gali, Kahnuwan Road, Batala, Distt. Gurdaspur. I have changed my name from Sumit Kumar to Sumit Sharma. Please concerned note.

I, Gurdial Kaur Sandhu W/o Kashmir Singh R/o Ward No.20 Street No.2 Jail Road Shaheed Balwinder Singh Nagar Faridkot have changed my name to Gurdial Kaur

I, Daljit Kaur D/o Kapilmeet Singh W/o Harjeet Singh R/o 305, Gali No.4, New Kot Atma Ram, Sultanwind Road, Amritsar have changed my name from Daljit Kaur to Daljeet Kaur

I, Soni Lal S/o Jag Bahadar R/o 976, Dera Baba Bhori Wala, Amritsar have changed my name from Soni Lal to Sonil , Mahinder Singh S/o Joga Singh R/o H.No.1105, Gali Subedara Bazar Budhe Shah Inside Hathi Gate Amritsar have changed my name from Mahinder Singh to Mohinder Singh

I, Rajwinder Singh S/o Swinder Singh R/o Village Jodha Nagri Amritsar have declare that Rajwinder is my Given name and Singh is my Surname

I, Amandeep Kaur, mother of Japji, D/o Late Sawinder Singh, resident of Basarke Gillan, Amritsar-143105, Punjab, hereby declare that my daughter has changed her name from Japji to Japji Kaur.

I Surjeet Kaur w/o Gurdev Singh R/O Chagran distt. Hoshiarpur punjab have changed my name from Surjeet Kaur to Surjit Kaur.

I Shaik Althaf Hussain S/O Shaik Shukur Saheb R/O H.No 424, Bhagat Singh Colony Air Force Station Adampur 144103. Punjab Have changed my name Shaik Althaf Hussain to Althaf Hussain Shaik.

I Gaurav S/O Tirath Ram R/O House No. 120-b Dhanal Kalan Po. Phoolpur Dhanal Jalandhar Punjab India, Have Changed My Name From Gaurav To Mahey Gaurav (Surname As Mahey).

I, hitherto Known as Balkar Ram S/O Sucha Ram residing at VPO Jadla,Tehsil Nawanshahr, Distt. S.B.S Nagar – 144515, Punjab, India have changed my name and shall hereafter be known as Kala Ram.

I, hitherto known as Jaskarandeep Kaur D/o Kawaljit Singh R/o House No. E J 281, Chahar Bagh, Phagwara Gate, Jalandhar, Punjab-144001 have changed my name and shall hereafter be known as Jaskaran Deep Kaur.

I, Sangita D/o Dammar Roka R/o H.No.04, Gali No.2, KMV College, Ajit Nagar, Tanda Road, Jalandhar (Pb) have changed my name to Sangita Roka. All concerned please note.

I, Sunaina Suman W/O Satish Kumar, R/o Hardo Khanpur, Hardokhanpur, Hoshiarpur, Punjab-146001, I have changed the name of my minor daughter Mayra aged about 7 Years and She shall hereafter be known as Mayra Kumari.

I, Hardip Singh S/O Balkar singh, R/o Athwal, PO: Fattupur, Dist: Gurdaspur, Punjab- 143512, have changed my name and shall hereafter be Known as Hardeep Singh.

I, Harwinder Singh S/O Deshraj Employed as Naib Subedar Indian Army R/o Vill-Kapahat, Mustapur, Factory Area Chohal, Hoshiarpur, Punjab- 146024, have changed my name and shall hereafter be Known as Harvinder Singh.

I, Kulvinder Singh S/o Uttam Singh Pannu R/o VPO. Mehta Chowk, Tehsil Baba Bakala, Distt. Amritsar, Punjab have changed my name from Kulvinder Singh to Kulwinder Singh. All concerned please note.

I, Onika W/o Deepak Sharma R/o H.No W.L 6 A, Basti Guzan Jalandhar-144002, Punjab Have Changed my Name From Onika To Onika Sharma.All Concerned Please Note.

I, Davinder Pal Singh Chawla S/O Tarlochan Singh R/O H.no. 534, Greater Kailash, Distt. Jalandhar - 144008, Punjab have changed my name from Devinder Pal Singh Chawla to Davinder Pal Singh Chawla. All concerned please note.

## Change of Name

I Satish s/o Ram Kumar R/o Paramjit Ganj kapurthala Punjab have Changed my name Satish to Satish Kumar.

I Karmjit kaur w/o Gurbinder singh R/o Village Bhet District Kapurthala Punjab have Changed my name Karmjit kaur to Karamjit Kaur.

I, Gian Chand s/o Joginder Singh r/o VPO.Kohala, Distt. Jalandhar-144002, Punjab have changed my name from Gian Chand to Chand Gian (Surname as Chand) All Please Note.

I, Manjit Singh s/o Surinder Singh Takhar r/o Patti Manna Di, Jamsher Khas, Jalandhar-II, Jalandhar, Punjab declare that Manjit Singh & Manjit Singh Takhar are one and the same person.

I, Sarabjit Kaur w/o Manjit Singh Takhar r/o Patti Manna Di, Jamsher Khas, Jalandhar-II, Jalandhar, Punjab declare that Sarabjit Kaur & Sarabjit Kaur Takhar are one and the same person.

I, Satish Kumar s/o Ram Lot Gupta r/o Wadda Wehra, H.No. WJ 85, Ward No. 44, Jalandhar have changed my name to Satish Kumar Gupta. (Gupta as my Surname). All Please Note.

I, Kuldip Singh S/o Mukhtiar Singh of Vill Kotli Kamboj, Tehsil Shahkot, Distt. Jalandhar, Have Changed My Name Kuldip Singh to Kuldeep Singh Concerned May Note.

I, Vikas S/o Late Ajit Raj R/o H.No. 35, Guru Sant Nagar, Basti Danishmanda, Jalandhar, Punjab declare that Amarjit Kaur as well as Amro Devi is one and the same person and the said both names belong to my mother. All concerned please note.

I, Jito Devi wife of Sh. Natha Ram resident of House Number 19, Street Number 7, New Rajan Nagar, Jalandhar, Punjab have changed my minor grand son's name from Rakesh Kumar Gavi to Kumar Gavi (Kumar as his Surname). All concerned please note.

## PUBLIC NOTICE

I,Neelam W/O Vijay Kumar R/O L-13/973,Gali No.3,Kot Baba Deep Singh, Amritsar inform that my son Sunil Kumar @ Shammi and his wife Seema Nanda both are not under my control and don't respect me and my other family members.I disinherit both of them from my all moveable and immoveable properties. I shall not be responsible for any act or deed done by them. They themselves will be responsible for it. I and my family will have no relations with them.

## ਆਮ ਸੂਚਨਾ

ਮੈਂ, ਜੀਤ ਰਾਮ ਪੁੱਤਰ ਕਰਮ ਚੰਦ ਵਾਸੀ ਪਿੰਡ ਲੋਧੀ ਚੱਕ, ਡਾਕ: ਕੁਰਾਲਾ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਮੇਰਾ ਨਾਂਅ ਜਮ੍ਹਾਂਬੰਦੀ ਵਿਚ ਸੁਰਜੀਤ ਸਿੰਘ ਚੱਲ ਰਿਹਾ ਹੈ। ਮੇਰਾ ਸਹੀ ਨਾਂਅ ਜੀਤ ਰਾਮ ਹੈ। ਸੰਬੰਧਤ ਨੋਟ ਕਰਨ।

ਮੈਂ ਦਰਸ਼ਨ ਕੌਰ ਪੁੱਤਰੀ ਸੱਜਣ ਸਿੰਘ ਵਾਸੀ ਪਿੰਡ ਦਾਊਦ ਤਹਿਸੀਲ ਬਾਬਾ ਬਕਾਲਾ ਜਿਲਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਸ਼ਾਦੀ ਚਰਨਜੀਤ ਸਿੰਘ ਪੁੱਤਰ ਗੁਰਮੇਜ ਸਿੰਘ ਪੁੱਤਰ ਫੌਜਾ ਸਿੰਘ ਜੱਟ ਵਾਸੀ ਪਿੰਡ ਘਨਸ਼ਾਮਪੁਰ ਤਹਿ ਬਾਬਾ ਬਕਾਲਾ ਸਾਹਿਬ ਜਿਲਾ ਅੰਮ੍ਰਿਤਸਰ ਨਾਲ ਮਿਤੀ 03/03/2013 ਨੂੰ ਸਿੱਖ ਰੀਤੀ ਰਿਵਾਜ ਮੁਤਾਬਕ ਪਿੰਡ ਦਾਊਦ ਵਿਖੇ ਹੋਈ ਸੀ ਅਤੇ ਮਿਤੀ 14-09-2021 ਨੂੰ ਮੇਰਾ ਤਲਾਕ ਹੋ ਗਿਆ ਸੀ। ਤਲਾਕ ਦੇ ਪੇਪਰਾਂ ਉਪਰ ਮੇਰਾ ਨਾਮ ਕੁਲਜੀਤ ਕੌਰ ਪਤਨੀ ਚਰਜਨਜੀਤ ਸਿੰਘ ਵਾਸੀ ਘਨਸ਼ਾਮਪੁਰ ਤਹਿਸੀਲ ਬਾਬਾ ਬਕਾਲਾ ਜਿਲ੍ਹਾ ਅੰਮ੍ਰਿਤਸਰ ਹੈ। ਦਰਸ਼ਨ ਕੌਰ ਅਤੇ ਕੁਲਜੀਤ ਕੌਰ ਦੋਵੇ ਮੇਰੇ ਹੀ ਨਾਮ ਹਨ। ਮੈਂ ਦੋਵਾਂ ਨਾਵਾਂ ਦੀ ਇੱਕ ਹੀ ਔਰਤ ਹਾਂ। ਸਬੰਧਤ ਨੋਟ ਕਰਨ।

ਮੈਂ ਸਫਲਤਾ ਅਰੋੜਾ ਪਤਨੀ ਕਪਿਲ ਰਾਜ ਅਰੋੜਾ ਵਾਸੀ ਬੈਂਕ ਸਾਈਡ ਸਬਜੀ ਮੰਡੀ ਅਮਲੋਹ ਰੋਡ ਨਿਊ ਮਾਡਲ ਟਾਊਨ ਖੰਨਾ ਜਿਲਾ ਲੁਧਿਆਣਾ। ਮੇਰਾ ਨਾਮ ਕੁਝ ਦਾ ਦਸਤਾਵੇਜਾਂ ਵਿੱਚ ਸਫਲਤਾ ਅਰੋੜਾ ਹੈ ਅਤੇ ਕੁਝ ਦਸਤਾਵੇਜਾਂ ਵਿੱਚ ਸਫਲਤਾ ਹੈ। ਮੇਰੇ ਦੋਵਾਂ ਨਾਮਾ ਖਿਲਾਫ ਕੋਈ ਦੀਵਾਨੀ ਅਤੇ ਫੌਜਦਾਰੀ ਮੁਕਦਮਾ ਨਹੀਂ ਚਲਦਾ ਮੈਂ ਦੋਵੇਂ ਨਾਮਾ ਨਾਲ ਜਾਣੀ ਜਾਂਦੀ ਹਾਂ ਸਬੰਧਤ ਨੋਟ ਕਰਨ।

ਮੈਂ, ਵਿਸ਼ਾਲ ਪੁੱਤਰ ਮੰਗਲਾ ਰਾਮ ਵਾਸੀ ਮਕਾਨ ਨੰ. 8, ਗਲੀ ਨੰ. 1, ਨਿਊ ਇੰਦਰਾ ਕਲੋਨੀ, ਜਲੰਧਰ ਬਿਆਨ ਕਰਦਾ ਹਾਂ ਕਿ ਮਾਤਾ ਸੰਤੋਸ਼ ਦੇਵੀ ਅਤੇ ਮੇਰਾ ਭਰਾ ਅਜੈ ਅਤੇ ਮੇਰੀ ਭੈਣ ਕਿਰਨ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨਾਲ ਆਪਣੇ ਸਾਰੇ ਸੰਬੰਧ ਤੋੜਦਾ ਹਾਂ। ਇਹਨਾਂ ਦੇ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੀ ਮੇਰੀ ਕੋਈ ਜ਼ਿੰਮੇਵਾਰੀ ਨਹੀ ਹੋਵੇਗੀ, ਉਹ ਖੁਦ ਜ਼ਿੰਮੇਵਾਰ ਹੋਣਗੇ। ਸੰਬੰਧਿਤ ਨੋਟ ਕਰਨ।

ਮੈਂ ਬਲਜੀਤ ਕੌਰ ਪਤਨੀ ਬਲਦੇਵ ਸਿੰਘ, ਹਾਊਸ ਨੰ: 13/504 ਮੁਹੱਲਾ ਗੁਰੂ ਕਾ ਖੂਹ, ਪੱਟੀ ਰੋਡ, ਵਾਰਡ ਨੰ: 16, ਤਹਿਸੀਲ ਵਾ ਜਿਲ੍ਹਾ ਤਰਨਤਾਰਨ ਸੂਚਿਤ ਕਰਦੀ ਹਾਂ ਕਿ ਮਾਲ ਰਿਕਾਰਡ ਜਮਾਂਬੰਦੀ ਸਾਲ 2022-23 ਵਾਕਿਆ ਪਿੰਡ ਖਿਲਚੀਆਂ ਦੇ ਖਾਤਾ ਖਤੌਨੀ ਨੰ: 29/33, 351/400, 352/401, 592/688, 737/856 ਦੇ ਖਾਨਾ ਮਾਲਕੀ ਵਿੱਚ ਬੀਰੋ ਪੁੱਤਰੀ ਜੋਗਿੰਦਰ ਸਿੰਘ ਪੁੱਤਰ ਤਾਰਾ ਸਿੰਘ ਦੀ ਥਾਂ ਤੇ ਬੀਰੋ ਉਰਫ ਬਲਜੀਤ ਕੌਰ ਪੁੱਤਰੀ ਜੋਗਿੰਦਰ ਸਿੰਘ ਪੁੱਤਰ ਤਾਰਾ ਸਿੰਘ ਦਾ ਅੰਦਰਾਜ ਕਰਵਾ ਰਹੀ ਹਾਂ । ਸਬੰਧਿਤ ਨੋਟ ਕਰਨ ।

ਮੋਟਰ ਕੁਨੈਕਸ਼ਨ ਖਾਤਾ ਨੰ.ਏ-7-3667 ਜੋ ਪਿੰਡ ਮੱਤੜ ਹਿਠਾੜ ਵਿਖੇ ਮਹਿੰਦਰ ਸਿੰਘ ਪੁਤਰ ਕਰਨੈਲ ਸਿੰਘ ਦੇ ਨਾਮ ਚਲ ਰਿਹਾ ਹੈ। ਇਸ ਕੁਨੈਕਸ਼ਨ ਨੂੰ ਆਪਣੇ ਨਾਮ ਟਰਾਂਸਫਰ ਕਰਵਾਉਣ ਲਈ ਸਰੋਜ ਰਾਣੀ ਪਤਨੀ ਸੁਰਜੀਤ ਚੰਦ ਵਾਸੀ ਪਿੰਡ ਪਿੰਡੀ ਨੇ ਦਸਤਾਵੇਜ਼ ਪੇਸ਼ ਕੀਤੇ ਹਨ। ਕਿਸੇ ਨੂੰ ਇਤਰਾਜ ਹੋਵੇ ਤਾਂ 15 ਦਿਨਾਂ ਦੇ ਅੰਦਰ ਦਫਤਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਸਬ ਡਵੀਜਨ ਮਮਦੋਟ ਵਿਖੇ ਕਰੇ।

## ਬੇਦਖਲੀ ਨੋਟਿਸ

ਮੈਂ ਅਸ਼ਵਨੀ ਕੁਮਾਰ ਪੁੱਤਰ ਸ਼੍ਰੀ ਜਗਦੀਸ਼ ਚੰਦ ਵਾਸੀ ਪਿੰਡ ਅਟਲਗੜ੍ਹ ਤਹਿਸੀਲ ਮੁਕੇਰੀਆਂ ਜਿਲਾ ਹੁਸ਼ਿਆਰਪੁਰ ਦਾ ਰਹਿਣੇ ਵਾਲਾ ਹਾਂ ਮੇਰਾ ਪੁੱਤਰ ਅਭੇ ਕਨਗੋ ਤੇ ਉਸ ਦੀ ਪਤਨੀ ਰਾਧਿਕਾ ਜੋ ਕਿ ਮੇਰੇ ਕਹਨੇ ਕਾਰ ਵਿੱਚ ਨਹੀਂ ਹਨ ਤੇ ਮੇਰੀ ਸੇਵਾ ਸੰਭਾਲ ਨਹੀਂ ਕਰਦੇ ਤੇ ਮੇਰੇ ਨਾਲ ਹਰ ਸਮੇਂ ਲੜਾਈ ਝਗੜਾ ਰੱਖਦੇ ਹਨ ਇਸ ਲਈ ਮੈਂ ਆਪਣੇ ਪੁੱਤਰ ਅਭੇ ਕਨਗੋ ਅਤੇ ਉਸ ਦੀ ਪਤਨੀ ਰਾਧਿਕਾ ਨੂੰ ਆਪਣੀ ਚੱਲ/ਅੱਚਲ ਸੰਪੱਤੀ ਤੋਂ ਬੇਦਖਲ ਕਰਦਾ ਹਾਂ ਜੋ ਵੀ ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ ਮੈਂ ਤੇ ਮੇਰੇ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਮੈਂ ਰਣਜੀਤ ਸਿੰਘ ਪੁੱਤਰ ਸਰਵਣ ਸਿੰਘ ਵਾਸੀ ਪਿੰਡ ਧਿਆਨਪੁਰ ਤਹਿਸੀਲ ਬਾਬਾ ਬਕਾਲਾ ਜਿਲਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੁਗਰਾਜ ਸਿੰਘ ਮਾੜੀ ਸੰਗਤ ਪੈਣ ਕਰਕੇ ਅਤੇ ਮੇਰੇ ਕਹਿਣੇ ਕੰਟਰੋਲ ਤੋਂ ਬਾਹਰ ਹੋਣ ਕਰਕੇ ਉਸਨੂੰ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣਦੇਣ ਕਰਨ ਵਾਲਾ ਖੁੱਦ ਜੁੰਮੇਵਾਰ ਹੋਵੇਗਾ।

ਮੈਂ, ਸੱਤਿਆ ਦੇਵੀ ਪਤਨੀ ਵਿਜੈ ਕੁਮਾਰ, ਵਾਸੀ ਮਕਾਨ ਨੰ: 276, ਮੇਨ ਬਾਜ਼ਾਰ ਗੜ੍ਹਾ, ਜਲੰਧਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਦਾ ਲੜਕਾ (ਮੇਰਾ ਦੋਹਤਰਾ) ਆਰੀਅਨ ਜੋ ਬਚਪਨ ਤੋਂ ਮੇਰੇ ਕੋਲ ਰਹਿੰਦਾ ਹੈ, ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰੁਕਸਾਨਾ ਬੇਗਮ ਪਤਨੀ ਰਿਆਜ਼ ਮੀਆਂ, ਵਾਸੀ 846 ਰਾਮ ਨਗਰ, ਵੈਸਟ ਚੰਪਾਰਨ ਬਿਹਾਰ ਹੁਣ ਵਾਸੀ ਟੰਕੀ ਮੁਹੱਲਾ ਗੜ੍ਹਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਰਬਾਜ਼ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜਰਨੈਲ ਸਿੰਘ ਪੁੱਤਰ ਚੰਨਣ ਸਿੰਘ, ਵਾਸੀ ਪਿੰਡ ਮਾਂਗੇਕੀ, ਡਾਕ. ਆਲਮਪੁਰ ਬੱਕਾ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ਮੇਰਾ ਪੁੱਤਰ ਸੁਖਜਿੰਦਰ ਸਿੰਘ, ਉਸ ਦੀ ਪਤਨੀ ਰਜਵੰਤ ਕੌਰ ਅਤੇ ਇਨ੍ਹਾਂ ਦੇ ਦੋ ਬੱਚੇ ਸੁਖਮਨਜੀਤ ਸਿੰਘ ਅਤੇ ਹਰਸਿਮਰਨਜੀਤ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਰਿਹਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ-ਵਾਸਤਾ ਨਹੀਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਰਨਜੀਤ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਮਕਾਨ ਨੰਬਰ 26, ਗਲੀ ਮੁਰੱਬੇਵਾਲੀ, ਤਰਨ ਤਾਰਨ ਰੋਡ, ਅੰਮ੍ਰਿਤਸਰ ਆਪਣੇ ਪੁੱਤਰ ਸਾਹਿਬ ਸਿੰਘ ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਸ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਂਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਮੈ ਮਨਜੀਤ ਕੌਰ ਵਿਧਵਾ ਕੁਲਵੰਤ ਸਿੰਘ ਵਾਸੀ ਨੱਥੂਪੁਰ ਟੋਡਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੀ ਰਹਿਣ ਵਾਲੀ ਹਾਂ । ਮੇਰਾ ਲੜਕਾ ਅਕਾਸਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ । ਆਪਣੇ ਲੜਕੇ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦੀ ਹਾਂ ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ ।

ਮੈਂ ਅਜੀਤ ਸਿੰਘ ਪੁੱਤਰ ਬਾਵਾ ਸਿੰਘ ਪਿੰਡ ਲਾਧੂਪੁਰ ਜਿਲਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਲਬੀਰ ਸਿੰਘ ਅਤੇ ਨੂੰਹ ਜਸਵੰਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਇਹਨਾਂ ਦੋਵਾਂ ਨੂੰ ਮੈਂ ਆਪਣੀ ਸਾਰੀ ਚੱਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾ ਰਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਬੂਟਾ ਰਾਮ ਪੁੱਤਰ ਸ੍ਰੀ ਕਿਸਨ ਸਿੰਘ ਵਾਸੀ ਵਾਰਡ ਨੰਬਰ 2, ਗਾਂਧੀ ਨਗਰ ਕੈਂਪ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰਜੁਨ ਵਾ ਨੂੰਹ ਮਨਜੀਤ ਵਾਸੀ ਪਿੰਡ ਚਾਹਲ ਕਲਾਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਪ੍ਰਿੰਸ ਪੁੱਤਰ ਰਵਿੰਦਰ ਕੁਮਾਰ ਵਾਸੀ ਮਕਾਨ ਨੰ: 496/5, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਸਾਰੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਜ਼ੋਗਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਅਮ੍ਰਿਤਪੁਰ, ਤਹਿਸੀਲ ਸੁਲਤਾਨਪੁਰ ਲੋਧੀ, ਜਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ ਅਤੇ ਉਸਦੀ ਪਤਨੀ ਰੱਜੋ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਅਸ਼ਵਨੀ ਕੁਮਾਰ ਦੁਆ ਪੁੱਤਰ ਬਨਾਰਸੀ ਦਾਸ ਅਤੇ ਮੋਨਾ ਦੁਆ ਪਤਨੀ ਅਸ਼ਵਨੀ ਕੁਮਾਰ ਦੁਆ ਵਾਸੀਆਨ 411-ਬੀ, ਗੁਰੂ ਰਾਮ ਦਾਸ ਇਨਕਲੇਵ, ਬਸਤੀ ਪੀਰ ਦਾਦ ਖਾਂ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪਾਰਸ ਦੁਆ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਪੰਕਜ ਕੁਮਾਰ ਪੁੱਤਰ ਪ੍ਰਵੇਸ਼ ਚੰਦਰ ਅਤੇ ਟੀਨਾ ਅਨੰਦ ਪਤਨੀ ਪੰਕਜ ਕੁਮਾਰ ਵਾਸੀਆਨ 4-ਏ, ਕਾਲੀਆ ਕਲੋਨੀ, ਫੇਸ-2, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕ੍ਰਿਸ਼ ਅਨੰਦ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਕਸ਼ੋ ਹੰਸ ਪਤਨੀ ਸਰਫੀਨ ਹੰਸ ਵਾਸੀ ਪਿੰਡ ਗਾਖਲ, ਜਿਲਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਨੂੰਹ ਅਲਕਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸਵਰਨਜੀਤ ਕੌਰ ਪਤਨੀ ਸੁੱਚਾ ਸਿੰਘ ਵਾਸੀ 502 ਗੁਰੂ ਨਾਨਕ ਨਗਰ, ਵਾਰਡ ਨੰ. 1 ਰਾਜਪੁਰਾ, ਪਟਿਆਲਾ, ਪੰਜਾਬ। ਮੇਰਾ ਲੜਕਾ ਕੁਲਵੰਤ, ਸਿੰਘ ਜੋ ਮੇਰੇ ਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਪਰਮਜੀਤ ਕੌਰ ਵਿਧਵਾ ਹਰਪਾਲ ਸਿੰਘ ਪੁੱਤਰ ਬਹਾਦਰ ਸਿੰਘ, ਵਾਸੀ ਪਿੰਡ ਮਲਕਪੁਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਬਿਕਰਮਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਨੋਟਿਸ

ਮੈਂ, ਅਸ਼ੋਕ ਕੁਮਾਰ ਪੁੱਤਰ ਗਿਆਨ ਚੰਦ ਵਾਸੀ ਨੌਸ਼ਹਿਰਾ, ਡਾਕਖਾਨਾ ਤਿਬੜੀ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਵੀਰ ਸਿੰਘ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਰਮਜੀਤ ਕੌਰ ਵਿਧਵਾ ਪਰਮਿੰਦਰ ਸਿੰਘ, ਵਾਸੀ ਲੰਗੇਆਣਾ ਨਵਾਂ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਗਦੇਵ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਘਰ ਦਾ ਮਹੌਲ ਖਰਾਬ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ। ਸੰਬੰਧਤ ਨੋਟ ਕਰਨ।

ਮੈਂ, ਰਾਜ ਰਾਣੀ ਪਤਨੀ ਲੇਟ ਦਵਿੰਦਰ ਕੁਮਾਰ, ਵਾਸੀ ਮਕਾਨ ਨੰਬਰ 141, ਲਸੂੜੀ ਮੁਹੱਲਾ, ਬਸਤੀ ਦਾਨਿਸ਼ਮੰਦਾਂ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਪਾਇਲ (22 ਸਾਲ ਕੁਆਰੀ) ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਸ ਨਾਲ ਕੋਈ ਰਿਸ਼ਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ, ਰਾਜ ਕੁਮਾਰ ਅਰੋੜਾ ਪੁੱਤਰ ਨਿਰੰਜਨ ਦਾਸ, ਵਾਸੀ ਹਾਉਸ ਨੰ: 603, ਵਾਰਡ ਨੰਬਰ 18, ਸਰਦਾਰ ਨਗਰ ਮੋਗਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ, ਮੇਰਾ ਲੜਕਾ ਅਵੀਨੀਸ਼ ਕੁਮਾਰ ਉਰਫ ਉਰਫ ਹਨੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਮੀਤ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ, ਵਾਸੀ ਪਿੰਡ ਸ਼ਾਮਨਗਰ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਵਰਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਗੁਰਦਿਆਲ ਸਿੰਘ ਪੁੱਤਰ ਨਾਜਰ ਸਿੰਘ ਅਤੇ ਗੁਰਵਿੰਦਰ ਕੌਰ ਪਤਨੀ ਗੁਰਦਿਆਲ ਸਿੰਘ ਵਾਸੀਆਨ ਪਿੰਡ ਬਾਦਸ਼ਾਹਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਰਮਨਜੋਤ ਸਿੰਘ (ਕੁਆਰਾ) ਸਾਡੇ ਕਹਿਣੇ ਤੋਂ ਬਾਹਰ ਹੈ । ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਦੇ ਕੀਤੇ ਕੰਮਾਂ ਅਤੇ ਲੈਣ-ਦੇਣ ਨਾਲ ਸਾਡਾ ਕੋਈ ਸੰਬੰਧ ਨਹੀਂ। ਇਸ ਨਾਲ ਸੰਬੰਧ ਰੱਖਣ ਵਾਲਾ ਜਾਂ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਦੇਸ ਰਾਜ ਪੁੱਤਰ ਸਵਰਨ ਚੰਦ ਵਾਸੀ ਮਕਾਨ ਨੰਬਰ 130, ਵਾਰਡ ਨੰਬਰ 06, ਡਾ. ਅੰਬੇਡਕਰ ਨਗਰ ਗਣੇਸ਼ਪੁਰ, ਮਾਹਿਲਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਕੁਆਰਾ ਲੜਕਾ ਸੰਦੀਪ ਅਤੇ ਮੇਰਾ ਸ਼ਾਦੀਸ਼ੁਦਾ ਲੜਕਾ ਰਾਜ ਕੁਮਾਰ, ਉਸ ਦੀ ਪਤਨੀ ਗੁਰਮੀਤ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਪਰਮਜੀਤ ਕੌਰ ਪਤਨੀ ਸਵਰਨ ਸਿੰਘ, ਵਾਸੀ ਮਕਾਨ ਨੰ: 314, ਆਜ਼ਾਦ ਨਗਰ, 100 ਫੁੱਟੀ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਅਮਨਦੀਪ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਕੋਈ ਗੱਲ ਨਹੀਂ ਸੁਣਦੇ ਅਤੇ ਬਹੁਤ ਤੰਗ-ਪ੍ਰੇਸ਼ਾਨ ਕਰਦੇ ਹਨ। ਮੈ ਉਨ੍ਹਾਂ ਦੋਵਾਂ ਨੂੰ ਅਤੇ ਉਨ੍ਹਾਂ ਦੀ ਲੜਕੀ ਓਕੀਰਤ ਕੌਰ ਨੂੰ ਆਪਣੀ ਸਾਰੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਵਾਰ ਦਾ ਉਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਪਲਵਿੰਦਰ ਸਿੰਘ ਪੁੱਤਰ ਮੋਹਿੰਦਰ ਸਿੰਘ, ਵਾਸੀ ਪਿੰਡ ਵਾ ਡਾਕਖਾਨਾ ਚਾਟੀਵਿੰਡ, ਤਰਨ ਤਾਰਨ ਰੋਡ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਜਤਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਸ ਨਾਲ ਕੋਈ ਸੰਬੰਧ ਨਹੀਂ। ਸੰਬੰਧਤ ਨੋਟ ਕਰਨ।

ਅਸੀਂ, ਮਨਜੀਤ ਮਸੀਹ ਪੁੱਤਰ ਸੁਰੈਣ ਮਸੀਹ ਅਤੇ ਸ੍ਰੀਮਤੀ ਬਸ਼ੀਰਾਂ ਪਤਨੀ ਮਨਜੀਤ ਮਸੀਹ, ਵਾਸੀ ਮਕਾਨ ਨੰ: 106, ਮਜੀਠਾ ਰੋਡ, ਗਲੀ ਨੰਬਰ 3, ਰਿਸ਼ੀ ਵਿਹਾਰ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਆਸ਼ੀਸ਼ ਸਹੋਤਾ ਅਤੇ ਉਸ ਦੀ ਪਤਨੀ ਰੋਸ਼ਨੀ ਸਾਡੇ ਕਹਿਣੇ ਤੋਂ ਬਾਹਰ ਹਨ, ਸਾਡੇ ਨਾਲ ਚੰਗਾ ਵਿਹਾਰ ਨਹੀਂ ਕਰਦੇ ਅਤੇ ਆਪਸ ਵਿਚ ਲੜਦੇ-ਝਗੜਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਇੰਦਰਜੀਤ ਕੌਰ ਪਤਨੀ ਅਮਰੀਕ ਸਿੰਘ, ਵਾਸੀ ਮਕਾਨ ਨੰ. ਜੇ-18/621-ਏ, ਗਲੀ ਨੰ: 3, ਤਰਨ ਤਾਰਨ ਰੋਡ, ਕੋਟ ਮਿੱਤ ਸਿੰਘ, ਅੰਮ੍ਰਿਤਸਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਮਨਦੀਪ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਸੁਖਦੇਵ ਸਿੰਘ ਪੁੱਤਰ ਹਜ਼ਾਰਾ ਸਿੰਘ, ਵਾਸੀ ਉੱਚਾ ਕਿਲ੍ਹਾ, ਹਰਸ਼ਾ ਛੀਨਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਮੇਰਾ ਲੜਕਾ ਹਰਪਾਲ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ।

ਮੈਂ, ਜਸਬੀਰ ਸਿੰਘ ਪੁੱਤਰ ਬੂਟਾ ਸਿੰਘ, ਵਾਸੀ ਪਿੰਡ ਬਾਘੜੀਆਂ, ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਵਾਰਸਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ, ਸਾਡੇ ਨਾਲ ਬਦਸਲੂਕੀ ਕਰਦਾ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਬਿੰਦਰ ਸਿੰਘ ਪੁੱਤਰ ਸ੍ਰੀ ਕੇਹਰ ਸਿੰਘ, ਵਾਸੀ ਪਿੰਡ ਭਿੰਡਰ ਕਲਾਂ, ਤਹਿਸੀਲ ਤੇ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਧਰਮਪਾਲ ਸਿੰਘ ਉਰਫ ਬਿੱਟੂ ਅਤੇ ਨੂੰਹ ਰਮਨਦੀਪ ਕੌਰ ਅਤੇ ਗੁਰਵਿੰਦਰ ਸਿੰਘ ਉਰਫ ਗਵਿੰਦਾ ਅਤੇ ਨੂੰਹ ਕਿਰਨਦੀਪ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਕਮਲ ਕੁਮਾਰ ਪੁੱਤਰ ਖੁਸ਼ੀ ਰਾਮ ਅਤੇ ਕਮਲਾ ਪਤਨੀ ਕਮਲ ਕੁਮਾਰ ਵਾਸੀਆਨ ਮਕਾਨ ਨੰ. ਐਨ. ਐਮ-156, ਮੁਹੱਲਾ ਕਰਾਰ ਖਾਂ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮੋਹਿਤ ਕੁਮਾਰ ਅਤੇ ਉਸਦੀ ਪਤਨੀ ਮਹਿਕ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਨਿਲਾਮੀ ਨੋਟਿਸ

ਦੀ ਕੋਟਲੀ ਵਸਾਵਾ ਸਿੰਘ MP.CASS ਲਿਮ: ਕੋਟਲੀ ਵਸਾਵਾ ਸਿੰਘ ਜ਼ਿਲ੍ਹਾ ਤਰਨ ਤਾਰਨ ਦੇ ਸੰਦ ਮਲਚਰ 1 ਹੈਪੀ ਸੀਡਰ 1, ਟੁਟਾਵੈਟਰ 02, ਡਰਿੱਲਾਂ 3 ਦੀ ਨਿਲਾਮੀ 16/03/2026 ਨੂੰ ਸਵੇਰੇ 10 ਵਜੇ ਕੀਤੀ ਜਾਵੇਗੀ। ਸੰਪਰਕ ਕਰੋ : 98141-97850

## ਆਮ ਜਨਤਕ ਸੂਚਨਾ

ਸੁਮਨਦੀਪ ਕੌਰ ਪਤਨੀ ਪਵਿੱਤਰ ਸਿੰਘ ਪੁੱਤਰ ਕਿਸ਼ਨ ਸਿੰਘ ਅਤੇ ਪਵਿੱਤਰ ਸਿੰਘ ਪੁੱਤਰ ਕਿਸ਼ਨ ਸਿੰਘ—ਦੋਵੇਂ ਨਿਵਾਸੀ ਮਕਾਨ ਨੰਬਰ C-17, ਦੂਰਦਰਸ਼ਨ ਸਟਾਫ ਕੁਆਰਟਰ, ਡਾ. ਅੰਬੇਡਕਰ ਚੌਕ, ਜਲੰਧਰ ਸ਼ਹਿਰ-144001 (ਪੰਜਾਬ) ਨੇ ਹੇਠਾਂ ਦਿੱਤੀ ਜਾਇਦਾਦ ਦੇ ਬਦਲੇ ਵਿੱਤੀ ਸਹਾਇਤਾ (ਲੋਨ) ਲੈਣ ਲਈ ਯੂਕੋ ਬੈਂਕ, ਬ੍ਰਾਂਚ: ਵਡਾਲਾ, ਜਲੰਧਰ (ਪੰਜਾਬ) ਕੋਲ ਪਹੁੰਚ ਕੀਤੀ ਹੈ।

**ਜਾਇਦਾਦ ਦਾ ਵੇਰਵਾ:** ਮਕਾਨ ਨੰਬਰ 182 (ਹਿੱਸਾ), ਟਾਵਰ ਐਨਕਲੇਵ-III, ਵਡਾਲਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ (ਪੰਜਾਬ), ਜੋ ਕਿ ਹਦਬਸਤ ਨੰਬਰ 281 ਅਤੇ ਖਸਰਾ ਨੰਬਰ 383/1, 384, 385/1, 386, 387/1, 388/3, 391/2, 400/2, 401/2, 402/2, 403/1, 406/1, 408/1 ਦੇ ਅਧੀਨ ਆਉਂਦਾ ਹੈ। ਇਸਦਾ ਕੁੱਲ ਰਕਬਾ 3 ਮਰਲੇ 224 ਵਰਗ ਫੁੱਟ (ਯਾਨੀ 20'x52'= 1040 ਵਰਗ ਫੁੱਟ) ਹੈ। (ਮੌਜੂਦਾ ਸਮੇਂ ਵਿੱਚ, ਇਸ ਜਾਇਦਾਦ ਦੀ ਮਾਲਕ ਸ਼ਾਲੂ ਜੈਤੀ ਪਤਨੀ ਅਮਨ ਸੂਰ (ਪੁੱਤਰੀ ਸੁਰਿੰਦਰ ਪਾਲ ਸਹਿਦੇਵ ਪੁੱਤਰ ਪੂਰਨ ਚੰਦ) - ਨਿਵਾਸੀ ਮਕਾਨ ਨੰਬਰ 148, ਸੰਤ ਨਗਰ, ਬਸਤੀ ਸ਼ੇਖ, ਜਲੰਧਰ ਹੈ) ਅਤੇ ਸੁਮਨਦੀਪ ਕੌਰ ਤੇ ਪਵਿੱਤਰ ਸਿੰਘ ਉਪਰੋਕਤ ਜਾਇਦਾਦ ਨੂੰ ਖਰੀਦਣ ਲਈ ਬੈਂਕ ਦੇ ਸੰਭਾਵੀ ਕਰਜ਼ਦਾਰ ਅਤੇ ਰਹਿਣਕਰਤਾ (ਰਟਗਉਗੋਰਸ) ਹਨ।

ਆਮ ਜਨਤਾ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਉਪਰੋਕਤ ਜਾਇਦਾਦ ਦੇ ਹੇਠਾਂ ਲਿਖੇ ਦੋ ਅਸਲ ਲਿੰਕ ਡੀਡ (ਰਿਗਿਨਉਲ ਲਿਨਕ ਧਇਦਸ) ਗੁੰਮ ਹਨ:

ਸੇਲ ਡੀਡ ਨੰਬਰ 4732, ਮਿਤੀ 02-01-2015 - ਜੋ ਸਬ-ਰਜਿਸਟਰਾਰ, ਜਲੰਧਰ-II (ਪੰਜਾਬ) ਦੇ ਦਫ਼ਤਰ ਵਿੱਚ ਰਜਿਸਟਰਡ ਹੈ।

ਸੇਲ ਡੀਡ ਨੰਬਰ 12508, ਮਿਤੀ 18-02-2013 - ਜੋ ਸਬ-ਰਜਿਸਟਰਾਰ, ਜਲੰਧਰ-II (ਪੰਜਾਬ) ਦੇ ਦਫ਼ਤਰ ਵਿੱਚ ਰਜਿਸਟਰਡ ਹੈ।

ਆਮ ਜਨਤਾ ਜੇਕਰ ਇਸ ਜਾਇਦਾਦ ਨੂੰ ਬੈਂਕ ਕੋਲ ਗਿਰਵੀ ਰੱਖਣ 'ਤੇ ਕੋਈ ਇਤਰਾਜ਼ ਜਾਂ ਕੋਈ ਦਾਅਵਾ ਰੱਖਦੀ ਹੈ, ਤਾਂ ਉਹ ਆਪਣੇ ਇਤਰਾਜ਼/ਦਾਅਵੇ ਦੇ ਸਬੂਤ ਸਮੇਤ 15 ਦਿਨਾਂ ਦੇ ਅੰਦਰ-ਅੰਦਰ ਬ੍ਰਾਂਚ ਮੈਨੇਜਰ, ਯੂਕੋ ਬੈਂਕ, ਵਡਾਲਾ, ਜਲੰਧਰ 144003 ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰ ਸਕਦੀ ਹੈ।

ਮਿਤੀ: 20-02-2026 ਜਗ੍ਹਾ : ਜਲੰਧਰ ਬ੍ਰਾਂਚ ਮੈਨੇਜਰ

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਮੇਜਰ ਡਾ: ਇਰਵਿਨ ਕੌਰ, ਪੀ.ਸੀ.ਐੱਸ, ਪ੍ਰੀਜ਼ਾਇਡਿੰਗ ਅਫਸਰ, ਮੇਨਟੇਨੈਂਸ ਐਂਡ ਵੈੱਲਫੇਅਰ ਟ੍ਰਿਬਿਊਨਲ, ਕਪੂਰਥਲਾ

ਮਿਸਲ ਨੰਬਰ : Petition/1/2026 ਪਿੰਡ: ਕਪੂਰਥਲਾ ਗਰਬੀ
ਤਾਰੀਖ ਰਜੂਆ : 15/01/2026
ਅਗਲੀ ਤਾਰੀਖ ਪੇਸ਼ੀ : 05/03/2026 ਜ਼ਿਲ੍ਹਾ: ਕਪੂਰਥਲਾ
ਵਿਸ਼ਾ: ਪਟੀਸ਼ਨ ਅੰਡਰ ਸੈਕਸ਼ਨ 23 ਸੀਨੀਅਰ ਸਿਟੀਜ਼ਨ ਐਕਟ 2007,

**Malkiat Singh Padda @ Malkiat Singh age about 68 Year Son of Banta Singh R/o Preet Nagar, Kapurthala. Petitioner**

**Versus**

**Ramanjit Kaur Wife of Nihal Singh Daughter of Malkiat Singh, Resident of Preet Nagar, Kapurthala. Respondent.**

ਉਕਤ ਪਟੀਸ਼ਨ ਇਸ ਅਦਾਲਤ ਵਿਚ ਚੱਲ ਰਹੀ ਹੈ, ਜਿਸ ਵਿਚ ਧਿਰ ਦੋਮ ਨੂੰ ਵਾਰ-ਵਾਰ ਸੰਮਨ ਜਾਰੀ ਕਰਨ ਦੇ ਬਾਵਜੂਦ ਕੋਈ ਹਾਜ਼ਰ ਅਦਾਲਤ ਨਹੀਂ ਆ ਰਿਹਾ ਹੈ। ਇਸ ਲਈ ਅਖ਼ਬਾਰ ਨੋਟਿਸ ਰਾਹੀਂ ਉਕਤ ਧਿਰ ਦੋਮ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਪਟੀਸ਼ਨ ਵਿਚ ਦੱਸਿਆ ਗਿਆ ਰਕਬਾ ਪਿੰਡ ਕਪੂਰਥਲਾ ਗਰਬੀ, ਹੱਦਬਸਤ ਨੰਬਰ 134, ਖਾਤਾ ਨੰਬਰ 1408/2039, ਖਸਰਾ ਨੰਬਰ 10125/2341 (0-19), 10118/2340 (0-1) ਕੁੱਲ ਰਕਬਾ 1 ਕਨਾਲ 0 ਮਰਲੇ ਦਾ 1/2 ਹਿੱਸਾ 0 ਕਨਾਲ 10 ਮਰਲੇ ਵਿਚ ਬਣੇ ਮਕਾਨ ਲਈ ਆਪ ਖੁਦ ਜਾਂ ਆਪਣੇ ਵਕੀਲ ਰਾਹੀਂ ਇਸ ਅਦਾਲਤ ਵਿਚ ਮਿਤੀ 05/03/2026 ਨੂੰ ਸਵੇਰੇ 10:00 ਵਜੇ ਹਾਜ਼ਰ ਆ ਕੇ ਕੇਸ ਦੀ ਪੈਰਵਾਈ ਕੀਤੀ ਜਾਵੇ। ਹਾਜ਼ਰ ਨਾ ਆਉਣ ਦੀ ਸੂਰਤ ਵਿਚ ਇਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਸਹੀ/-ਪ੍ਰੀਜ਼ਾਇਡਿੰਗ ਅਫਸਰ,ਮੇਨਟੇਨੈਂਸ ਐਂਡ ਵੈੱਲਫੇਅਰ ਟ੍ਰਿਬਿਊਨਲ, ਕਪੂਰਥਲਾ।
ਨੰਬਰ: 646/ਰੀਡਰ ਮਿਤੀ: 13/02/2026

## ਦਫਤਰ ਨਗਰ ਕੌਂਸਲ ਕਰਤਾਰਪੁਰ ਜ਼ਿਲ੍ਹਾ ਜਲੰਧਰ
## ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਤਨ ਸਿੰਘ (ਪੁੱਤਰ) ਵਾ ਅਜੀਤ ਸਿੰਘ (ਪੁੱਤਰ) ਵਾ (1) ਸੰਦੀਪ ਸਿੰਘ (ਪੁੱਤਰ), (ii) ਸੁਰਜੀਤ ਕੌਰ (ਪਤਨੀ) ਅਤੇ (iii) ਗੁਰਦੀਪ ਸਿੰਘ (ਪੁੱਤਰ) ਲੇਟ ਸੁਰਿੰਦਰ ਸਿੰਘ ਵਾ (1) ਅਮਨਦੀਪ ਕੌਰ (ਪੁੱਤਰੀ) (ii) ਗੁਰਪ੍ਰੀਤ ਸਿੰਘ (ਪੁੱਤਰ) ਲੇਟ ਕੁੰਦਨ ਸਿੰਘ ਪੁੱਤਰ ਲੇਟ ਧਰਮ ਸਿੰਘ ਵਾਸੀਆਨ ਮੁਹੱਲਾ ਇਮਲੀ ਵਾਲਾ ਕਰਤਾਰਪੁਰ ਜ਼ਿਲ੍ਹਾ ਜਲੰਧਰ ਵੱਲੋਂ ਲਿਖਤੀ ਬੇਨਤੀ ਕੀਤੀ ਹੈ ਕਿ ਦੁਕਾਨ-ਕਮ-ਮਕਾਨ ਯੂ.ਆਈ.ਡੀ. ਨੰਬਰ ਬੀ-05-0339 ਰਕਬਾ ਲੱਗਭਗ 4-1/2 ਮਰਲੇ (1222 ਵਰਗ ਫੁੱਟ) ਵਾਕਿਆ ਬਾਰਾਂਦਰੀ ਬਾਜ਼ਾਰ ਕਰਤਾਰਪੁਰ ਸਾਡੇ ਪਿਤਾ/ਸੋਹਰਾ/ਦਾਦਾ ਲੇਟ ਧਰਮ ਸਿੰਘ ਦੀ ਮਲਕੀਤੀ ਹੈ।ਬਿਨੈਕਾਰਾਂ ਨੇ ਆਪਣੇ ਹਲਫੀਆ ਬਿਆਨ ਪੱਤਰ, ਕੌਂਸਲਰ ਡਿੰਪਲ ਕਪੂਰ ਦਾ ਸਵੈ-ਘੋਸ਼ਣਾ ਪੱਤਰ, ਧਰਮ ਸਿੰਘ, ਪਿਆਰ ਕੌਰ, ਸੁਰਿੰਦਰ ਸਿੰਘ, ਸੁਖਵਿੰਦਰ ਕੌਰ ਅਤੇ ਕੁੰਦਨ ਸਿੰਘ ਦੇ ਮੌਤ ਦੇ ਸਰਟੀਫਿਕੇਟ ਦੀ ਕਾਪੀ, ਪੁਰਾਣੀ ਬੈਨਾਮਾ ਦੀ ਫੋਟੋ ਕਾਪੀ, ਆਧਾਰ ਕਾਰਡ ਦੀਆਂ ਕਾਪੀਆਂ ਨਾਲ ਨੱਥੀ ਕੀਤੀਆਂ ਗਈਆਂ ਹਨ।

ਬਿਨੈਕਾਰ ਨੇ ਹਲਫ਼ੀਆ ਬਿਆਨ ਪੱਤਰ ਦਿੱਤਾ ਹੈ ਕਿ ਰਤਨ ਸਿੰਘ (ਪੁੱਤਰ) ਵਾ ਅਜੀਤ ਸਿੰਘ (ਪੁੱਤਰ) ਵਾ (1) ਸੰਦੀਪ ਸਿੰਘ (ਪੁੱਤਰ), (ii) ਸੁਰਜੀਤ ਕੌਰ (ਪਤਨੀ) ਅਤੇ (iii) ਗੁਰਦੀਪ ਸਿੰਘ (ਪੁੱਤਰ) ਲੇਟ ਸੁਰਿੰਦਰ ਸਿੰਘ ਵਾ (1) ਅਮਨਦੀਪ ਕੌਰ (ਪੁੱਤਰੀ) (ii) ਗੁਰਪ੍ਰੀਤ ਸਿੰਘ (ਪੁੱਤਰ) ਲੇਟ ਕੁੰਦਨ ਸਿੰਘ ਪੁੱਤਰ ਲੇਟ ਧਰਮ ਸਿੰਘ ਤੋਂ ਇਲਾਵਾ ਉਕਤ ਪ੍ਰਾਪਰਟੀ ਦਾ ਹੋਰ ਕੋਈ ਵਾਰਸ ਨਹੀਂ ਹੈ।ਹੁਣ ਸਾਡੇ ਪਿਤਾ/ਦਾਦਾ/ਸੋਹਰਾ ਧਰਮ ਸਿੰਘ ਦੀ ਮੌਤ ਮਿਤੀ 16.10.2004 ਨੂੰ ਅਤੇ ਪਿਆਰ ਕੌਰ ਦੀ ਮੌਤ ਮਿਤੀ 17.11.2016 ਨੂੰ ਅਤੇ ਸੁਰਿੰਦਰ ਸਿੰਘ ਦੀ ਮੌਤ ਮਿਤੀ 19.12.2003 ਅਤੇ ਕੁੰਦਨ ਸਿੰਘ ਦੀ ਮੌਤ ਮਿਤੀ 01.03.2022 ਨੂੰ ਅਤੇ ਸੁਖਵਿੰਦਰ ਕੌਰ ਦੀ ਮੌਤ ਮਿਤੀ 24.03.2023 ਨੂੰ ਹੋ ਚੁੱਕੀ ਹੈ।ਬਿਨੈਕਾਰਾਂ ਨੇ ਹਲਫੀਆ ਬਿਆਨ ਪੱਤਰ ਰਾਹੀਂ ਬੇਨਤੀ ਕੀਤੀ ਹੈ ਕਿ ਉਕਤ ਪ੍ਰਾਪਰਟੀ ਨਗਰ ਕੌਂਸਲ ਦੇ ਰਿਕਾਰਡ ਵਿੱਚ ਧਰਮ ਸਿੰਘ ਦੇ ਉਪਰੋਕਤ ਦਰਸਾਏ ਵਾਰਸਾਂ ਦੇ ਨਾਵਾਂ 'ਤੇ ਬਰਾਬਰ- ਬਰਾਬਰ ਦਰਜ/ਟਰਾਂਸਫਰ ਕਰ ਦਿੱਤੀ ਜਾਵੇ ਅਤੇ ਨਗਰ ਕੌਂਸਲ ਦੇ ਰਿਕਾਰਡ ਵਿੱਚ ਦਰਜ ਕਰਨ ਲਈ ਕੌਂਸਲਰ ਡਿੰਪਲ ਕਪੂਰ ਨੇ ਵੀ ਸਵੈ-ਘੋਸ਼ਣਾ ਪੱਤਰ ਰਾਹੀਂ ਸਿਫਾਰਿਸ਼ ਕੀਤੀ ਹੈ।ਨਗਰ ਕੌਂਸਲ ਦੇ ਟੀ.ਐੱਸ.1 ਰਿਕਾਰਡ ਵਿੱਚ ਧਰਮ ਸਿੰਘ ਦੇ ਨਾਂਅ 'ਤੇ ਦਰਜ ਹੈ।

ਇਸ ਲਈ ਉਕਤ ਪ੍ਰਾਪਰਟੀ ਦਾ ਇੰਦਰਾਜ ਦਰਖਾਸਤ ਅਨੁਸਾਰ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿੱਚ ਪ੍ਰਾਪਰਟੀ ਟੈਕਸ ਮੰਤਵ ਲਈ ਰਤਨ ਸਿੰਘ (ਪੁੱਤਰ) ਵਾ ਅਜੀਤ ਸਿੰਘ (ਪੁੱਤਰ) ਲੇਟ ਧਰਮ ਸਿੰਘ ਵਾ (i) ਸੰਦੀਪ ਸਿੰਘ (ਪੁੱਤਰ), (ii) ਸੁਰਜੀਤ ਕੌਰ (ਪਤਨੀ) (iii) ਗੁਰਦੀਪ ਸਿੰਘ (ਪੁੱਤਰ) ਲੇਟ ਸੁਰਿੰਦਰ ਸਿੰਘ ਵਾ (1) ਅਮਨਦੀਪ ਕੌਰ (ਪੁੱਤਰੀ) (ii) ਗੁਰਪ੍ਰੀਤ ਸਿੰਘ (ਪੁੱਤਰ) ਲੇਟ ਕੁੰਦਨ ਸਿੰਘ ਦੇ ਨਾਂਵਾਂ 'ਤੇ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿੱਚ ਦਰਜ/ਟਰਾਂਸਫਰ ਕਰਨ ਲਈ 2 ਅਖ਼ਬਾਰਾਂ ਵਿੱਚ 30 ਦਿਨਾਂ ਦੇ ਅੰਦਰ-ਅੰਦਰ ਇਤਰਾਜ਼ ਲੈਣੇ ਜ਼ਰੂਰੀ ਹਨ।ਇਸ ਸਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫ਼ਤਰ ਵਿਖੇ ਲਿਖਤੀ ਤੌਰ 'ਤੇ ਕਰ ਸਕਦਾ ਹੈ।ਇਸ ਤੋਂ ਬਾਅਦ ਵਿੱਚ ਆਏ ਕਿਸੇ ਵੀ ਇਤਰਾਜ਼ 'ਤੇ ਵਿਚਾਰ/ਗੌਰ ਨਹੀਂ ਕੀਤਾ ਜਾਵੇਗਾ।

ਸਹੀ/-ਕਾਰਜ ਸਾਧਕ ਅਫਸਰ ਨਗਰ ਕੌਂਸਲ ਕਰਤਾਰਪੁਰ।

## PUBLIC NOTICE

Under the instruction of Jana Small Finance Bank Ltd Branch Hall Bazar Amritsar I hereby informed the It is brought to notice of general public that Sarabjit Kaur W/o Lakhwinder Singh. S/o Gurman Singh R/o Sultanwind Nagar Baba Budha Ji Avenue Punjab 143001 is Purchaser of property the detail as under :- Property bearing plot no. 6-A having measuring 50 feet 3 inch, West 50 feet 3 inch, North 45 feet & South 45 feet Total area 251.25 Sq yards bearing Khasra No. 578 Min situated in the area of Sultanwind Sub Urban tarf Mahal-II Abadi Baba Budha Ji Nagar Tehsil & District Amritsar and she purchased property from Amarjit Kaur W/o Dilbag Singh, she had lost her previous sale deed of 251.25 Sq yards was executed by Harpreet Kaur D/o Baldev Singh in favour of Baba Rani Khusra Devotee of Baba Iqbal Khusra vide Doc no. 6354 dated 10-11-2009 and regarding that lost Information report also given vide letter no. 683437/2026 dated 14-02-2026 has also been got registered in this respect. Anybody having claim or claiming any manner in this property or has raised loan by depositing the aforesaid document to any person/ bank/corporation/Financial institution may approach the undersigned and may submitted objections within 10 day from the date of this public notice. After the expiry of the period of this notice, no claim shall be entertained and such claim shall be deemed to be false fake frivolous fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Jana Small Finance Bank Ltd Branch Hall Bazar Amritsar.

**Harpal Singh Nijjar(Advocate)**
First Floor, Near Rishu Photo Studio
Kacheri Chownk, Amritsar.
Mobile No. 9815610005

## ਪਬਲਿਕ ਨੋਟਿਸ

ਦਫਤਰ ਸਬ ਰਜਿਸਟਰਾਰ, ਬਾਘਾ ਪੁਰਾਣਾ
ਨੋਟਿਸ ਬਨਾਮ ਆਮ ਜਨਤਾ

ਵਿਸ਼ਾ: ਵਸੀਅਤਨਾਮਾ ਇੰਡੀਅਨ ਰਜਿਸਟ੍ਰੇਸ਼ਨ ਐਕਟ 1908 ਦੀ ਧਾਰਾ 40-41 ਅਧੀਨ ਰਜਿਸਟਰਡ ਕਰਨ ਬਾਰੇ।

ਪੂਜਾ ਪਤਨੀ ਗੌਰਵ ਖੁਰਾਨਾ ਪੁੱਤਰ ਉਮ ਪ੍ਰਕਾਸ਼ ਵਾਸੀ ਬਾਘਾਪੁਰਾਣਾ ਤਹਿ: ਬਾਘਾਪੁਰਾਣਾ, ਜ਼ਿਲ੍ਹਾ ਮੋਗਾ।

ਉਪਰੋਕਤ ਵਿਸ਼ੇ ਸੰਬੰਧੀ ਪੂਜਾ ਪਤਨੀ ਗੌਰਵ ਖੁਰਾਨਾ ਪੁੱਤਰ ਉਮ ਪ੍ਰਕਾਸ਼ ਵਾਸੀ ਬਾਘਾਪੁਰਾਣਾ ਤਹਿ: ਬਾਘਾਪੁਰਾਣਾ ਜ਼ਿਲ੍ਹਾ ਮੋਗਾ ਨੇ ਇੱਕ ਵਸੀਅਤ ਮਿਤੀ 14/11/2024 ਨੂੰ ਆਪਣੇ ਪਤੀ ਗੌਰਵ ਖੁਰਾਨਾ ਦੇ ਨਾਂਅ 'ਤੇ ਕਰਵਾਈ ਸੀ। ਪੂਜਾ ਦੀ ਮੌਤ ਮਿਤੀ 21-02-2025 ਨੂੰ ਹੋ ਚੁੱਕੀ ਹੈ। ਉਕਤ ਵਸੀਅਤਨਾਮਾ ਜ਼ੇਰ ਧਾਰਾ 40-41 ਅਧੀਨ ਇੰਡੀਅਨ ਰਜਿਸਟ੍ਰੇਸ਼ਨ ਐਕਟ 1908 ਅਧੀਨ ਰਜਿਸਟਰਡ ਕਰਨ ਲਈ ਗੌਰਵ ਖੁਰਾਨਾ ਨੇ ਦਰਖਾਸਤ ਮਿਤੀ 17-02-2026 ਨਾਲ ਸ਼ਾਮਿਲ ਕਰਕੇ ਇਸ ਦਫਤਰ ਵਿਖੇ ਪੇਸ਼ ਕੀਤੀ ਹੈ।

ਉਕਤ ਵਸੀਅਤਨਾਮਾ ਰਜਿਸਟਰਡ ਹੋਣ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 30 ਦਿਨ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਦਫਤਰ ਹਾਜ਼ਰ ਆ ਕੇ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਇਤਰਾਜ਼, ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ। ਵਸੀਅਤਨਾਮਾ ਜ਼ੇਰ ਧਾਰਾ 40-41 ਆਫ ਦੀ ਇੰਡੀਅਨ ਰਜਿਸਟਰੇਸ਼ਨ ਐਕਟ 1908 ਅਧੀਨ ਰਜਿਸਟਰਡ ਕਰ ਦਿੱਤਾ ਜਾਵੇਗਾ।

ਸਹੀ/-ਸਬ-ਰਜਿਸਟਰਾਰ, ਬਾਘਾ ਪੁਰਾਣਾ।
275 ਨੰਬਰ/ਆਰ.ਸੀ ਮਿਤੀ : 17/2/2026

## ਸੰਬੰਧਤਾਂ ਦੀ ਜਾਣਕਾਰੀ ਹਿੱਤ

ਮੈਂ ਵਿਕਾਸ ਦੀਪ ਐਡਵੋਕੇਟ ਮੈਸਰਜ਼ ਕੰਬੀਟਿਕ ਗਲੋਬਲ ਕੇਪਲੈਟ ਪ੍ਰਾਈਵੇਟ ਲਿਮਟਿਡ ਦੀਆਂ ਹਦਾਇਤਾਂ ਆਮ ਜਨਤਾ ਦੇ ਧਿਆਨ 'ਚ ਲਿਆਉਂਦਾ ਹਾਂ ਕਿ ਜ਼ਮੀਨ ਪਿੰਡ ਚਾਹੜ ਮਾਜਰਾ ਬੰਸੇਪੁਰ ਅਤੇ ਤੀਜਾ ਨੇੜੇ ਪੀ ਸੀ ਏ ਸਟੇਡੀਅਮ ਪੀ ਆਰ 4 ਰੋਡ 'ਤੇ, ਨਿਊ ਚੰਡੀਗੜ੍ਹ, ਐੱਸ ਏ ਐੱਸ ਨਗਰ, ਪੰਜਾਬ, ਰਕਬਾ 7.39 ਏਕੜ ਅੰਬਿਕਾ ਰੀਅਲਕਾਨ ਬਿਲਡਰਜ਼ ਪ੍ਰਾਈਵੇਟ ਲਿਮਟਿਡ ਦੇ ਨਾਂਅ 'ਤੇ ਖਰੀਦੀ ਗਈ। ਹੁਕਮ ਮਿਤੀ 25/09/2025 ਮਾਣਯੋਗ ਹਾਈਕੋਰਟ ਦਿੱਲੀ ਵੱਲੋਂ ਓ ਐੱਮ ਪੀ (9) (ਕਾਮ) ਨੰ: 61/2025 'ਚ ਪਾਸ ਕੀਤਾ ਗਿਆ, ਜਿੱਥੇ ਮੇਰਾ ਮੁਵੱਕਲ ਇਸ ਜ਼ਮੀਨ 'ਚ 25.88% ਦਾ ਹਿੱਸੇਦਾਰ ਹੈ। ਇਸ ਲਈ ਆਮ ਜਨਤਾ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਦੱਸੀ ਜ਼ਮੀਨ 'ਤੇ ਕਿਸੇ ਵੀ ਲੈਣ-ਦੇਣ 'ਚ ਸ਼ਾਮਲ ਹੋਣ ਤੋਂ ਗੁਰੇਜ਼ ਕੀਤਾ ਜਾਵੇ। ਜੇਕਰ ਜ਼ਮੀਨ 'ਤੇ ਅਜਿਹਾ ਕੋਈ ਲੈਣ-ਦੇਣ ਕੀਤਾ ਜਾਂਦਾ ਹੈ, ਉਸ ਨੂੰ ਰੱਦ ਅਤੇ ਗੈਰ-ਕਾਨੂੰਨੀ ਮੰਨਿਆ ਜਾਵੇਗਾ।

ਕਿਸੇ ਵੀ ਜਾਣਕਾਰੀ ਜਾਂ ਪੁੱਛਗਿੱਛ ਲਈ ਕ੍ਰਿਪਾ ਕਰਕੇ ਸਾਡੇ ਦਫ਼ਤਰ ਵਿਖੇ ਵਿਕਾਸ ਦੀਪ ਐਡਵੋਕੇਟ, ਐੱਫ ਯੂ-30, ਦੂਜੀ ਮੰਜ਼ਲ, ਪੀਤਮਪੁਰਾ, ਦਿੱਲੀ-110034 ਜਾਂ e-mail at lawvikas99@gmail.com 'ਤੇ ਈਮੇਲ ਰਾਹੀਂ ਸੰਪਰਕ ਕੀਤਾ ਜਾਵੇ

ਵਿਕਾਸ ਦੀਪ (ਐਡਵੋਕੇਟ)
ਦਫ਼ਤਰ : ਐੱਫ ਯੂ-30, ਦੂਜੀ ਮੰਜ਼ਲ ਪੀਤਮਪੁਰਾ, ਦਿੱਲੀ-110034

## ਜਨਤਕ ਨੋਟਿਸ

ਕੇਂਦਰੀ ਸਰਕਾਰ ਕੰਪਨੀਆਂ ਦੇ ਰਜਿਸਟਰਾਰ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਸਨਮੁੱਖ ਸੀਮਤ ਦੇਣਦਾਰੀ ਭਾਈਵਾਲੀ ਐਕਟ, 2008 ਦੀ ਧਾਰਾ 13 ਦੀ ਉਪ-ਧਾਰਾ (3) ਅਤੇ ਸੀਮਤ ਦੇਣਦਾਰੀ ਭਾਈਵਾਲੀ ਨਿਯਮਾਂ, 2009 ਦੇ ਨਿਯਮ 17 ਦੇ ਮਾਮਲੇ ਵਿੱਚ

ਅਤੇ

ਯਸ਼ੋਧਾ ਆਟੋਮੋਟਿਵ ਐੱਲ ਐੱਲ ਪੀ
(ਐੱਲ ਐੱਲ ਪੀ ਆਈ ਐੱਨ: ਏ ਸੀ ਐੱਚ-7503)

ਦੇ ਮਾਮਲੇ ਵਿੱਚ, ਜਿਸ ਦਾ ਰਜਿਸਟਰਡ ਦਫ਼ਤਰ ਕੇ ਐੱਚ ਨੰਬਰ : 19632/9917 ਈ ਟੀ ਸੀ, ਸੁਚੀ ਪਿੰਡ, ਜਲੰਧਰ, ਇੰਡਸਟਰੀਅਲ ਟਾਊਨ, ਜਲੰਧਰ, ਪੰਜਾਬ, ਭਾਰਤ, 144004 ਵਿਖੇ। .....ਪਟੀਸ਼ਨਕਰਤਾ

ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਯਸ਼ੋਧਾ ਆਟੋਮੋਟਿਵ ਐੱਲ ਐੱਲ ਪੀ, ਸੀਮਤ ਦੇਣਦਾਰੀ ਭਾਈਵਾਲੀ ਐਕਟ, 2008 ਦੀ ਧਾਰਾ 13 (3) ਦੇ ਤਹਿਤ ਰਜਿਸਟਰਾਰ ਆਫ ਕੰਪਨੀਆਂ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਨੂੰ ਇੱਕ ਅਰਜ਼ੀ ਦੇਣ ਦਾ ਪ੍ਰਸਤਾਵ ਰੱਖਦੀ ਹੈ, ਜਿਸ ਵਿੱਚ ਆਪਣੇ ਰਜਿਸਟਰਡ ਦਫ਼ਤਰ ਨੂੰ "ਪੰਜਾਬ ਰਾਜ" ਤੋਂ "ਹਰਿਆਣਾ ਰਾਜ" ਵਿੱਚ ਬਦਲਣ ਦੀ ਇਜਾਜ਼ਤ ਮੰਗੀ ਜਾਂਦੀ ਹੈ।

ਕੋਈ ਵੀ ਵਿਅਕਤੀ, ਜਿਸ ਦਾ ਹਿੱਤ ਐੱਲ ਐੱਲ ਪੀ ਦੇ ਰਜਿਸਟਰਡ ਦਫ਼ਤਰ ਦੇ ਪ੍ਰਸਤਾਵਿਤ ਬਦਲਾਅ ਨਾਲ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ, ਉਹ ਨਿਵੇਸ਼ਕ ਸ਼ਿਕਾਇਤ ਫਾਰਮ ਭਰ ਕੇ ਐੱਮ ਸੀ ਏ-21 ਪੋਰਟਲ 'ਤੇ (www.mca.gov.in) 'ਤੇ ਜਾਂ ਤਾਂ ਜਮ੍ਹਾਂ ਕਰਵਾ ਸਕਦਾ ਹੈ ਜਾਂ ਰਜਿਸਟਰਡ ਡਾਕ ਰਾਹੀਂ ਆਪਣੇ ਇਤਰਾਜ਼ਾਂ ਨੂੰ ਰਜਿਸਟਰਡ ਡਾਕ ਰਾਹੀਂ ਭੇਜ ਸਕਦਾ ਹੈ, ਜਿਸ ਵਿੱਚ ਉਸ ਦੀ ਦਿਲਚਸਪੀ ਅਤੇ ਵਿਰੋਧ ਦੇ ਆਧਾਰਾਂ ਨੂੰ ਦਰਸਾਉਂਦੇ ਹੋਏ ਇੱਕ ਹਲਫੀਆ ਬਿਆਨ ਸ਼ਾਮਲ ਹੋਵੇ, ਜਿਸ ਵਿੱਚ ਰਜਿਸਟਰਾਰ ਆਫ਼ ਕੰਪਨੀਆਂ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਨੂੰ ਪਹਿਲੀ ਮੰਜ਼ਿਲ, ਕਾਰਪੋਰੇਟ ਭਵਨ, ਪਲਾਟ ਨੰਬਰ 4-ਬੀ, ਸੈਕਟਰ 27ਬੀ, ਪਿੰਨ-160019, ਚੰਡੀਗੜ੍ਹ ਵਿਖੇ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ ਇੱਕੀ ਦਿਨਾਂ ਦੇ ਅੰਦਰ-ਅੰਦਰ ਇੱਕ ਕਾਪੀ ਦੇ ਨਾਲ ਬਿਨੈਕਾਰ ਐੱਲ ਐੱਲ ਪੀ ਨੂੰ ਹੇਠਾਂ ਦਿੱਤੇ ਪਤੇ 'ਤੇ ਇਸ ਦੇ ਰਜਿਸਟਰਡ ਦਫ਼ਤਰ ਵਿੱਚ ਭੇਜ ਸਕਦਾ ਹੈ :-

ਕੇ ਐੱਚ ਨੰਬਰ. 19632/9917 ਈ.ਟੀ.ਸੀ., ਸੁਚੀ ਪਿੰਡ, ਜਲੰਧਰ, ਇੰਡਸਟਰੀਅਲ ਟਾਊਨ, ਜਲੰਧਰ, ਪੰਜਾਬ, ਭਾਰਤ, 144004

ਪਟੀਸ਼ਨਕਰਤਾ ਲਈ ਅਤੇ ਉਨ੍ਹਾਂ ਵੱਲੋਂ ਯਸ਼ੋਧਾ ਆਟੋਮੋਟਿਵ ਐੱਲ.ਐੱਲ.ਪੀ.
ਸਹੀ/-
ਗੁਰਦੀਪ ਸਿੰਘ ਬੱਤਰਾ
ਮਨੋਨੀਤ ਭਾਈਵਾਲ
ਡੀ.ਪੀ.ਆਈ.ਐੱਨ: 02921991
ਮਿਤੀ: 19.02.2026 । ਸਥਾਨ: ਜਲੰਧਰ

## PUBLIC NOTICE

(U/o 5 Rule 20 CPC)
In The Court of Ms. Geeta Rani Additional Civil Judge (Senior Division), Phul
CNR No. PBBTB0-000369-2025
Next Date:- 07-03-2026

Harmanpreet Kaur
Vs.
Anmolpreet Singh Virk

Publication Issued To:
1. Anmolpreet Singh Virk S/o Sukhmandar Singh Virk
2. Paramjit Kaur W/o Sukhmandar Singh Virk
3. Sukhmandar Singh. All R/o Village Singhwala, Near Petrol Pump, GT. Road, Tehsil and Distt. Moga

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 07-03-2026 at 10:00 a.m.

For details logon to https://highcourtchd.gov.in/?mod=district_notice&district=Bathinda

Additional Civil Judge (Senior Division) Phul
Dated, this day of 18-02-2026

## ਦਫਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ
## ਜ਼ਿਲ੍ਹਾ ਕੋਰਟ ਕੰਪਲੈਕਸ, ਅੰਮ੍ਰਿਤਸਰ

Phone No. 0183-2220205 Toll Free No. NALSA/PULSA -15100
Email: disa.asr@punjab.gov.in

Advertisement No. 07. Dated: 19.02.2026

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅੰਮ੍ਰਿਤਸਰ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੈਰਾ ਲੀਗਲ ਵਲੰਟੀਅਰਜ਼ ਦੀ ਭਰਤੀ ਕੀਤੀ ਜਾਣੀ ਹੈ। ਅਰਜ਼ੀ ਦੇਣ ਦੀ ਆਖਰੀ ਮਿਤੀ 05.03.2026 ਹੈ। ਇਸ ਸੰਬੰਧੀ ਵਧੇਰੇ ਜਾਣਕਾਰੀ ਅਤੇ ਫਾਰਮ ਵੈੱਬਸਾਈਟ https://amritsar.dcourts.gov.in 'ਤੇ ਉਪਲਬਧ ਹੈ। ਇੰਟਰਵਿਊ ਮਿਤੀ 09.03.2026 ਨੂੰ ਏ.ਡੀ.ਆਰ ਸੈਂਟਰ, ਅੰਮ੍ਰਿਤਸਰ ਦੇ ਕਾਨਫਰੰਸ ਹਾਲ ਵਿਖੇ ਸਵੇਰੇ 11.00 ਵਜੇ ਲਈ ਜਾਵੇਗੀ।

ਸਹੀ/-ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਸਹਿਤ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅੰਮ੍ਰਿਤਸਰ।

## MGN PUBLIC SCHOOL ADARSH NAGAR JALANDHAR

0181-2254463,64

Invites Sealed Tender for the following items :-

1. Desktops Dell i5 8 GB 256 GB SSD with 24" LED, K/B and Mouse. (18)
2. Server for Tally. (1)
3. Dell Desktops I 7 16 GB 1tb SSD (without LED). (02)
4. Dell Laptops i5 8 GB 512 GB SSD ( 10),
5. Dell Laptops i7 16 GB 1tb SSD. (02)
6. CP Plus CCTV IP Bullet, IP Dome, NVR 16ch, HDD.
50 Dome 7 NVR, 30 Bullet 7 HDD 2TB, 18 Very Focal 1 ANPR
7. CP Plus POE 8 port and 16 port Giga.
15 POE 8 Port 06 POE 16 Port
8. TP Link Wi-Fi router outdoor. (35) 9.HP Printer LaserJet Pro MFP M126nw (4)
10. SSD 256 GB WD/Seagate (10)

Authorized Dealer need to supply the item.
Qty. may change at the time of actual purchase.
Authorized Dealer need to Supply the quotation by 24-02-2026 Principal

## POLICE DAV PUBLIC SCHOOL

PAP CAMPUS, JALANDHAR CANTT. PH:7087956715
E-mail: papdavjl@yahoo.co.in www.policedavjal.in
(CO-EDUCATIONAL ENGLISH MEDIUM SCHOOL) MANAGED BY DAV COLLEGE MANAGING COMMITTEE, NEW DELHI
(AFFILIATED TO CBSE, NEW DELHI. VIDE NO. 1630154)

### TENDER FOR BOOK SHOP (2026-2027)

Sealed tender are invited for running Book Shop in the School premises. The school has 4700 students. Prescribed proforma is available from the school office on payment of Rs. 500/-. The undersigned reserves the right to reject any or all the tenders without assigning any reason.

Principal
7087956715

## ਪੰਜਾਬ ਨੈਸ਼ਨਲ ਬੈਂਕ punjab national bank

ਬਰਾਂਚ : ਨਕੋਦਰ ਰੋਡ, (351200), ਜਲੰਧਰ-144001

### ਸਾਡੀ ਬਰਾਂਚ ਵਿਖੇ ਲਾਕਰਾਂ ਦੇ ਕਿਰਾਏ 'ਚ ਬਕਾਇਆ ਲਈ ਨੋਟਿਸ

ਪੰਜਾਬ ਨੈਸ਼ਨਲ ਬੈਂਕ, ਬਰਾਂਚ ਦਫਤਰ : ਨਕੋਦਰ ਰੋਡ, (351200), ਜਲੰਧਰ ਨੇ ਹੇਠਾਂ ਸਾਰਣੀ 'ਚ ਦਰਸਾਏ ਲਾਕਰ ਕਿਰਾਏ 'ਤੇ ਲੈਣ ਵਾਲਿਆਂ ਨੂੰ ਸੇਫ ਡਿਪਾਜ਼ਟ ਵੈਲਟਸ (ਲਾਕਰਜ਼) ਕਿਰਾਏ 'ਤੇ ਦਿੱਤੇ ਸਨ। ਲਾਕਰ ਧਾਰਕਾਂ ਨੇ 3 ਸਾਲ ਤੋਂ ਵੱਧ ਸਮੇਂ ਤੋਂ ਲਾਕਰਾਂ ਦਾ ਕਿਰਾਇਆ ਅਦਾ ਨਹੀਂ ਕੀਤਾ। ਉਨ੍ਹਾਂ ਦੇ ਕਿਰਾਏ ਦਾ ਬਕਾਇਆ ਹੇਠਾਂ ਦਰਸਾਈ ਸਾਰਣੀ 'ਚ ਦਰਸਾਇਆ ਗਿਆ ਹੈ। ਬੈਂਕ ਨੇ ਲਾਕਰ ਕਿਰਾਏ 'ਤੇ ਲੈਣ ਵਾਲੇ ਸੰਬੰਧਤਾਂ ਨੂੰ ਲਾਕਰਾਂ ਦੇ ਬਕਾਇਆ ਕਿਰਾਏ ਲਈ ਤਿੰਨ ਨੋਟਿਸ ਜਾਰੀ ਕੀਤੇ ਸਨ, ਪਰ ਅਜੇ ਤੱਕ ਕੋਈ ਕਿਰਾਇਆ ਜਮ੍ਹਾਂ ਨਹੀਂ ਹੋਇਆ।

| SR NO. | LOCKER NO. | ਨਾਂਅ | ਬਰਾਂਚ |
|---|---|---|---|
| 1 | AA33M1 | ਰਿਸ਼ਬ ਜੈਨ ਅਤੇ ਰੇਨੂੰ ਜੈਨ | ਨਕੋਦਰ ਰੋਡ |
| 2 | AB00004 | ਸੁਖਬੀਰ ਕੌਰ ਅਤੇ ਸੰਤੋਖ ਸਿੰਘ | ਨਕੋਦਰ ਰੋਡ |
| 3 | BB138M1 | ਅਮਰਜੀਤ ਸਿੰਘ | ਨਕੋਦਰ ਰੋਡ |

ਇਹ ਨੋਟਿਸ ਉਨ੍ਹਾਂ ਲਾਕਰ ਧਾਰਕਾਂ ਨੂੰ ਜਾਰੀ ਕੀਤਾ ਜਾਂਦਾ ਹੈ, ਜਿਨ੍ਹਾਂ ਉੱਪਰ ਦਰਸਾਏ ਲਾਕਰਾਂ ਦੇ ਕਿਰਾਏ ਅਜੇ ਤੱਕ ਅਦਾ ਨਹੀਂ ਕੀਤੇ ਕਿ ਜੇਕਰ ਬੈਂਕ ਨੂੰ ਉਨ੍ਹਾਂ ਦੇ ਕਿਰਾਏ ਤਿੰਨ ਮਹੀਨਿਆਂ ਦੇ ਵਿੱਚ-ਵਿੱਚ ਅਦਾ ਨਹੀਂ ਕੀਤੇ ਜਾਂਦੇ ਤਾਂ ਕਿਰਾਇਆ ਡੀਡ ਦੀ ਕਲਾਜ਼ ਨੰ. 9 ਤਹਿਤ ਬੈਂਕ ਸੰਬੰਧਤ ਲਾਕਰ ਧਾਰਕਾਂ ਦੇ ਲਾਕਰ ਉਨ੍ਹਾਂ ਦੇ ਜੋਖਮ ਅਤੇ ਲਾਗਤ ਦੇ ਖੋਲ੍ਹ ਦਿੱਤੇ ਜਾਣਗੇ ਅਤੇ ਬੈਂਕ ਇਸ ਦੇ ਕਿਸੇ ਇੱਕ ਹਿੱਸੇ ਜਾਂ ਸਮੁੱਚੀ ਸਮੱਗਰੀ ਦੀ ਜਨਤਕ ਜਾਂ ਨਿੱਜੀ ਵਿਕਰੀ ਦੁਆਰਾ ਇਸ ਦੀ ਅਦਾਇਗੀ ਨੂੰ ਪ੍ਰਾਪਤ ਕਰ ਸਕਦਾ ਹੈ। ਲਾਕਰ ਧਾਰਕ ਵੱਲੋਂ ਬੈਂਕ ਦੇ ਬਕਾਏ ਦੇ ਸੰਤੁਸ਼ਟ ਕਰਨ ਤੋਂ ਬਾਅਦ ਲਾਕਰ ਦੀ ਕੋਈ ਵੀ ਰਕਮ ਅਤੇ ਸਮੱਗਰੀ ਜੋ ਬਾਕੀ ਬਚੀ ਹੈ, ਲਾਕਰ ਕਿਰਾਏ ਦੇ ਲੈਣ-ਦੇਣ ਦੇ ਪੂਰੇ ਜੋਖਮ 'ਤੇ ਪੂਰੀ ਜ਼ਿੰਮੇਵਾਰੀ ਅਤੇ ਲਾਗਤ 'ਤੇ ਬੈਂਕ ਦੁਆਰਾ ਰੱਖੀ ਜਾਵੇਗੀ। ਜੇਕਰ ਬੈਂਕ ਨੂੰ ਅਜਿਹੀ ਵਿਕਰੀ ਕਰਨ 'ਤੇ ਅਦਾਇਗੀ ਨਾਕਾਫੀ ਹੋਵੇਗੀ ਤਾਂ ਲਾਕਰ ਧਾਰਕ ਇਸ ਘਾਟ ਲਈ ਜ਼ਿੰਮੇਵਾਰ ਹੋਵੇਗਾ।

ਮਿਤੀ : 20-02-2026 ਸਥਾਨ : ਜਲੰਧਰ ਪੰਜਾਬ ਨੈਸ਼ਨਲ ਬੈਂਕ

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫਸਰ ਕਮ- ਸਹਾਇਕ, ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼ ਜਲੰਧਰ

ਕੇਸ ਨੰ: 674 / ਐੱਫ ਟੀ ਸੀ / ਐਨ ਆਰ ਆਈਜ਼
ਕੇਸ ਅਨੁਵਾਨ :- Mota Singh Versus Harjit Singh and others
ਖੇਵਟ :- 198/174, 244/218, 256/230, 259/233, 272/246
ਵਾਕਿਆ ਰਕਬਾ : Village Kartarpur-3, Tehsil Jalandhar-II, (Kartarpur), Distt. Jalandhar

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Mota Singh Son of Malkiat Singh son of Munsha Singh Resident of Kahlon Farm, Kishangarh Road, Village Cheema, Kartarpur, PO Kartarpur, District Jalandhar presently residing At 67, Babbacombe Gardens, IG4 5LZ, United Kingdom. Applicant

ਨੋਟਿਸ ਬਨਾਮ

1. Harjit Singh Son of Malkiat Singh Son of Munsha Singh 2. Sohan Singh son of Darshan Singh Son of Chanan Singh 3. Gurmeet Singh son of Sadhu Singh son of Harnam singh 4. Boota Singh Son of Joginder Singh Son of Ram Singh 5. Karamjit Singh son of Harjit Singh Son of Malkiat Singh 6. Baltej Singh Son of Harjit Singh Son of Malkiat Singh 7. Tarlok Singh son of Didar Singh Son of Narain Singh 8. Joginder singh son of Didar Singh Son of Narain Singh 9. Dalvir Singh son of Bhajan Singh Son of Bir Singh 10. Sukhvir Singh son of Bhajan Singh Son of Bir Singh 11. Harjit Singh son of Dalvir Singh son of Mehnga Singh 12. Harnek Singh son of Dalvir Singh son of Mehnga Singh 13. Tirth Singh son of Joginder singh Son of Mehnga Singh 14. Gurpreet Singh Son of Joginder Singh Son of Mehnga Singh 15. Balkar Singh son of Faqir Singh son of Mehnga Singh, 16. Jagtar Singh Son of Faqir Singh son of Mehnga Singh 17. Balbir Singh Son of Harbans Singh Son of Teja Singh 18. Gurdeep Singh Son Harbans Singh son of Teja Singh. All Residents of Village Kartarpur-3, Tehsil Jalandhar-II, (Kartarpur), Distt Jalandhar. Respondents

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮਿਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 27.2.2026 ਨੂੰ ਦੁਪਹਿਰ 02.00 ਵਜੇ ਦੀ ਤਾਰੀਖ ਪੇਸ਼ੀ ਨਿਯੁਕਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇਕਤਰਫ਼ਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 16.2.26 ਨੂੰ ਮੇਰੇ ਦਸਤਖਤ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-ਜ਼ਿਲ੍ਹਾ ਮਾਲ ਅਫਸਰ ਕਮ- ਸਹਾਇਕ, ਕੁਲੈਕਟਰ ਦਰਜ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼ ਜਲੰਧਰ।
ਨੰਬਰ : 70 ਰੀਡਰ / ਡੀ.ਆਰ /ਓ ਮਿਤੀ 18 /2/26

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫਸਰ ਕਮ- ਸਹਾਇਕ, ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼ ਜਲੰਧਰ।

ਕੇਸ ਨੰ: 667 / ਐੱਫ ਟੀ ਸੀ / ਐਨ ਆਰ ਆਈਜ਼ ਕੇਸ ਅਨੁਮਾਨ :- Nirmal Singh Versus Nirmal Kaur and others
ਖੇਵਟ:- 682/674, 683/675, 684/676
ਵਾਕਿਆ ਰਕਬਾ : Village Chitti, Tehsil Jalandhar-11, Distt. Jalandhar

ਇਹ ਨੋਟਿਸ ਰਾਹੀ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Nirmal Singh Son of Pal Singh son of Kehar Singh Resident of Village Chitti, Tehsil Jalandhar-11, District Jalandhar at present 4922-44-B, AVE DELRA BC CANADA, VHK-1J1 Applicant

ਨੋਟਿਸ ਬਨਾਮ

1. Nirmal Kaur wife of Mohan Singh son of Sadhu Singh, 2. Narinderjit Singh atwal Son of Mohan Singh son of sadhu Singh, 3. Sukhwinder Kaur wife of Ravinder Singh son of Mohan Singh, 4. Aman Singh Son of Ravinder Singh son of Mohan Singh, 5. Raman Kaur Daughter of Ravinder singh son of Mohan Singh, 6. Dalbir Singh son of Sadhu Singh, 7. Satnam Singh Son of Sucha Singh Son of Rattan Singh, 8. Davinder Singh Son of Sucha Singh Son of Rattan Singh , 9. Manjit Singh Son of Sucha Singh Son of Rattan Singh , 10. Makhan Singh Son of Sucha Singh Son of Rattan Singh, 11. Balihar Kaur wife of Prem Singh son of Sohan Singh , 12. Avtar Singh son of Gurmeet Singh son of Amar Singh, 13. Gurwinder Singh son of Gurmeet Singh son of Amar Singh, 14. Balbir Singh Son of Gurmeet Singh son of Amar Singh, 15. Karamjit Kaur d/o Sohan Singh son of Sadhu Singh, 16. Jagir Kaur D/o Sohan Singh son of Sadhu Singh, 17. Jaswinder Singh Son of Dhanna Singh son of Kehar Singh. All Residents of Village Chitti, Tehsil Jalandhar-II, Distt. Jalandhar. 18. Capital Small Finance Bank, Branch Boparai Kalan, Tehsil And District Jalandhar through its Manager.

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮਿਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 27.2.2026 ਨੂੰ ਦੁਪਹਿਰ 02.00 ਵਜੇ ਦੀ ਤਾਰੀਖ ਪੇਸ਼ੀ ਨਿਯੁਕਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇਕਤਰਫ਼ਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 18.2.26 ਨੂੰ ਮੇਰੇ ਦਸਤਖ਼ਤ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-ਜ਼ਿਲ੍ਹਾ ਮਾਲ ਅਫਸਰ ਕਮ- ਸਹਾਇਕ, ਕੁਲੈਕਟਰ ਦਰਜ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼ ਜਲੰਧਰ
ਨੰਬਰ : 71 ਰੀਡਰ / ਡੀ.ਆਰ /ਓ ਮਿਤੀ: 18/2/26

## Capital Small Finance Bank Ltd.

MIDAS Corporate Park, 3rd Floor, 37, G.T. Road, Jalandhar-144001, Punjab, India

### ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 28.01.2026 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਐੱਚ ਐੱਲ ਅਤੇ ਐੱਲ ਏ ਪੀ 'ਚ ਕਰਜ਼ਦਾਰ) : ਸ੍ਰੀ ਦੀਪ ਨਰਾਇਣ ਪੁੱਤਰ ਬੋਕੂ ਪ੍ਰਸਾਦ, ਵਾਸੀ ਗਲੀ ਨੰ. 3, ਰਾਧਾ ਵਿਹਾਰ ਕਲੋਨੀ, ਭਾਮੀਆਂ ਕਲਾਂ, ਲੁਧਿਆਣਾ, ਪੰਜਾਬ-141015
2. (ਐੱਚ ਐੱਲ ਅਤੇ ਐੱਲ ਏ ਪੀ 'ਚ ਕਰਜ਼ਦਾਰ) : ਸ੍ਰੀ ਅਰੁਣ ਤਿਵਾੜੀ ਪੁੱਤਰ ਮਹੇਂਦਰ ਤਿਵਾੜੀ, ਵਾਸੀ ਵਾਰਡ ਨੰ. 7, ਪੂਬਰੀ ਟੋਲਾ, ਮਹੇਸ਼ਖੁੰਟ, ਖਗੜੀਆ, ਬਿਹਾਰ-851213
3. (ਐੱਚ ਐੱਲ ਅਤੇ ਐੱਲ ਏ ਪੀ 'ਚ ਕਰਜ਼ਦਾਰ) : ਸ੍ਰੀਮਤੀ ਨਿਸ਼ਾ ਦੇਵੀ ਪਤਨੀ ਦੀਪ ਨਰਾਇਣ, ਵਾਸੀ ਮਕਾਨ ਨੰ. 5, ਗਲੀ ਨੰ. 3, ਰਾਧਾ ਵਿਹਾਰ ਕਲੋਨੀ, ਭਾਮੀਆਂ ਕਲਾਂ, ਲੁਧਿਆਣਾ, ਪੰਜਾਬ-141015
4. (ਐੱਚ ਐੱਲ 'ਚ ਗਰੰਟਰ) : ਸ੍ਰੀ ਬਬਲੂ ਯਾਦਵ ਪੁੱਤਰ ਰਾਮ ਪ੍ਰਸਾਦ ਯਾਦਵ, ਮਦਨ ਕਾ ਵਿਹੜਾ, ਦੁਰਗਾ ਕਲੋਨੀ, ਫੇਜ਼-7, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010
5. (ਐੱਚ ਐੱਲ 'ਚ ਗਰੰਟਰ) : ਸ੍ਰੀ ਪਲਵਿੰਦਰ ਸਿੰਘ ਪੁੱਤਰ ਸੋਹਨ ਸਿੰਘ ਵਾਸੀ ਮਕਾਨ ਨੰ. 57, ਗਲੀ ਨੰ. 1, ਭਾਮੀਆਂ ਰੋਡ ਐੱਮ ਜੀ ਸਿੱਟੀ, ਭਾਮੀਆਂ ਕਲਾਂ, ਲੁਧਿਆਣਾ, ਪੰਜਾਬ-141015

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.02.2026 ਤੋਂ ਬਿਨਾਂ ਵਿਆਜ) |
|---|---|---|
| HL/071611000105<br>LAP/071602000236 | Rs. 15,00,000/-<br>Rs. 7,00,000/- | Rs. 14,03,718.23<br>Rs. 6,75,809.06 |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਰਹਿਣਨਾਮਾ : ਬੈਨਾਮਾ ਦਸਤਾਵੇਜ਼ ਨੰ. 2022/23/106/1/180 ਮਿਤੀ 05.04.2022 ਅਨੁਸਾਰ ਸ੍ਰੀ ਅਰੁਣ ਤਿਵਾੜੀ ਪੁੱਤਰ ਮਹੇਂਦਰ ਤਿਵਾੜੀ ਅਤੇ ਸ੍ਰੀਮਤੀ ਨਿਸ਼ਾ ਦੇਵੀ ਪਤਨੀ ਦੀਪ ਨਰਾਇਣ ਦੀ ਮਲਕੀਅਤ ਜਾਇਦਾਦ ਰਕਬਾ 100 ਵਰਗ ਗਜ਼, ਪਲਾਟ ਨੰ. 152 ਵਿਖੇ ਸਥਿਤ ਭਾਮੀਆਂ ਕਲਾਂ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਹੱਦਬਸਤ ਨੰ. 181 ਨਾਲ ਸੰਬੰਧਤ ਸਭ ਕੁੱਝ।
ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 5738 ਮਿਤੀ 18.06.2013 ਅਨੁਸਾਰ ਸ੍ਰੀਮਤੀ ਨਿਸ਼ਾ ਦੇਵੀ ਪਤਨੀ ਦੀਪ ਨਰਾਇਣ ਦੀ ਮਲਕੀਅਤ ਜਾਇਦਾਦ ਰਕਬਾ 25 ਵਰਗ ਗਜ਼, ਭਾਮੀਆਂ ਕਲਾਂ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਹੱਦਬਸਤ ਨੰ. 181 ਨਾਲ ਸੰਬੰਧਤ ਸਭ ਕੁੱਝ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਮਿਲਰਗੰਜ, ਲੁਧਿਆਣਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ : -

(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 19.02.2026 ਅਧਿਕਾਰਤ ਅਫਸਰ

20-Feb-PAGE--8.qxd 2/19/2026 10:48 PM Page 1



# ਕਿਸਾਨ ਜਾਗਰੂਕਤਾ ਕੈਂਪ ਲਗਾਇਆ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਉੱਨਤ ਕ੍ਰਿਸ਼ੀ ਯੋਜਨਾ ਤਹਿਤ ਏ ਬੀ ਸ਼ੂਗਰ ਮਿੱਲ ਦੇ ਅਧੀਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਉਸਮਾਨ ਸ਼ਹੀਦ ਵਿਖੇ ਖ਼ੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀ ਗੰਨਾ ਸ਼ਾਖਾ ਵਲੋਂ ਡਾ: ਅਮਰੀਕ ਸਿੰਘ ਕੇਨ ਕਮਿਸ਼ਨਰ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਤੇ ਡਾ: ਮਨਦੀਪ ਸਿੰਘ ਪ੍ਰੋਜੈਕਟ ਅਫ਼ਸਰ ਜਲੰਧਰ ਪੰਜਾਬ ਦੀ ਯੋਗ ਅਗਵਾਈ ਹੇਠ ਦੋ ਰੋਜ਼ਾ ਕਿਸਾਨ ਜਾਗਰੂਕਤਾ ਕੈਂਪ/ਟ੍ਰੇਨਿੰਗ ਲਗਾਈ ਗਈ। ਡਾ: ਗੁਰਚਰਨ ਸਿੰਘ ਸਹਾਇਕ ਗੰਨਾ ਵਿਕਾਸ ਅਫ਼ਸਰ ਜਲੰਧਰ, ਡਾ: ਗੁਲਜ਼ਾਰ ਸਿੰਘ ਸੰਘੇੜਾ ਡਾਇਰੈਕਟਰ ਗੰਨਾ ਖੋਜ ਕੇਂਦਰ ਕਪੂਰਥਲਾ, ਡਾ. ਰਕੇਸ਼ ਕੁਮਾਰ ਕੀਟ ਵਿਗਿਆਨੀ, ਡਾ: ਚਰਨਜੀਤ ਕੌਰ ਫਸਲ ਵਿਗਿਆਨੀ, ਡਾ: ਇੰਦਰਾ ਦੇਵੀ ਫਾਰਮ ਸਲਾਹਕਾਰ ਕੇਂਦਰ ਗੰਗੀਆਂ ਨੇ ਗੰਨੇ ਦੀਆਂ ਕਾਸ਼ਤਕਾਰੀ ਤਕਨੀਕਾਂ, ਕੀੜੇ-ਮਕੌੜੇ ਦੀ ਰੋਕਥਾਮ, ਰੋਗ ਪ੍ਰਬੰਧਨ, ਗੰਨੇ ਦੀ ਅੰਤਰ-ਫਸਲੀ, ਕਿਸਾਨਾਂ ਦੀ ਭਲਾਈ ਲਈ ਵੱਖ-ਵੱਖ ਸਰਕਾਰੀ ਸਕੀਮਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾਕਟਰ ਗੁਰਚਰਨ ਸਿੰਘ ਨੇ ਕਿਹਾ ਕਿ ਕ੍ਰਿਸ਼ੀ ਉੱਨਤੀ ਯੋਜਨਾ ਦੇ ਤਹਿਤ ਕੇਂਦਰੀ ਪ੍ਰਯੋਜਿਤ ਰਾਸ਼ਟਰੀ ਖੁਰਾਕ ਸੁਰੱਖਿਆ ਤੇ ਪੋਸ਼ਣ ਮਿਸ਼ਨ ਤਹਿਤ ਪੰਜਾਬ ਸਰਕਾਰ ਵਲੋਂ ਗੰਨੇ ਦੀ ਪ੍ਰਤੀ ਹੈਕਟੇਅਰ ਪੈਦਾਵਾਰ ਵਧਾ ਕੇ ਆਮਦਨ ਵਧਾਉਣ ਲਈ ਪੰਜਾਬ ਵਿੱਚ ਗੰਨੇ ਦੀ ਫ਼ਸਲ ਵਿਚ ਅੰਤਰ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਪ੍ਰਦਰਸ਼ਨੀ ਪਲਾਟ ਲਗਾਏ ਜਾ ਰਹੇ ਹਨ ਤਾਂ ਜੋ ਗੰਨਾ ਕਾਸ਼ਤਕਾਰਾਂ ਦੀ ਆਰਥਿਕਤਾ ਮਜ਼ਬੂਤ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਗੰਨੇ ਦੀ ਪ੍ਰਤੀ ਹੈਕਟੇਅਰ ਉਤਪਾਦਕਤਾ ਵਧਾਉਣ ਲਈ ਬਿਜਾਈ ਦੀ ਚੌੜੀ ਵਿੱਥ ਵਿਧੀ, ਅੰਤਰ ਫ਼ਸਲਾਂ ਅਤੇ ਮਲਚਿੰਗ ਤਕਨੀਕ ਵਰਤ ਕੇ ਪ੍ਰਦਰਸ਼ਨੀ ਪਲਾਟ ਅਤੇ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਜਰਨਲ ਮੈਨੇਜਰ ਏ ਬੀ ਸ਼ੂਗਰ ਮਿੱਲ ਦਸੂਹਾ ਪੰਕਜ ਸਿੰਘ ਨੇ ਦੱਸਿਆ ਕਿ ਕਿਸਾਨਾਂ ਦੀ ਬਕਾਇਆ ਗੰਨੇ ਦੀ ਅਦਾਇਗੀ ਕਰ ਦਿੱਤੀ ਗਈ ਹੈ, ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਮਿਲ ਦੀ ਗੰਨਾ ਪੀੜਨ ਦੀ ਸਮਰੱਥਾ ਵਧਾਨ ਕਰਨ ਵੱਧ ਤੋਂ ਵੱਧ ਗੰਨੇ ਹੇਠ ਰਕਬਾ ਲਿਆਉਣ ਲਈ ਕਿਹਾ।

# ਅਧਿਆਪਕ ਜਥੇਬੰਦੀਆਂ ਵੱਲੋਂ ਟੈੱਟ ਦੀ ਪ੍ਰੀਖਿਆ ਖਿਲਾਫ਼ ਸੰਘਰਸ਼ 23 ਨੂੰ



ਦਸੂਹਾ (ਕਰਨੈਲ ਮਾਂਗਟ)

ਸਰਕਾਰ ਵੱਲੋਂ ਸੂਬੇ ਵਿੱਚ ਪਹਿਲੀ ਅਧਿਆਪਕ ਯੋਗਤਾ ਪ੍ਰੀਖਿਆ (ਟੀ ਈ ਟੀ) ਹੋਣ ਤੋਂ ਪਹਿਲਾ ਨਿਯੁਕਤ ਹੋਏ ਅਧਿਆਪਕਾਂ ਉੱਪਰ ਟੀ.ਈ.ਟੀ. ਦੀ ਲੱਗੀ ਸ਼ਰਤ ਨੂੰ ਹਟਵਾਉਣ ਲਈ ਸੁਹਿਰਦ ਯਤਨ ਕਰਨ ਦੀ ਥਾਂ ਟੀ.ਈ.ਟੀ. ਤੋਂ ਬਿਨਾਂ ਅਧਿਆਪਕਾਂ ਦੀਆਂ ਤਰੱਕੀਆਂ ਨਾ ਕਰਨ ਦੇ ਫੈਸਲੇ ਦੀ ਸਮੂਹ ਅਧਿਆਪਕ ਜਥੇਬੰਦੀਆਂ ਨੇ ਸਖ਼ਤ ਨਿਖੇਧੀ ਕੀਤੀ ਹੈ। ਅਧਿਆਪਕਾਂ ਦੇ ਹਿੱਤਾਂ ਤੇ ਕੁਦਰਤੀ ਨਿਆਂ ਦੀ ਅਣਦੇਖੀ ਕਰਕੇ ਹੋਏ ਕਾਨੂੰਨੀ ਫੈਸਲੇ ਨੂੰ ਸਰਕਾਰ ਵੱਲੋਂ ਲਾਗੂ ਕਰਨ ਦਾ ਡੰਡਾਵਾਂ ਦੇ ਵਿਰੋਧ ਕਰਨ ਲਈ 22 ਫਰਵਰੀ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਚੋਣ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 15 ਅਧਿਆਪਕ ਜਥੇਬੰਦੀਆਂ ਦੀ ਸਾਂਝੀ ਸੂਬਾਈ ਰੈਲੀ ਦਾ ਵੱਡੀ ਗਿਣਤੀ ਨਾਲ ਹਿੱਸਾ ਬਣਨ ਦਾ ਐਲਾਨ ਵੀ ਕੀਤਾ ਹੈ। ਇਸ ਸੰਬੰਧੀ ਬਲਾਕ ਦਸੂਹਾ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਦੀ ਮੀਟਿੰਗ ਦਸੂਹਾ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਐਲੀਮੈਂਟਰੀ ਟੀਚਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਮੁਖ ਸਿੰਘ ਬਾਜਵਾ, ਮਾਸਟਰ ਕੇਡਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਕਾਜਲ, ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ ਟੀ ਐੱਫ਼) ਦੇ ਜ਼ਿਲ੍ਹਾ ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ ਅਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ (ਪੀ ਪੀ ਪੀ ਐੱਫ਼) ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਦਸੂਹਾ ਨੇ ਦੱਸਿਆ ਕਿ ਸਿੱਖਿਆ ਅਧਿਕਾਰ ਕਾਨੂੰਨ ਤਹਿਤ ਪਹਿਲੀ ਵਾਰ ਸਾਲ 2011 ਵਿੱਚ ਸ਼ੁਰੂ ਕੀਤੇ ਗਏ ਟੀ ਈ ਟੀ ਨੂੰ ਉਸ ਤੋਂ ਪਹਿਲਾਂ ਦੀਆਂ ਭਰਤੀਆਂ 'ਤੇ ਥੋਪਣਾ ਨਿਆਂ-ਸੰਗਤ ਨਹੀਂ ਹੈ, ਕਿਉਂਕਿ ਭਰਤੀ ਤੋਂ ਪਹਿਲਾਂ 'ਟੈੱਟ' ਪਾਸ ਕਰਨ ਦੀ ਸ਼ਰਤ ਦੇ ਹੋਣ ਦਾ ਮਤਲਬ ਉਨ੍ਹਾਂ ਦੇ ਅਧਿਆਪਕ ਬਣਨ ਦੀ ਯੋਗਤਾ ਦੀ ਪ੍ਰੀਖਿਆ ਹੈ, ਦਹਾਕਿਆਂ ਤੋਂ ਅਧਿਆਪਨ ਕਿੱਤੇ ਨਾਲ ਜੁੜੇ ਹੋਏ ਅਧਿਆਪਕਾਂ ਦੀ ਅਜਿਹੀ ਪ੍ਰੀਖਿਆ ਲੈਣ ਦਾ ਕੋਈ ਮਤਲਬ ਨਹੀਂ ਬਣਦਾ ਹੈ। ਇਸ ਮੌਕੇ ਮੈਡਮ ਰਜਨਾ ਦੇਵੀ, ਜਸਵੀਰ ਕੌਰ ਠੱਕਰ, ਰੁਪਿੰਦਰ ਕੌਰ, ਸੁਮਨ ਕੁਮਾਰੀ, ਜਸਿੰਦਰ ਕੁਮਾਰੀ, ਪ੍ਰਵੀਨ ਬਾਲਾ ਸ਼ਰਮਾ, ਚਰਨਜੀਤ ਕੌਰ, ਈ.ਟੀ.ਯੂ. ਦੇ ਜ਼ਿਲ੍ਹਾ ਜਨਰਲ ਸਕੱਤਰ ਮਨਜੀਤ ਸਿੰਘ ਕਠਾਣਾ, ਡੀ.ਟੀ.ਐੱਫ਼. ਦੇ ਬਲਾਕ ਪ੍ਰਧਾਨ ਨਿਰਮਲ ਸਿੰਘ ਨਿਹਾਲਪੁਰ, ਬਲਾਕ ਸਕੱਤਰ ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਰਾਜਨ ਕੁਮਾਰ ਅਤੇ ਮੁਨੀਸ਼ ਕੁਮਾਰ ਸ਼ਰਮਾ ਆਦਿ ਮੌਜੂਦ ਸਨ।

# 12ਵੀਂ ਦੇ ਵਿਦਿਆਰਥੀਆਂ ਨੂੰ ਫੇਅਰਵੈੱਲ ਪਾਰਟੀ



ਸੁਲਤਾਨਪੁਰ ਲੋਧੀ, (ਹਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿਚ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਫੇਅਰਵੈੱਲ ਪਾਰਟੀ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਲਈ ਹਵੇਲੀ ਵਿਖੇ ਲੰਚ ਪਾਰਟੀ ਦਾ ਪ੍ਰਬੰਧ ਕੀਤਾ ਗਿਆ। ਉਪਰੰਤ ਵਿਦਿਆਰਥੀਆਂ ਨੂੰ ਰੰਗਲਾ ਪੰਜਾਬ ਦੇ ਟਰਿੱਪ 'ਤੇ ਲਿਜਾਇਆ ਗਿਆ, ਜਿੱਥੇ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਦੇ ਰੂਬਰੂ ਹੁੰਦੇ ਹੋਏ ਬਹੁਤ ਆਨੰਦ ਮਾਣਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ੍ਰੀਮਤੀ ਕਮੇਟੀ, ਇੰਜੀ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀ. ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀ. ਨਿਮਰਤਾ ਕੌਰ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਤੇ ਉਹਨਾਂ ਦੇ ਸੁਨਹਿਰੇ ਤੇ ਬਿਹਤਰ ਭਵਿੱਖ ਦੀ ਕਾਮਨਾ ਕੀਤੀ।

## ਬਾਲ ਯੋਗੀ ਸੰਤ ਬਾਬਾ ਪ੍ਰਗਟ ਨਾਥ ਨੂੰ ਚੇਅਰਮੈਨ ਬਣਨ 'ਤੇ ਕੀਤਾ ਸਨਮਾਨਤ

ਨਕੋਦਰ (ਮਨਜੀਤ ਮਾਨ)-ਸ੍ਰੀ ਭਗਵਾਨ ਵਾਲਮੀਕਿ ਤੀਰਥ ਸੁੰਦਰਤਾ ਸਫ਼ਾਈ ਅਭਿਆਨ ਜਲੰਧਰ ਪੰਜਾਬ ਦੇ ਅਹੁਦੇਦਾਰਾਂ ਵਲੋਂ ਬਾਲ ਯੋਗੀ ਸੰਤ ਬਾਬਾ ਪ੍ਰਗਟ ਨਾਥ ਜੀ ਨੂੰ ਪੰਜਾਬ ਸਰਕਾਰ ਵੱਲੋਂ ਸ੍ਰੀ ਭਗਵਾਨ ਵਾਲਮੀਕਿ ਜੀ ਆਸ਼ਰਮ ਅੰਮ੍ਰਿਤਸਰ ਦੇ ਸਲਾਹਕਾਰ ਕਮੇਟੀ ਦੇ ਚੇਅਰਮੈਨ ਲੱਗਣ ਤੇ ਸਨਮਾਨਤ ਕੀਤਾ ਤੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।



ਅਹੁਦੇਦਾਰਾਂ ਵਲੋਂ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਬਹੁਤ ਸ਼ਲਾਘਾਯੋਗ ਕਦਮ ਮਾਨ ਸਰਕਾਰ ਵਲੋਂ ਲਿਆ ਗਿਆ ਹੈ। ਇਸ ਨਾਲ ਪੂਰੇ ਵਾਲਮੀਕਿ ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਪਈ ਹੈ। ਇਸ ਮੌਕੇ ਤੇ ਰਾਜਨ ਘਈ, ਪਵਨ ਪ੍ਰਾਰਥੀ, ਵਿਨੋਦ ਗਿੱਲ, ਡਾਕਟਰ ਡੇਵਿਡ ਦਾਦਰਾ, ਸੁਖਵਿੰਦਰ ਥਾਪਰ, ਗੌਤਮ ਸਰਵਣਾ, ਹਰਪ੍ਰੀਤ ਕੁਮਾਰ, ਸੁਰਿੰਦਰ ਹੰਸ, ਅਮਿਤ ਮੱਟੂ, ਰਵੀ ਥਾਪਰ, ਵਿਸ਼ਾਲ ਬੰਗੜਾ, ਮਨਦੀਪ ਕਲਿਆਣ, ਸੰਨੀ ਥਾਪਰ, ਗੋਬਿੰਦ ਥਾਪਰ, ਕੇ.ਕੇ ਸੱਭਰਵਾਲ, ਆਦਿ ਆਗੂ ਇਸ ਮੌਕੇ ਤੇ ਹਾਜ਼ਰ ਸਨ।

## ਸੱਤਵਾਂ ਸਾਲਾਨਾ ਮਹਾਂ-ਸ਼ਿਵਰਾਤਰੀ ਲੰਗਰ ਲਗਾਇਆ



ਕਿਸ਼ਨਗੜ੍ਹ (ਸੁਖਜੀਤ ਕੁਮਾਰ)-ਜਲੰਧਰ ਪਠਾਨਕੋਟ ਰਾਸ਼ਟਰੀ ਮਾਰਗ ਤੇ ਸਥਿਤ ਅੱਡਾ ਕਿਸ਼ਨਗੜ੍ਹ ਵਿਖੇ ਗੁਰਦੀਪ ਸਿੰਘ ਦੀ ਅਗਵਾਈ ਹੇਠ ਮਹਾ-ਸ਼ਿਵਰਾਤਰੀ ਦੇ ਸੰਬੰਧ 'ਚ ਸੱਤਵਾਂ ਸਾਲਾਨਾ ਲੰਗਰ ਲਗਾਇਆ ਗਿਆ। ਸਭ ਤੋਂ ਪਹਿਲਾਂ ਸਮੂਹ ਮਾਰਕੀਟ ਅੱਡਾ ਕਿਸ਼ਨਗੜ੍ਹ ਵਾਸੀਆਂ ਵੱਲੋਂ ਜੋਤ ਉਜਾਗਰ ਕਰ ਮਹਾਦੇਵ ਜੀ ਦੀ ਆਰਤੀ ਕੀਤੀ ਗਈ। ਉਪਰੰਤ ਸਭ ਸਾਥੀਆਂ ਵੱਲੋਂ ਖੀਰ ਦਾ ਲੰਗਰ ਸੰਗਤਾਂ ਵਿੱਚ ਵਰਤਾਇਆ ਗਿਆ। ਬਾਅਦ ਵਿੱਚ ਛੋਲੇ ਕੁਲਚੇ ਤੇ ਛੋਲੇ ਬਰੈਡਾਂ ਦਾ ਲੰਗਰ ਵਰਤਾਇਆ ਗਿਆ।ਇਸ ਮੌਕੇ ਗੁਰਦੀਪ ਸਿੰਘ, ਰਾਕੇਸ਼ ਕੁਮਾਰ ਬਿੱਟੂ, ਬਿਕਰਮ ਵਿੱਕੀ ਖੋਸਲਾ, ਸੁਸ਼ੀਲ ਕੁਮਾਰ ਚੋਪੜਾ, ਕਾਕਾ, ਸੋਨੂ ਭੋਲਾ, ਸ਼ਾਮ ਸੁੰਦਰ, ਰਣਜੀਤ ਰਾਏ, ਸੁਮਿਤ ਕੁਮਾਰ, ਵਿਜੇ ਵਰਮਾ, ਹਰਪ੍ਰੀਤ ਹੈਪੀ, ਗੋਲਡੀ ਸ਼ਰਮਾ, ਹਰਦੀਪ ਸਿੰਘ, ਸੈਵੀ ਸਿੰਘ, ਪਵਨਦੀਪ ਸਿੰਘ ਦੀਪਾ, ਪਲਵਿੰਦਰ ਸਿੰਘ ਪੱਪੂ ਫੌਜੀ ਚਾਚਾ, ਹਰਭਜਨ ਲਾਲ,ਜੱਸੀ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਗੱਡੀ ਪਲਟਣ ਨਾਲ ਚਾਲਕ ਜ਼ਖ਼ਮੀ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਪਿੰਡ ਨੁਆਣਾ ਤੋਂ ਅੱਗੇ ਇਕ ਹੋਰ ਹੁੰਡਈ ਦੀ ਵੈਨਸ ਗੱਡੀ ਦੇ ਸੜਕ ਕਿਨਾਰੇ ਬਾਹਰ ਨਿਕਲੇ ਦਰੱਖਤ ਦੇ ਟਾਹਣੇ ਨਾਲ ਟਕਰਾਉਣ ਨਾਲ ਜਿੱਥੇ ਗੱਡੀ ਅੱਗਿਓਂ ਬੁਰੀ ਤਰਾਂ ਨੁਕਸਾਨੀ ਗਈ ਉੱਥੇ ਚਾਲਕ ਵੀ ਜ਼ਖ਼ਮੀ ਹੋ ਗਿਆ। ਤੜਕੇ ਤਿੰਨ ਕੁ ਵਜੇ ਦੇ ਕਰੀਬ ਰਣਜੀਤ ਸਿੰਘ ਰਾਣਾ ਨਿਵਾਸੀ ਬਧਿਬਪੁਰ ਜੋ ਆਰ ਸੀ ਐਫ ਵਿਚ ਡ੍ਰਾਈਵਰ ਹੈ, ਉਹ ਆਪਣੀ ਹੁੰਡਈ ਦੀ ਵੈਨਸ ਗੱਡੀ ਨੰਬਰ ਪੀ. ਬੀ. 07 ਸੀ. ਐਮ 3702 ਵਿਚ ਇਕੱਲਾ ਆਪਣੇ ਨਨੌਲੀਆ ਪਿੰਡ ਦੇ ਦੋਸਤ ਦੇ ਘਰ ਜਾਗੋ ਤੋ ਵਾਪਸ ਆਪਣੇ ਘਰ ਨੂੰ ਆ ਰਿਹਾ ਸੀ।ਜਦੋਂ ਉਹ ਨੁਆਣਾ ਦੇ ਮਾਤਾ ਚਿੰਤਪੁਰਨੀ ਮੰਦਿਰ ਤੋ ਥੋੜਾ ਅੱਗੇ ਆਇਆ ਤਾ ਉਸ ਦੀ ਗੱਡੀ ਸੜਕ ਕਿਨਾਰੇ ਬਾਹਰ ਨਿਕਲੇ ਟਾਹਣੇ ਨਾਲ ਟੱਕਰਾ ਗਈ।ਜਿਸ ਨਾਲ ਗੱਡੀ ਦਾ ਸੰਤੁਲਨ ਵਿਗੜਨ ਨਾਲ ਉਹ ਸੜਕ ਕਿਨਾਰੇ ਹੋਰ ਦਰਖਤਾਂ ਨਾਲ ਟੱਕਰਾਂ ਕੇ ਸਿਰ ਭਾਰ ਪਲਟ ਗਈ। ਜਿੱਥੇ ਇਸ ਦੁਰਘਟਨਾ ਵਿਚ ਗੱਡੀ ਅੱਗਿਓ ਕਾਫੀ ਨੁਕਸਾਨੀ ਗਈ ਉੱਥੇ ਚਾਲਕ ਦੇ ਗੁੱਝੀਆਂ ਸੱਟਾਂ ਲੱਗੀਆਂ ਪਰ ਉਸ ਦਾ ਬਚਾਅ ਰਿਹਾ।

## ਓਪਨ ਮਾਸਟਰ ਗੇਮਜ਼ 'ਚ ਕੁਲਦੀਪ ਸਿੰਘ ਝੱਜ ਨੇ 3 ਸੋਨੇ ਦੇ ਤਮਗੇ ਜਿੱਤੇ



ਪੋਜੇਵਾਲ (ਰਾਮ ਲਾਲ)

ਅੰਤਰਰਾਸ਼ਟਰੀ ਮਾਸਟਰ ਖੇਡ ਸੰਸਥਾ (ਆਈ ਐਮ ਜੀ ਏ) ਦੀ ਸਰਪ੍ਰਸਤੀ ਹੇਠ ਹੋਈਆਂ ਅਬੂ ਧਾਬੀ ਵਿਖੇ ਓਪਨ ਮਾਸਟਰ ਗੇਮਜ਼ ਕਾਰਵਾਈਆਂ ਗਈਆਂ। ਜਿਸ ਵਿੱਚ 40 ਤੋਂ ਵੱਧ ਖੇਡਾਂ ਵਿੱਚ, 30 ਸਾਲ ਤੋਂ 100 ਸਾਲ ਤੱਕ ਉਮਰ ਵਰਗਾਂ ਦੇ 25 ਹਜ਼ਾਰ ਤੋਂ ਵੱਧ ਵੱਖ ਵੱਖ ਦੇਸ਼ਾਂ ਦੇ ਖਿਡਾਰੀਆਂ ਨੇ ਹਿੱਸਾ ਲਿਆ।ਇਹਨਾਂ ਵਿੱਚ ਬਹੁਤ ਸਾਰੇ ਭਾਰਤੀਆਂ ਸਮੇਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਗੁੱਲਪੁਰ ਦੇ ਜੰਮਪਲ ਤੇ ਸ੍ਰੀ ਅਨੰਦਪੁਰ ਸਾਹਿਬ ਦੇ ਵਸਨੀਕ ਰਿਟਾਇਰਡ ਵਿੰਗ ਕਮਾਂਡਰ ਕੁਲਦੀਪ ਸਿੰਘ ਝੱਜ ਨੇ ਵੀ ਹਿੱਸਾ ਲਿਆ। ਇਹਨਾਂ ਖੇਡਾਂ ਵਿੱਚ ਹੋਏ ਅਥਲੈਟਿਕਸ ਮੁਕਾਬਲਿਆਂ ਵਿੱਚ ਕੁਲਦੀਪ ਸਿੰਘ ਝੱਜ ਗੁਲਪੁਰ ਨੇ 75 ਪਲੱਸ ਉਮਰ ਵਰਗ ਵਿੱਚ 400 ਮੀਟਰ ਤੇ 4ਗ100 ਮੀਟਰ ਰਿਲੇਅ ਅਤੇ 10 ਕਿਲੋਮੀਟਰ ਰੋਡ ਰੇਸ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਦਿਆਂ ਤਿੰਨ ਗੋਲਡ ਮੈਡਲ ਪ੍ਰਾਪਤ ਕੀਤੇ ਹਨ।1500 ਮੀਟਰ ਵਿੱਚ ਉਹਨਾਂ ਦੂਸਰੇ ਸਥਾਨ ਤੇ ਰਹਿੰਦਿਆਂ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ ਹੈ।ਵਰਨਣਯੋਗ ਹੈ ਕਿ ਪਿਛਲੇ ਸਾਲ ਮਈ ਵਿੱਚ ਤਪਈ ਚੀਨ ਵਿੱਚ ਹੋਈਆਂ ਵਿਸ਼ਵ ਮਾਸਟਰ ਗੇਮ ਵਿੱਚ ਵੀ ਕਮਾਂਡਰ ਕੁਲਦੀਪ ਸਿੰਘ ਝੱਜ ਨੇ 800 ਮੀਟਰ ਤੇ 10 ਕਿਲੋਮੀਟਰ ਦੀ ਰੋਡ ਰੇਸ ਵਿੱਚ ਤੀਜੇ ਨੰਬਰ ਤੇ ਰਹਿ ਕੇ ਕਾਂਸੀ ਦੇ ਤਗਮੇ ਜਿੱਤੇ ਸਨ ਜਦੋਂ ਕਿ 1500 ਮੀਟਰ ਵਿੱਚ ਉਹ ਚੌਥੇ ਦਰਜ 'ਤੇ ਰਹੇ ਸਨ।

## ਪਾਵਰਕਾਮ ਦੀਆਂ ਸਮੁੱਚੀਆਂ ਜਥੇਬੰਦੀਆਂ ਨੇ ਕੇਂਦਰ ਸਰਕਾਰ ਦੇ ਪੁਤਲੇ ਸਾੜੇ




ਚੰਡੀਗੜ੍ਹ (ਗੁਰਜੀਤ ਬਿੱਲਾ)

ਕੇਂਦਰ ਸਰਕਾਰ ਵੱਲੋਂ ਜੋ ਲੋਕ ਵਿਰੋਧੀ ਨੀਤੀਆਂ ਲਿਆਂਦੀਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਪਬਲਿਕ ਅਦਾਰਿਆਂ ਦਾ ਨਿੱਜੀਕਰਨ ਕਰਨ, ਮੁਕਤ ਵਿਉਪਾਰ ਸਮਝੌਤਾ, ਬਿਜਲੀ ਐਕਟ 2025, ਚਾਰ ਲੇਬਰ ਕੋਡ ਲਾਗੂ ਕਰਨ ਦੇ ਫੈਸਲੇ ਵਿਰੁੱਧ ਪਾਵਰਕੌਮ ਦੀਆਂ ਮੁਹਾਲੀ ਡਵੀਜ਼ਨ ਵਿੱਚ ਕੰਮ ਕਰਦੀਆਂ ਸਮੁੱਚੀਆਂ ਜੱਥੇਬੰਦੀਆਂ ਦੇ ਮੰਚ ਵੱਲੋਂ ਕੇਂਦਰ ਸਰਕਾਰ ਦੇ ਪੁਤਲੇ ਸਾੜ ਕੇ ਰੋਸ ਮੁਜਾਹਰੇ ਕੀਤੇ ਗਏ। ਬੁਲਾਰਿਆਂ ਵੱਲੋਂ ਦੱਸਿਆ ਗਿਆ ਕਿ ਕੇਂਦਰ ਸਰਕਾਰ ਨੇ 44 ਲੇਬਰ ਕਾਨੂੰਨ ਰੱਦ ਕਰਕੇ 4 ਲੇਬਰ ਕੋਡ ਲਾਗੂ ਕੀਤੇ ਹਨ ਜੋ ਕਿ ਮੁਲਾਜ਼ਮ ਅਤੇ ਮਜ਼ਦੂਰਾਂ ਲਈ ਬਹੁਤ ਹੀ ਘਾਤਕ ਹਨ ਤੇ ਉਨ੍ਹਾਂ ਦੇ ਕੰਮ ਦੇ ਅਧਿਕਾਰ ਵਿੱਚ ਸਿੱਧੀ ਦਖਲ ਅੰਦਾਜ਼ੀ ਹੈ ਜਿਸਨੂੰ ਕਿਸੇ ਵੀ ਕੀਮਤ ਤੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ।ਇਸ ਅਰਥੀ ਫੂਕ ਮੁਜ਼ਾਹਰੇ ਨੂੰ ਟੀ ਐੱਸ ਯੂ ਭੰਗਲ ਵੱਲੋਂ ਗੁਰਬਖਸ਼ ਸਿੰਘ, ਲੱਖਾ ਸਿੰਘ, ਗੁਰਮੀਤ ਸਿੰਘ, ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਵੱਲੋਂ ਮੋਹਨ ਸਿੰਘ ਗਿੱਲ, ਹਰਪ੍ਰੀਤ ਸਿੰਘ, ਰਣਜੀਤ ਸਿੰਘ, ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰ ਵੱਲੋਂ ਹਰਵਿੰਦਰ ਸਿੰਘ ਗਿੱਲ, ਨਿਰਮਲ ਸਿੰਘ, ਸ਼ਰਨਜੀਤ ਸਿੰਘ, ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਜਤਿੰਦਰ ਸਿੰਘ, ਸੁਰਿੰਦਰ ਸਿੰਘ ਮੱਲੀ, ਪਰਮਜੀਤ ਸਿੰਘ, ਪੈਨਸ਼ਨਰਜ਼ ਯੂਨੀਅਨ ਏਟਕ ਵੱਲੋਂ ਬਲਵਿੰਦਰ ਕੁਮਾਰ, ਹਰਦਿਆਲ ਸਿੰਘ ਬੈਂਸ, ਸੀ.ਐਚ.ਬੀ. ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਜ਼ੋਰਾ ਸਿੰਘ, ਗੁਰਸੇਵਕ ਸਿੰਘ, ਹਰਦੀਪ ਖਾਂਨ ਨੇ ਸੰਬੋਧਨ ਕੀਤਾ।ਬੁਲਾਰਿਆਂ ਵੱਲੋਂ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਕਿ ਜੇਕਰ ਇਹ ਕਾਨੂੰਨ ਵਾਪਿਸ ਨਾ ਲਏ ਗਏ ਤਾਂ ਇਸ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਚ ਗ੍ਰੈਜੂਏਸ਼ਨ ਸੈਰੇਮਨੀ ਕਰਵਾਈ




ਕਪੂਰਥਲਾ, (ਹਨੀ)

ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਯੂ ਕੇ ਜੀ ਦੇ ਵਿਦਿਆਰਥੀਆਂ ਲਈ ਗਰੈਜੂਏਸ਼ਨ ਸੈਰੇਮਨੀ ਦਾ ਆਯੋਜਨ ਕੀਤਾ ਗਿਆ। ਇੰਜ. ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਮੁੱਖ ਮਹਿਮਾਨ ਤੇ ਸਕੂਲ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਨੇ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਿਨਾਂ ਦਾ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਡਿੰਪਲ ਸ਼ਰਮਾ ਅਤੇ ਸਟਾਫ਼ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਪਹੁੰਚੇ ਮਹਿਮਾਨਾਂ ਵੱਲੋਂ ਸ਼ਮਾ ਰੌਸ਼ਨ ਕਰਨ ਉਪਰੰਤ ਪ੍ਰੋਗਰਾਮ ਦਾ ਆਗਾਜ਼ ਸ਼ਬਦ ਗਾਇਨ ਰਾਹੀਂ ਕੀਤਾ ਗਿਆ। ਯੂ ਕੇ ਜੀ ਦੀ ਵਿਦਿਆਰਥਣ ਗੁਰਕੀਰਤ ਕੌਰ ਨੇ ਵੈਲਕਮ ਸਪੀਚ ਪੇਸ਼ ਕੀਤੀ ਤੇ ਐੱਲ ਕੇ ਜੀ ਦੀ ਵਿਦਿਆਰਥਣ ਗੁਨਰੀਤ ਕੌਰ ਨੇ ਬਸੰਤ ਰੁੱਤ ਸੰਬੰਧੀ ਕਵਿਤਾ ਪੇਸ਼ ਕੀਤੀ। ਇਸ ਦੌਰਾਨ ਵਿਦਿਆਰਥੀਆਂ ਦੁਆਰਾ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਪ੍ਰੋਗਰਾਮ ਦਾ ਮੁੱਖ ਆਕਰਸ਼ਣ ਫੈਂਸੀ ਡਰੈਸ ਮੁਕਾਬਲਾ ਰਿਹਾ, ਜਿਸ ਦਾ ਥੀਮ ਕਮਿਊਨਿਟੀ ਹੈਲਪਰ ਅਤੇ ਇੰਡੀਅਨ ਸਟੇਟ ਸੀ। ਅੰਤ ਵਿੱਚ ਫੈਂਸੀ ਡਰੈਸ ਮੁਕਾਬਲੇ ਦੇ ਜੇਤੂ ਰਹੇ ਵਿਦਿਆਰਥੀਆਂ ਨੂੰ ਇਨਾਮ ਤੇ ਯੂ ਕੇ ਜੀ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

# ਵਿਧਾਇਕ ਰੰਧਾਵਾ ਨੇ ਲਿੰਕ ਸੜਕਾਂ ਦੀ ਉਸਾਰੀ ਦੇ ਨੀਂਹ ਪੱਥਰ ਰਖੇ



ਡੇਰਾਬੱਸੀ (ਵਿਨੈ ਕੁਮਾਰ ਜੈਨ)


ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਹਲਕਾ ਡੇਰਾਬੱਸੀ ਦੇ ਵੱਖ-ਵੱਖ ਪਿੰਡਾਂ ਦੀਆਂ ਲਿੰਕ ਸੜਕਾਂ ਬਣਾਉਣ ਲਈ ਸ਼ੁਰੂ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ। ਇਨ੍ਹਾਂ ਸੜਕਾਂ ਦੀ ਕੁੱਲ ਲੰਬਾਈ 16.17 ਕਿਲੋਮੀਟਰ ਹੈ, ਜਿਨ੍ਹਾਂ 'ਤੇ ਲਗਭੱਗ 10 ਕਰੋੜ 36 ਲੱਖ 59 ਹਜ਼ਾਰ ਰੁਪਏ ਦੀ ਲਾਗਤ ਆਵੇਗੀ। ਇਨ੍ਹਾਂ ਸਾਰੀਆਂ ਸੜਕਾਂ ਦਾ ਕੰਮ 31 ਮਾਰਚ 2026 ਤੱਕ ਮੁਕੰਮਲ ਕਰ ਲਿਆ ਜਾਵੇਗਾ। ਇਨ੍ਹਾਂ ਸੜਕਾਂ ਵਿੱਚ 2.29 ਕਿ.ਮੀ. ਲੰਬੀ ਜਨੇਤਪੁਰ-ਬਰੋਲੀ ਸੜਕ ਦੀ 169.76 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਜਾਵੇਗੀ ਅਤੇ 5 ਸਾਲਾਂ ਦੀ ਦੇਖਭਾਲ ਲਈ 12.69 ਲੱਖ ਰੁਪਏ ਰੱਖੇ ਗਏ ਹਨ। ਬੀੜ ਦੰਦਰਾਲਾ ਰੋਡ ਤੋਂ ਖੇੜੀ ਗੁੱਜਰਾਂ ਨੂੰ ਮਾਹੀਵਾਲਾ ਨੂੰ ਜਾਂਦੀ 2.20 ਕਿ.ਮੀ. ਲੰਬੀ ਲਿੰਕ ਸੜਕ ਦੀ 47.83 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਕੀਤੀ ਜਾਵੇਗੀ ਅਤੇ 5 ਸਾਲਾਂ ਦੀ ਦੇਖਭਾਲ ਲਈ 7.44 ਲੱਖ ਰੁਪਏ ਰੱਖੇ ਗਏ ਹਨ। ਸਮਗੋਲੀ-ਖੇੜੀ ਗੁੱਜਰਾਂ ਤੱਕ 3.90 ਕਿ.ਮੀ. ਲੰਬੀ ਸੜਕ 'ਤੇ 284.40 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਕੀਤੀ ਜਾਵੇਗੀ ਅਤੇ 5 ਸਾਲਾਂ ਦੀ ਦੇਖਭਾਲ ਲਈ 17.02 ਲੱਖ ਰੁਪਏ ਰੱਖੇ ਗਏ ਹਨ।ਡੇਰਾਬਸੀ ਬਰਵਾਲਾ ਰੋਡ ਗੁਲਾਬਗੜ੍ਹ ਤੋਂ ਬੇਹੜਾ ਤੱਕ (ਵਾਇਆ ਪੰਜਾਬ ਮੀਟ ਲਿਮਟਿਡ) ਸੜਕ 4.51 ਕਿ.ਮੀ. ਲੰਬੀ ਸੜਕ ਦੇ ਨਵੀਨੀਕਰਨ 'ਤੇ 311.45 ਲੱਖ ਰੁਪਏ ਦੀ ਲਾਗਤ ਨਾਲ ਕੰਮ ਕੀਤਾ ਜਾਵੇਗਾ ਅਤੇ 5 ਸਾਲਾਂ ਦੀ ਦੇਖਭਾਲ ਲਈ 25.24 ਲੱਖ ਰੁਪਏ ਰੱਖੇ ਗਏ ਹਨ। ਡੇਰਾਬਸੀ ਗੁਲਾਬਗੜ੍ਹ ਬੇਹੜਾ ਰੋਡ ਤੋਂ ਕੂੜਾਵਾਲਾ ਤੱਕ ਬਣਨ ਵਾਲੀ ਸੜਕ 0.50 ਕਿ.ਮੀ. ਲੰਬੀ ਲਿੰਕ ਸੜਕ 'ਤੇ 39.44 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਕੀਤੀ ਜਾਵੇਗੀ, ਜਦਕਿ 5 ਸਾਲਾਂ ਦੀ ਦੇਖਭਾਲ ਲਈ 2.8 ਲੱਖ ਰੁਪਏ ਰੱਖੇ ਗਏ ਹਨ।ਡੇਰਾਬਸੀ ਬਰਵਾਲਾ ਰੋਡ ਭਗਵਾਨਪੁਰ ਦੀ 1.35 ਕਿ.ਮੀ. ਲੰਬੀ ਫ਼ਿਰਨੀ ਨੂੰ 107.25 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਜਾਵੇਗਾ। ਡੇਰਾਬਸੀ ਬਰਵਾਲਾ ਰੋਡ ਤੋਂ ਕੂੜਾਵਾਲਾ ਰੋਡ ਵਾਇਆ ਪੀ.ਐਮ.ਐਲ. ਫੈਕਟਰੀ ਤੱਕ ਬਣਨ ਵਾਲੀ 1.42. ਕਿ.ਮੀ. ਲੰਬੀ ਸੜਕ 'ਤੇ 76.46 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਜਾਵੇਗੀ। ਇਹ ਸਾਰੀਆਂ ਸੜਕਾਂ 18 ਫੁੱਟ ਚੌੜੀਆਂ ਹਨ ਅਤੇ ਲੁੱਕ ਨਾਲ ਬਣਾਈਆਂ ਜਾਣਗੀਆ।

## ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਦੀ ਕਿਰਤੀ ਕਿਸਾਨ ਯੂਨੀਅਨ ਵੱਲੋਂ ਨਿੰਦਾ

ਬੰਗਾ (ਅਵਤਾਰ ਕਲੇਰ)-ਕਿਰਤੀ ਕਿਸਾਨ ਯੂਨੀਅਨ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਨੇ ਇਕ ਪ੍ਰੈਸ ਬਿਆਨ ਰਾਹੀਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਬਲਦੇਵ ਸਿੰਘ ਚਾਉਕੇ ਅਤੇ ਸ਼ਗਨਦੀਪ ਸਿੰਘ ਜਿਓਂਦ ਦੀ ਹਾਈ ਕੋਰਟ ਤੋ ਜ਼ਮਾਨਤ ਹੋਣ ਤੇ ਵੀ ਗ੍ਰਿਫ਼ਤਾਰ ਕੀਤੇ ਆਗੂ ਤੇ ਵਰਕਰਾਂ ਦੀ ਰਿਹਾਈ ਲਈ ਪਿੰਡ ਜਿਉਂਦ ਵਿਖੇ ਕਿਸਾਨਾਂ ਨੂੰ ਧਰਨੇ ਵਿਚ ਸ਼ਾਮਲ ਹੋਣ ਲਈ ਪੁਲਸ ਵਲੋਂ ਰੋਕਣ,ਕਿਸਾਨਾਂ ਉੱਤੇ ਅੱਥਰੂ ਗੈਸ ਦੇ ਗੋਲੇ ਦਾਗਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਕਿਸਾਨ ਆਗੂ ਨੇ ਆਖਿਆ ਹੈ ਕਿ ਧਰਨੇ ਲਾਉਣਾ ਅਤੇ ਰੈਲੀਆਂ ਮੁਜਾਹਰੇ ਕਰਨਾ ਜਥੇਬੰਦੀਆਂ ਦਾ ਜ਼ਮਹੂਰੀ ਅਤੇ ਸੰਵਿਧਾਨਕ ਹੱਕ ਹੈ।

## ਰਣਜੀਤ ਸਿੰਘ ਨੇ ਬਾਡੀ ਬਿਲਡਿੰਗ ਚੈਂਪੀਅਨਸ਼ਿਪ ਮੁਕਾਬਲੇ 'ਚ ਚੌਥਾ ਸਥਾਨ ਹਾਸਲ ਕੀਤਾ

ਨਕੋਦਰ (ਮਨਜੀਤ ਮਾਨ)-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਿਖੇ ਬਾਬਾ ਫਤਿਹ ਸਿੰਘ ਫਾਊਂਡੇਸ਼ਨ ਵੱਲੋਂ ਕਰਵਾਏ ਗਏ ਅਜੀਤ ਕਲਾਸਿਕ ਸੀਜ਼ਨ ਚਾਰ ਦੇ ਬਾਡੀ ਬਿਲਡਿੰਗ ਚੈਂਪੀਅਨਸ਼ਿਪ ਮੁਕਾਬਲੇ ਕਰਵਾਏ ਗਏ। ਇਨਾਂ ਮੁਕਾਬਲਿਆਂ ਵਿੱਚ 90 ਨੌਜਵਾਨਾਂ ਵੱਲੋਂ ਹਿੱਸਾ ਲਿਆ ਜਿਸ ਵਿੱਚ ਪੰਜਾਬ ਪੁਲਿਸ ਥਾਣਾ ਲੋਹੀਆਂ ਖ਼ਾਸ ਦੇ ਜਵਾਨ ਰਣਜੀਤ ਸਿੰਘ ਵੱਲੋਂ ਆਪਣੀ ਡਿਊਟੀ ਚੋਂ ਟਾਈਮ ਕੱਢ ਕੇ ਇਸ ਚੈਂਪੀਅਨਸ਼ਿਪ ਦੀ ਸਟਾਰ ਕੈਟਾਗਰੀ ਵਿੱਚ ਹਿੱਸਾ ਲੈਕੇ ਚੌਥਾ ਸਥਾਨ ਹਾਸਲ ਕੀਤਾ ਜਿਸ ਨਾਲ ਪੰਜਾਬ ਪੁਲਿਸ ਦਾ ਨਾਂਅ ਰੋਸ਼ਨ ਹੋਣ ਨਾਲ ਨੌਜਵਾਨਾਂ ਦਾ ਹੋਰ ਮਾਣ ਵਧਿਆ ਹੈ।



ਇਸ ਉਪਰੰਤ ਪੰਜਾਬ ਪੁਲਸ ਦੇ ਜਵਾਨ ਰਾਜਵੀਰ ਸਿੰਘ ਗੱਗੂ ਤੇ ਹੋਰਨਾਂ ਨੇ ਰਣਜੀਤ ਸਿੰਘ ਨੂੰ ਮੁਬਾਰਕਬਾਦ ਦੇ ਕੇ ਹੌਂਸਲਾ ਅਫਜ਼ਾਈ ਕੀਤੀ।ਇਸ ਮੌਕੇ ਬਾਬਾ ਫਤਿਹ ਸਿੰਘ ਫਾਊਂਡੇਸ਼ਨ ਦੇ ਪ੍ਰਧਾਨ ਬਿਕਰਮਜੀਤ ਸਿੰਘ, ਜਨਰਲ ਸਕੱਤਰ ਵਾਹਿਗੁਰੂਪਾਲ ਸਿੰਘ, ਖਜਾਨਚੀ ਵਿਕਾਸ ਸ਼ਰਮਾ ਤੇ ਹੋਰਨਾਂ ਨੇ ਰਣਜੀਤ ਸਿੰਘ ਨੂੰ ਸਨਮਾਨ ਚਿੰਨ੍ਹ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ।

## ਸੰਤ ਸਮਾਗਮ 24 ਨੂੰ

ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)-ਨਿਰਮਲ ਆਸ਼ਰਮ ਡੇਰਾ ਪ੍ਰੇਮਸਰ ਪਿੰਡ ਬਾੜੀਆ ਕਲਾਂ ਜ਼ਿਲਾ ਹੁਸ਼ਿਆਰਪੁਰ ਵਿਖੇ ਪਰਮ ਪੂਜੀਆ ਸ੍ਰੀਮਾਨ 108 ਸੰਤ ਬਾਬਾ ਪ੍ਰੇਮ ਸਿੰਘ ਮਹਾਰਾਜ ਜੀ, ਸ੍ਰੀਮਾਨ 108 ਸੰਤ ਬਾਬਾ ਪੰਡਿਤ ਈਸ਼ਰ ਸਿੰਘ ਜੀ ਕਲਯੁਗ, ਸ੍ਰੀਮਾਨ 108 ਸੰਤ ਬਾਬਾ ਦਲੀਪ ਸਿੰਘ ਮਹਾਰਾਜ ਜੀ, ਸ੍ਰੀਮਾਨ 108 ਸੰਤ ਬਾਬਾ ਪਿਆਰਾ ਸਿੰਘ ਮਹਾਰਾਜ ਜੀ, ਸ੍ਰੀਮਾਨ 108 ਸੰਤ ਬਾਬਾ ਬਿਕਰ ਸਿੰਘ ਮਹਾਰਾਜ ਜੀ, ਸ੍ਰੀਮਾਨ 108 ਸੰਤ ਬਾਬਾ ਅਰਜਨ ਸਿੰਘ ਮਹਾਰਾਜ ਜੀ, ਸ੍ਰੀ ਮਾਨ 108 ਸੰਤ ਬਾਬਾ ਅਮਰ ਸਿੰਘ ਮਹਾਰਾਜ ਜੀ ਅਤੇ ਬੀਬੀ ਰਸ਼ਪਾਲ ਕੌਰ ਜੀ ਭਾਗੋ ਜੀ ਦੀ ਸਲਾਨਾ ਬਰਸੀ ਤੇ ਸੰਤ ਸਮਾਗਮ 24 ਮਾਰਚ ਦਿਨ ਮੰਗਲਵਾਰ ਨੂੰ ਨਿਰਮਲ ਭੇਖ ਦੀ ਮਰਿਆਦਾ ਅਨੁਸਾਰ ਪਿੰਡ ਬਾੜੀਆਂ ਕਲਾਂ ਵਿਖੇ ਸਮੂਹ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਹੰਤ ਪ੍ਰੀਤਮ ਸਿੰਘ ਅਤੇ ਮਹੰਤ ਬਲਜੀਤ ਸਿੰਘ ਡੇਰਾ ਨਿਰਮਲ ਆਸ਼ਰਮ ਪ੍ਰੇਮਸਰ ਨੇ ਦੱਸਿਆ ਕਿ ਇਸ ਸਮਾਗਮ ਦੇ ਸੰਬੰਧ ਵਿੱਚ 22 ਮਾਰਚ ਨੂੰ ਸਵੇਰੇ 9 ਵਜੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ। 24 ਮਾਰਚ ਨੂੰ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਉਸ ਤੋਂ ਬਾਅਦ 10 ਵਜੇ ਤੋਂ ਲੈ ਕੇ 2 ਵਜੇ ਤੱਕ ਸ਼ਬਦ ਕੀਰਤਨ ਅਤੇ ਸੰਤ ਸਮਾਗਮ ਹੋਵੇਗਾ। ਇਸ ਮੌਕੇ ਮਹੰਤ ਪ੍ਰੀਤਮ ਸਿੰਘ ਅਤੇ ਮਹੰਤ ਬਲਜੀਤ ਸਿੰਘ ਨੇ ਇਲਾਕਾ ਨਿਵਾਸੀ ਸੰਗਤਾਂ ਨੂੰ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ।

## ਸ਼ਹੀਦ ਬੇਅੰਤ ਸਿੰਘ ਦਾ ਜਨਮ ਦਿਨ ਮਨਾਇਆ



ਜਲੰਧਰ (ਇਕਬਾਲ ਸਿੰਘ ਉਭੀ)-ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਵੱਲੋਂ ਸ਼ਹੀਦ ਬੇਅੰਤ ਸਿੰਘ ਦੇ ਜਨਮ ਦਿਨ ਦੇ ਮੌਕੇ ਕਾਂਗਰਸੀ ਆਗੂਆਂ ਵਲੋ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਤੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਬੇਰੀ ਨੇ ਕਿਹਾ ਕਿ ਜੋ ਅਸੀ ਅੱਜ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਾਂ ਉਸ ਵਿੱਚ ਸ਼ਹੀਦ ਬੇਅੰਤ ਸਿੰਘ ਦਾ ਅਹਿਮ ਯੋਗਦਾਨ ਹੈ। ਬੇਅੰਤ ਸਿੰਘ ਨੇ ਸ਼ਹਾਦਤ ਦੇ ਕੇ ਪੰਜਾਬ ਨੂੰ ਖੁਸ਼ਹਾਲ ਬਣਾਇਆ ਸੀ ਤੇ ਮੁੜ ਤੋਂ ਅਮਨ ਅਮਾਨ ਵਾਲਾ ਮਾਹੌਲ ਕਾਇਮ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਨਗਰ ਨਿਗਮ ਦੀ ਕਾਰਗੁਜਾਰੀ ਤੇ ਇਤਰਾਜ਼ ਜਤਾਉਂਦੇ ਹੋਏ ਬੇਰੀ ਨੇ ਕਿਹਾ ਕਿ ਸ਼ਹੀਦ ਬੇਅੰਤ ਸਿੰਘ ਦੇ ਬੁੱਤ ਦੀ ਦੇਖ ਰੇਖ ਲਈ ਕੋਈ ਪ੍ਰਬੰਧ ਨਹੀ ਕੀਤਾ ਗਿਆ, ਨਾ ਪੌੜੀ ਲਗਵਾਈ ਗਈ ਨਾ ਹੀ ਕੋਈ ਸਾਫ਼ ਸਫਾਈ ਦੀ ਵਿਵਸਥਾ ਕੀਤੀ ਗਈ। ਇਸ ਮੌਕੇ ਸੁਰਿੰਦਰ ਕੌਰ ਇੰਚਾਰਜ ਹਲਕਾ ਜਲੰਧਰ ਵੈਸਟ, ਪਵਨ ਕੁਮਾਰ, ਡਾ ਜਸਲੀਨ ਸੇਠੀ, ਜਗਦੀਸ਼ ਦਕੋਹਾ, ਰਿਸ਼ੀ ਕੇਸ਼ ਵਰਮਾ, ਵਿਪਨ ਕੁਮਾਰ ਬੁਲਾਰਾ, ਸੁਧੀਰ ਘੁੱਗੀ, ਆਨੰਦ ਬਿੱਟੂ, ਵਿੱਕੀ ਆਬਾਦਪੁਰਾ, ਬ੍ਰਹਮ ਦੇਵ ਸਹੋਤਾ, ਰਸ਼ਪਾਲ ਜੱਖੂ, ਲਵੀ ਸੋਹਲ, ਮਨਜੀਤ ਸਿੰਘ ਸਿਮਰਨ, ਅਸ਼ੋਕ ਹੰਸ, ਮੁਨੀਸ਼ ਪਾਹਵਾ, ਪ੍ਰਭਦਿਆਲ ਭਗਤ, ਨਵਦੀਪ ਜਰੇਵਾਲ, ਸਤਪਾਲ ਰਾਏ, ਰਾਕੇਸ਼ ਕੁਮਾਰ, ਰਵੀ ਬੱਗਾ, ਰੋਹਨ ਚੱਢਾ, ਗੁਰਪ੍ਰੀਤ ਸਿੰਘ, ਅਸ਼ੋਕ ਖੰਨਾ, ਰਮੇਸ਼ ਕੁਮਾਰ, ਹਰਦੀਪ ਸਿੰਘ, ਨਿਸ਼ਾਂਤ ਘਈ, ਗੁਲਸ਼ਨ ਮਿੱਡਾ, ਅਕਸ਼ਵੰਤ ਖੋਸਲਾ, ਮੁਖਤਿਆਰ ਅਹਿਮਦ ਅੰਸਾਰੀ, ਰਾਜਿੰਦਰ ਸਹਿਗਲ ਮੌਜੂਦ ਸਨ।

# ਸਾਲਾਨਾ ਐਥਲੈਟਿਕਸ ਮੁਕਾਬਲੇ ਆਯੋਜਿਤ



ਜਲੰਧਰ (ਸ਼ੈਲੀ ਐਲਬਰਟ)

ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਸ਼ਾਹਪੁਰ ਕੈਂਪਸ ਵਿੱਚ ਆਯੋਜਿਤ 15ਵਾਂ ਸਰਦਾਰਨੀ ਮਨਜੀਤ ਕੌਰ ਸਮਾਰਕ ਸਲਾਨਾ ਐਥਲੈਟਿਕਸ ਮੁਕਾਬਲਾ 2026 ਸ਼ਾਨਦਾਰ ਢੰਗ ਨਾਲ ਆਯੋਜਿਤ ਕੀਤਾ ਗਿਆ। ਇਸ ਮੁਕਾਬਲੇ ਵਿੱਚ ਗਰੁੱਪ ਦੇ 11 ਸੰਸਥਾਨਾਂ ਦੇ ਵਿਦਿਆਰਥੀ ਖਿਡਾਰੀਆਂ ਨੇ ਭਾਗ ਲਿਆ।ਸੀਟੀ ਇੰਸਟੀਚਿਊਟ ਆਫ ਇੰਜੀਨੀਅਰਿੰਗ, ਮੈਨੇਜਮੈਂਟ ਐਂਡ ਟੈਕਨਾਲੋਜੀ (ਸੀ ਟੀ ਆਈ ਈ ਐੱਮ ਟੀ) ਨੇ 50 ਅੰਕ ਪ੍ਰਾਪਤ ਕਰਕੇ ਸਮੁੱਚੇ ਤੌਰ 'ਤੇ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਨੇ ਉਨ੍ਹਾਂ ਨੂੰ ਪਹਿਲਾ ਸਥਾਨ ਪ੍ਰਾਪਤ ਕਰਨ ਵਿੱਚ ਮਦਦ ਕੀਤੀ। ਜਦਕਿ ਸੀ ਟੀ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਸਾਇੰਸਿਜ਼ (ਸੀ ਟੀ ਸੀ ਪੀ) ਨੇ 28 ਅੰਕਾਂ ਨਾਲ ਰਨਰ-ਅਪ ਦਾ ਦਰਜਾ ਪ੍ਰਾਪਤ ਕੀਤਾ।ਮੁਕਾਬਲੇ ਦੀ ਸ਼ੁਰੂਆਤ ਕ੍ਰਾਸ-ਕੰਟਰੀ ਕਾਂਸੀ ਤਮਗਾ ਜੇਤੂ ਸਿਮਰਨਜੀਤ ਸਿੰਘ ਵੱਲੋਂ ਮਸ਼ਾਲ ਰਿਲੇ ਨਾਲ ਕੀਤੀ ਗਈ। ਇਸ ਤੋਂ ਬਾਅਦ ਟੇਬਲ ਟੈਨਿਸ ਦੇ ਸੋਨੇ ਦੇ ਤਮਗਾ ਜੇਤੂ ਵੈਭਵ ਅਨੇਜਾ ਨੇ ਖਿਡਾਰੀਆਂ ਨੂੰ ਖੇਡ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਕਸਮ ਚੁਕਵਾਈ।ਵਿਅਕਤੀਗਤ ਪ੍ਰਦਰਸ਼ਨਾਂ ਵਿੱਚ ਸੀ ਟੀ ਆਈ ਐੱਮ ਟੀ ਦੇ ਗਣੇਸ਼ ਨੂੰ ਪੁਰਸ਼ ਵਰਗ ਦਾ ਸਰਵੋਤਮ ਖਿਡਾਰੀ ਐਲਾਨ ਕੀਤਾ ਗਿਆ। ਉਨ੍ਹਾਂ ਨੇ 400 ਮੀਟਰ ਦੌੜ ਵਿੱਚ ਸੋਨਾ ਤੇ 800 ਮੀਟਰ ਤੇ 4ਗ100 ਮੀਟਰ ਰਿਲੇ ਵਿੱਚ ਚਾਂਦੀ ਦੇ ਤਮਗੇ ਜਿੱਤੇ। ਮਹਿਲਾ ਵਰਗ ਵਿੱਚ ਐਮ.ਕੇ ਕਾਲਜ ਦੀ ਸਰੋਜ ਦੇਵੀ ਨੇ ਸ਼ਾਟ ਪੁੱਟ, ਜੈਵਲਿਨ ਥ੍ਰੋ ਅਤੇ ਡਿਸਕਸ ਥ੍ਰੋ ਵਿੱਚ ਤਿੰਨ ਸੋਨੇ ਦੇ ਤਮਗੇ ਜਿੱਤੇ ਅਤੇ 4ਗ100 ਮੀਟਰ ਰਿਲੇ ਵਿੱਚ ਕਾਂਸੀ ਹਾਸਲ ਕੀਤੀ।ਸਮਾਪਨ ਸਮਾਰੋਹ ਦੇ ਮੁੱਖ ਮਹਿਮਾਨ ਸ੍ਰੀ ਰਾਕੇਸ਼ ਕੁਮਾਰ ਦਮਾਥੀਆ, ਡੀ ਆਈ ਜੀ ਪੀ, ਗਰੁੱਪ ਸੈਂਟਰ ਸੀ ਆਰ ਪੀ ਐੱਫ ਜਲੰਧਰ ਨੇ ਖਿਡਾਰੀਆਂ ਦੇ ਜਜ਼ਬੇ ਦੀ ਪ੍ਰਸ਼ੰਸਾ ਕੀਤੀ। ਕੈਂਪਸ ਡਾਇਰੈਕਟਰ ਡਾ. ਸ਼ਿਵ ਕੁਮਾਰ ਅਤੇ ਅਕੈਡਮਿਕ ਆਪਰੇਸ਼ਨਜ਼ ਡਾਇਰੈਕਟਰ ਡਾ. ਸੰਗਰਾਮ ਸਿੰਘ ਨੇ ਸਿੱਖਿਆ ਨਾਲ ਖੇਡਾਂ ਦੀ ਮਹੱਤਤਾ ਉਤੇ ਜ਼ੋਰ ਦਿੱਤਾ। ਡਾ. ਅਰਜਨ ਸਿੰਘ ਅਤੇ ਸ੍ਰੀ ਸਤਪਾਲ ਦੇ ਯਤਨਾਂ ਨਾਲ ਇਹ ਮੁਕਾਬਲਾ ਸਫ਼ਲ ਰਿਹਾ। ਇਸ ਦੇ ਨਾਲ ਹੀ ਅੰਤਰਰਾਸ਼ਟਰੀ ਖਿਡਾਰੀ ਹਰਜੀਤ ਸਿੰਘ ਜੀ ਦੀ ਹਾਜ਼ਰੀ ਨੇ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਿਤ ਕੀਤਾ।

# ਲਾਇਨਜ਼ ਕਲੱਬ ਨੇ ਧੀਰਜ ਮੱਕੜ ਦਾ ਜਨਮ ਦਿਨ ਕੰਬਲ ਵੰਡ ਕੇ ਮਨਾਇਆ

ਬੰਗਾ (ਅਵਤਾਰ ਕਲੇਰ)

ਲਾਇਨਜ਼ ਕਲੱਬ ਬੰਗਾ ਸਿਮਰਨ ਦੀ ਕਲੱਬ ਹਾਉਸ ਮੀਟਿੰਗ ਚਾਰਟਰ ਪ੍ਰਧਾਨ ਲਾਇਨ ਮੀਨੂੰ ਭੁੱਟਾ ਦੀ ਪ੍ਰਧਾਨਗੀ ਹੇਠ ਲਾਇਨਜ਼ ਕਲੱਬ ਇੰਟਰਨੈਸ਼ਨਲ ਦੇ ਸੰਵਿਧਾਨ ਮੁਤਾਬਕ ਕੀਤੀ ਗਈ। ਮੁੱਖ ਮਹਿਮਾਨ ਵਜੋ ਜ਼ੋਨ ਚੇਅਰਮੈਨ ਲਾਇਨ ਧਰਮਿੰਦਰ ਸਿੰਘ ਸ਼ਾਮਲ ਹੋਏ। ਮੀਟਿੰਗ ਦੌਰਾਨ ਕਲੱਬ ਦੇ ਪ੍ਰਧਾਨ ਮੀਨੂੰ ਭੁੱਟਾ ਵਲੋਂ ਆਏ ਹੋਏ ਮੁੱਖ



ਮਹਿਮਾਨ ਦਾ, ਡਿਸਟ੍ਰਿਕ ਡਿਪਟੀ ਗਵਰਨਰ ਐਮ ਜੇ ਐਫ ਲਾਇਨ ਸੁਖਜਿੰਦਰ ਸਿੰਘ ਅਤੇ ਇੰਟਰਨੈਸ਼ਨਲ ਗੋਲਡ ਮੈਡਲਿਸਟ ਕੁਲਦੀਪ ਸਿੰਘ ਰਾਣਾ ਦਾ ਸਵਾਗਤ ਕੀਤਾ ਗਿਆ। ਡਿਸਟ੍ਰਿਕ ਡਿਪਟੀ ਗਵਰਨਰ ਲਾਇਨ ਸੁਖਜਿੰਦਰ ਸਿੰਘ ਨੇ ਮੁੱਖ ਮਹਿਮਾਨ ਨੂੰ ਲਾਇਨਜ਼ ਕਲੱਬ ਬੰਗਾ ਸਿਮਰਨ ਵਲੋਂ ਕੀਤੇ ਗਏ ਸੇਵਾ ਦੇ ਕਾਰਜ ਵਾਰੇ ਜਾਣੂ ਕਰਵਾਇਆ ਗਿਆ। ਇੰਟਰਨੈਸ਼ਨਲ ਗੋਲਡ ਮੈਡਲਿਸਟ ਕੁਲਦੀਪ ਸਿੰਘ ਰਾਣਾ ਵਲੋਂ ਸਰੀਰ ਨੂੰ ਫਿਟ ਰੱਖਣ ਲਈ ਕਸਰਤ ਅਤੇ ਖਾਣ ਪੀਣ ਦਾ ਖਾਸ ਧਿਆਨ ਰੱਖਣ ਲਈ ਕਿਹਾ ਗਿਆ। ਪ੍ਰਧਾਨ ਮੀਨੂੰ ਭੁੱਟਾ ਵਲੋਂ ਨਵੇਂ ਬਣੇ ਲਾਇਨ ਮੈਂਬਰ ਲਾਇਨ ਮੋਹਿਤ ਦਾ ਮੁੱਖ ਮਹਿਮਾਨ ਜੋਨ ਚੇਅਰਮੈਨ ਲਾਇਨ ਧਰਮਿੰਦਰ ਸਿੰਘ ਵਲੋਂ ਅਵਾਰਡ ਪਿਨ ਨਾਲ ਸਨਮਾਨ ਕਰਵਾਇਆ ਗਿਆ। ਮੀਨੂੰ ਭੁੱਟਾ ਵਲੋਂ ਦੱਸਿਆ ਗਿਆ ਕਿ 11 ਮਾਰਚ 2026 ਨੂੰ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਬੰਗਾ ਵਿਖੇ ਸਵੇਰੇ 9 ਵਜੇ ਤੋਂ ਸ਼ਾਮ 3 ਵਜੇ ਤੱਕ ਕਲੱਬ ਮੈਂਬਰ ਤਨਵੀਰ ਸਿੰਘ, ਡਾ ਗੁਰਮੀਤ ਸਿੰਘ, ਪ੍ਰਿਅੰਕਾ ਕਲਸੀ, ਮੋਹਿਤ, ਵਿਕਾਸ ਚੋਪੜਾ, ਅਮਰਜੀਤ ਸਿੰਘ ਨਾਗਰਾ ਦੇ ਸਹਿਯੋਗ ਨਾਲ ਅਤੇ ਨਰਪਿੰਦਰ ਸਿੰਘ (ਅਮਰੀਕਾ), ਅਮਨਦੀਪ ਕੌਰ (ਅਮਰੀਕਾ), ਰਜੇਸ਼ ਕੁਮਾਰ (ਕਨੇਡਾ) ਅਤੇ ਲਾਇਨਜ਼ ਆਈ ਹਸਪਤਾਲ ਆਦਮਪੁਰ ਦੇ ਵਿਸ਼ੇਸ਼ ਸਹਿਯੋਗ ਨਾਲ ਅੱਖਾਂ ਦਾ ਫ੍ਰੀ ਚੈੱਕਅਪ, ਸਰੀਰ ਦੀਆਂ ਬਿਮਾਰੀਆਂ ਦਾ ਫ੍ਰੀ ਚੈੱਕਅਪ ਅਤੇ ਫ੍ਰੀ ਅਪ੍ਰੇਸ਼ਨ ਕੈਂਪ ਲਗਾਇਆ ਜਾਵੇਗਾ। ਕੈਂਪ ਦੌਰਾਨ ਡਾ ਅਮੀਤੋਜ ਸਿੰਘ ਵਲੋਂ ਅੱਖਾਂ ਦੇ ਅਪ੍ਰੇਸ਼ਨ ਕੀਤੇ ਜਾਣਗੇ, ਡਾ ਦੇਸ ਰਾਜ ਵਲੋਂ ਮਰੀਜਾਂ ਦੀਆਂ ਬਿਮਾਰੀਆਂ ਦਾ ਇਲਾਜ ਕੀਤਾ ਜਾਵੇਗਾ। ਕੈਂਪ ਦੌਰਾਨ ਮਰੀਜ਼ਾ ਦੀ ਅੱਖਾਂ ਦੀ ਜਾਂਚ ਆਧੁਨਿਕ ਮਸ਼ੀਨਾਂ ਨਾਲ ਕੀਤੀ ਜਾਵੇਗੀ ਅਤੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਅਤੇ ਐਨਕਾਂ ਮੁਫਤ ਦਿੱਤੀਆਂ ਜਾਣਗੀਆ। ਮੈਂਬਰਾਂ ਵਲੋਂ ਕਲੱਬ ਦੇ ਐਡਮਨਿਸਟ੍ਰੇਟਰ ਲਾਇਨ ਧੀਰਜ ਕੁਮਾਰ ਮੱਕੜ (ਅਮਰੀਕਾ) ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ ਗਿਆ ਅਤੇ ਪ੍ਰਧਾਨ ਲਾਇਨ ਮੀਨੂੰ ਭੁੱਟਾ ਵਲੋਂ ਜਨਮਦਿਨ ਨੂੰ ਮੁੱਖ ਰਖਦੇ ਹੋਏ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਬੰਗਾ ਨੂੰ 20 ਕੰਬਲ ਭੇਟ ਕੀਤੇ ਗਏ।

# ਸ਼ਿਵਰਾਤਰੀ ਮੌਕੇ ਚੱਬੇਵਾਲ ਤੇ ਅੰਮ੍ਰਿਤ ਕੌਰ ਸਨਮਾਨਤ

ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)

ਪੁਰਾਤਨ ਸ਼ਿਵ ਮੰਦਿਰ ਭਰੋਵਾਲ ਵਿਖੇ ਸ਼ਿਵਰਾਤਰੀ ਭੰਡਾਰੇ ਨੂੰ ਮੁੱਖ ਰੱਖਦੇ ਹੋਏ ਧਾਰਮਿਕ ਸਮਾਗਮ ਸ਼ਰਧਾ ਤੇ ਉਤਸ਼ਾਹਪੂਰਵਕ ਢੰਗ ਨਾਲ ਕਰਵਾਇਆ ਗਿਆ। ਸਮਾਗਮ ਵਿੱਚ ਪਹੁੰਚੇ ਡਾ. ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਤੇ ਅੰਮ੍ਰਿਤ ਕੌਰ ਇਮੀਗ੍ਰੇਸ਼ਨ ਕੰਸਲਟੈਂਟ ਲੁਧਿਆਣਾ ਸਮੇਤ ਹੋਰ




ਸਨਮਾਨਯੋਗ ਸ਼ਖਸੀਅਤਾਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਅੰਮ੍ਰਿਤ ਕੌਰ ਲੁਧਿਆਣਾ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਅਧਿਆਤਮਿਕ ਰੰਗ ਵਿੱਚ ਰੰਗਿਆ। ਇਸ ਮੌਕੇ ਸੰਤ ਰਿਸ਼ੀ ਰਾਜ ਨਵਾਂਸ਼ਹਿਰ, ਕੁਲਵਿੰਦਰ ਬਿੱਟੂ ਸੈਲਾ, ਸਰਿਤਾ ਸ਼ਰਮਾ ਸਾਬਕਾ ਡਾਇਰੈਕਟਰ ਸੀਵਰੇਜ ਬੋਰਡ, ਆਰ ਐੱਸ ਪਠਾਣੀਆਂ, ਕਮੇਟੀ ਦੇ ਪ੍ਰਧਾਨ ਭੁਪਿੰਦਰ ਪਾਲ ਸਿੰਘ ਗੋਲਡੀ, ਚੇਅਰਮੈਨ ਹਰਜੇਸ਼ ਕੁਮਾਰ, ਵਾਈਸ ਪ੍ਰਧਾਨ ਮਨੋਜ ਕੁਮਾਰ, ਡਾਕਟਰ ਸ਼ਾਮ ਸੁੰਦਰ ਸਿੰਗਲਾ, ਗੋਪਾਲ ਕਿਸ਼ਨ, ਵਿਨੋਦ ਭਾਰਦਵਾਜ, ਓਂਕਾਰ, ਮਨਜੀਤ ਕੁਮਾਰ, ਸਰਪੰਚ ਧਰਮਿੰਦਰ ਸਿੰਘ ਭਰੋਵਾਲ, ਸਰਪੰਚ ਜਗਜੀਤ ਸਿੰਘ ਬੱਠਲਾ, ਸਰਪੰਚ ਜਸਵਿੰਦਰ ਸਿੰਘ ਬੱਸੂ ਪੱਖੋਵਾਲ, ਸਰਪੰਚ ਦਲਜੀਤ ਸਿੰਘ ਸੈਲਾ ਖੁਰਦ, ਸਰਪੰਚ ਰਵਿੰਦਰ ਸਿੰਘ ਰੋਜ਼ੀ ਪਿੰਡ ਲਸਾੜਾ, ਸਰਪੰਚ ਤਲਬੀਰ ਸਿੰਘ ਪਿੰਡ ਹੇਲਰਾਂ, ਸਰਪੰਚ ਸਨੀ ਨਾਗਰਾ ਪਿੰਡ ਕੁੱਕੜਾਂ, ਸਰਪੰਚ ਲਖਵੀਰ ਕੁਮਾਰ ਪਿੰਡ ਹਿਆਤਪੁਰ, ਸਰਪੰਚ ਗੋਲਡੀ ਬੀਹੜਾਂ, ਸਰਪੰਚ ਹਰਜੀਤ ਸਿੰਘ ਭਾਤਪੁਰ ਜੱਟਾਂ, ਸਰਪੰਚ ਬਲਜੀਤ ਸਿੰਘ ਪਿੰਡ ਦਦਿਆਲ, ਸਰਪੰਚ ਇੰਦਰਜੀਤ ਸਿੰਘ ਬਰਿਆਣਾ, ਬਲਾਕ ਸੰਮਤੀ ਮੈਂਬਰ ਤਜਿੰਦਰ ਸਿੰਘ ਬਿੱਲੂ, ਰੇਸ਼ਮ ਸਿੰਘ, ਹਰੀਸ਼ ਦੱਤਾ, ਸ਼ੇਖਰ ਕੁਮਾਰ, ਦਲਜੀਤ ਸਿੰਘ, ਮੁਨੀਸ਼ ਵਰਮਾ, ਰੋਹਨ ਵਰਮਾ, ਪੰਕਜ ਗੋਗਨਾ, ਅਮਿਤ ਗੋਗਨਾ, ਸਤੀਸ਼ ਗੋਗਨਾ, ਚਰੰਜੀ ਲਾਲ ਗੋਗਨਾ, ਮਨਜੀਤ ਸਿੰਘ, ਰੋਹਿਤ ਸ਼ਰਮਾ, ਰਜਨੀਸ਼ ਗੋਗਨਾ, ਰਜਨੀਸ਼ ਕੁਮਾਰ, ਗੁਰਪ੍ਰੀਤ ਸਿੰਘ, ਲੋਕੇਸ਼ ਗੁਪਤਾ, ਸ਼ੁਭਮ ਸ਼ਰਮਾ ਅਤੇ ਰਾਜ ਕੁਮਾਰ ਸਮੇਤ ਸ਼ਿਵ ਭਗਤ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ



ਕਰਤਾਰਪੁਰ (ਹਰਮੇਸ਼ ਦੱਤ)-ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ ਵਿਖੇ ਵਿਦਿਆਰਥੀਆਂ ਦੀਆਂ ਕਲਾਤਮਿਕ ਤੇ ਸੱਭਿਆਚਾਰਕ ਰੁਚੀਆਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਅਵਤਾਰ ਸਿੰਘ, ਹਰਜਿੰਦਰ ਕੌਰ, ਕਮਲਜੀਤ ਕੌਰ ਤੇ ਪਰਮਜੀਤ ਕੌਰ ਪੱਡਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸਮਾਗਮ ਦਾ ਆਰੰਭ ਪੰਜਵੀਂ, ਨੌਵੀਂ ਤੇ ਬਾਰਵੀਂ ਕਲਾਸ ਦੀਆਂ ਵਿਦਿਆਰਥਣਾਂ ਵੱਲੋਂ ਸ਼ਬਦ ਗਾਇਨ ਨਾਲ ਕੀਤਾ ਗਿਆ। ਇਸ ਉਪਰੰਤ ਪੰਜਾਬੀ ਕਲਾਸ ਦੀਆਂ ਵਿਦਿਆਰਥਣਾਂ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਨ ਲਈ ਇੱਕ ਸਵਾਗਤੀ ਗੀਤ ਪੇਸ਼ ਕੀਤਾ ਗਿਆ ਇਸ ਤੋਂ ਇਲਾਵਾ ਪਹਿਲੀ ਤੋਂ ਬਾਰਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਪੰਜਾਬੀ ਗੀਤ, ਕਵਿਤਾਵਾਂ, ਦੇਸ਼ ਭਗਤੀ ਦੇ ਗੀਤ, ਨਸ਼ਿਆਂ ਦੇ ਵਿਰੁੱਧ ਵਿੱਚ ਗੀਤ, ਮੋਬਾਈਲ ਫੋਨ, ਸਿੱਖਿਆ ਤੇ ਵਾਤਾਵਰਨ ਦੀ ਸੰਭਾਲ ਬਾਰੇ ਸਕਿੱਟਾਂ ਪੇਸ਼ ਕਰਕੇ ਸਾਰਿਆਂ ਦਾ ਮਨ ਮੋਹ ਲਿਆ। ਮੈਡਮ ਪਰਮਜੀਤ ਕੌਰ ਢਾਹ ਨੇ ਸਕੂਲ ਦੀਆਂ ਗਤੀਵਿਧੀਆਂ ਤੇ ਅਕਾਤਮਿਕ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਸਟੇਜ ਸੰਚਾਲਕ ਦੀ ਭੂਮਿਕਾ ਕੋਆਡੀਨੇਟਰ ਮੈਡਮ ਰਣਜੀਤ ਕੌਰ ਕਹਲੋਂ, ਰਮਨਦੀਪ ਕੌਰ ਰਹੇਜਾ ਤੇ ਮੈਡਮ ਲੀਨਾ ਦੁਆਰਾ ਬਾਖੂਬੀ ਨਿਭਾਈ ਗਈ। ਆਏ ਹੋਏ ਮੁੱਖ ਮਹਿਮਾਨਾਂ ਤੇ ਮੈਡਮ ਪਰਮਜੀਤ ਕੌਰ, ਕੰਚਨ ਸ਼ਰਮਾ, ਰੇਨੂ ਸ਼ਰਮਾ, ਰਜਨੀ ਜੋਸ਼ੀ, ਰਮਨਦੀਪ ਕੌਰ,ਹਰਜਿੰਦਰ ਕੌਰ,ਲੀਨਾ ਚਿੱਟੀ ਦੁਆਰਾ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਤੇ ਹੋਰ ਗਤੀਵਿਧੀਆਂ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਚਿੰਨ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਬਲਾਚੌਰ ਤੋਂ ਹੁਸ਼ਿਆਰਪੁਰ ਦਸੂਹਾ ਮੁਕੇਰੀਆਂ ਸੜਕ ਬਣਨੀ ਸ਼ੁਰੂ



ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ, ਰਾਮ ਲਾਲ)-ਬਲਾਚੌਰ ਭੁਲੇਖਾ ਚੌਂਕ ਤੋਂ ਹੁਸ਼ਿਆਰਪੁਰ, ਦਸੂਹਾ ,ਮੁਕੇਰੀਆਂ ਰੋਡ ਬਹੁਤ ਕਾਫੀ ਸਮੇਂ ਤੋਂ ਸੜਕ ਦੀ ਹਾਲਤ ਬਹੁਤ ਖਸਤਾ ਸੀ ।ਲੰਮੇ ਸਮੇਂ ਤੋਂ ਬਾਅਦ ਬਲਾਚੌਰ ਭੁਲੇਖਾ ਚੌਂਕ ਤੋਂ ਹੁਸ਼ਿਆਰਪੁਰ ਦਸੂਹਾ ਮੁਕੇਰੀਆਂ ਤੱਕ ਦਾ ਰੋਡ ਬਲਾਚੌਰ ਤੋਂ ਬਣਨਾ ਸ਼ੁਰੂ ਹੋ ਗਿਆ। ਇਹ ਸੜਕ ਪੰਜਾਬ ਸਰਕਾਰ ਵੱਲੋਂ ਰਿਹਾਨ ਕੰਪਨੀ ਦੁਆਰਾ ਤਿਆਰ ਕੀਤਾ ਜਾ ਰਿਹਾ ਹੈ। ਜਦੋਂ ਤੋਂ ਟੋਲ ਪਲਾਜ਼ੇ ਬੰਦ ਹੋਏ ਸਨ ਉਹਨਾਂ ਤੋਂ ਬਾਅਦ ਸੜਕਾਂ ਦੇ ਵਲ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ ।ਥਾਂ ਥਾਂ ਤੇ ਟੋਏ ਪੈ ਗਏ ਸਨ। ਪੰਜਾਬ ਸਰਕਾਰ ਦੁਆਰਾ ਇਸ ਸੜਕ ਨੂੰ ਰਿਹਾਨ ਕੰਪਨੀ ਨਾਲ ਮਿਲ ਕੇ ਬਣਾਇਆ ਜਾ ਰਿਹਾ ਹੈ। ਇਸ ਨਾਲ ਲੋਕਾਂ ਨੂੰ ਆਣ ਜਾਣ ਦੇ ਵਿੱਚ ਕਾਫੀ ਸੌਖਾ ਹੋ ਜਾਵੇਗਾ। ਇਸ ਸਬੰਧੀ ਜਦੋਂ ਪੀ ਡਬਲਯੂ ਮਹਿਕਮੇ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਰਿਹਾਨ ਕੰਪਟੀ ਨਾਲ ਮਿਲ ਕੇ ਇਸ ਨੂੰ ਬਣਾਇਆ ਜਾ ਰਿਹਾ ਹੈ। ਉਹਨਾਂ ਨੇ ਦੱਸਿਆ ਕਿ ਇਹ ਸੜਕ ਬਲਾਚੌਰ ਤੋਂ ਲੈ ਕੇ ਗੜ੍ਹਸ਼ੰਕਰ ਤੱਕ ਉਹਨਾਂ ਦੁਆਰਾ ਬਣਾਈ ਜਾਵੇਗੀ ਅਤੇ ਉਸ ਤੋਂ ਅੱਗੇ ਹੋਰ ਅਗਲੇ ਠੇਕੇਦਾਰ ਦੇ ਦੁਆਰਾ ਇਸ ਨੂੰ ਬਣਾਇਆ ਜਾਵੇਗਾ।

## ਸਾਬਕਾ ਕੈਬਨਿਟ ਮੰਤਰੀ ਠੰਡਲ ਨੇ ਪੱਤਰਕਾਰ ਜਗਤਾਰ ਸਿੰਘ ਭੁੰਗਰਨੀ ਨਾਲ ਦੁੱਖ ਕੀਤਾ ਸਾਂਝਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਪਿੰਡ ਭੁੰਗਰਨੀ ਵਿਖੇ ਦੇ ਉਘੇ ਸਮਾਜ ਸੇਵਕ, ਸਾਬਕਾ ਪੰਚ, ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਜਨਰਲ ਸਕੱਤਰ ਪੱਤਰਕਾਰ ਜਗਤਾਰ ਸਿੰਘ ਭੁੰਗਰਨੀ ਦੇ ਛੋਟੇ ਭਰਾ ਦਾ ਬੀਤੀ ਦਿਨੀਂ ਦਿਹਾਂਤ ਹੋ ਗਿਆ ਸੀ। ਇਸ ਮੌਕੇ ਦੁੱਖ ਦੀ ਘੜੀ ਵਿੱਚ ਇਲਾਕੇ ਭਰ ਤੋਂ ਵੱਖ ਵੱਖ ਰਾਜਨੀਤਿਕ ਪਾਰਟੀਆਂ,



ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਸੰਤ ਸਮਾਜ, ਨਿਹੰਗ ਸਿੰਘ ਜਥੇਬੰਦੀਆਂ, ਪੱਤਰਕਾਰ ਭਾਈਚਾਰਾ ਅਤੇ ਸਿਆਸੀ ਆਗੂਆਂ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਦੁੱਖ ਦੀ ਘੜੀ ਵਿੱਚ ਸਰਦਾਰ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਨੇ ਆਪਣੇ ਸਾਥੀਆਂ ਸਮੇਤ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਭੁੰਗਰਨੀ ਨਾਲ ਦੁੱਖ ਸਾਂਝਾ ਕੀਤਾ। ਸਰਦਾਰ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ, ਪ੍ਰਿੰਸੀਪਲ ਰਛਪਾਲ ਸਿੰਘ ਜਲਵੇਹੜਾ, ਜਥੇਦਾਰ ਸੁਰਜੀਤ ਸਿੰਘ ਮਸੂਤਾ, ਜਥੇਦਾਰ ਬਲਵੀਰ ਸਿੰਘ ਫੁਗਲਾਣਾ, ਦੀਦਾਰ ਸਿੰਘ, ਯੂਥ ਅਕਾਲੀ ਆਗੂ ਅਵਤਾਰ ਸਿੰਘ ਤਾਰੀ ਭੁੰਗਰਨੀ, ਸੁਰਿੰਦਰ ਸਿੰਘ ਛਿੰਦੂ, ਧਨਵੰਤ ਸਿੰਘ ਧੰਨਾ, ਬਚਿੰਤ ਸਿੰਘ, ਸੋਹਨ ਸਿੰਘ ਸੰਧੂ,ਪੱਤਰਕਾਰ ਬਹਾਦਰ ਖਾਨ ਕੋਟ ਫਤੂਹੀ, ਸੁਖਵਿੰਦਰ ਸਿੰਘ ਲੱਕੀ ਯੂ ਕੇ,ਮਨਜੀਤ ਸਿੰਘ ਸੋਨੂੰ ਸੰਤੋਖ ਸਿੰਘ ਮਢਿਆਲੀ ਆਦਿ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

20-Feb-Page-9.qxd 2/19/2026 10:47 PM Page 1



# ਨਸ਼ੇ ਦੀ ਓਵਰਡੋਜ਼ ਕਾਰਨ ਨੌਜਵਾਨ ਦੀ ਮੌਤ

**ਮਹਿਤਪੁਰ (ਰਾਜਾ)**

ਪਿੰਡ ਉਧੋਵਾਲ ਦੇ ਨੌਜਵਾਨ ਨਸ਼ੇ ਦੀ ਓਵਰਡੋਜ਼ ਲੈਣ ਕਾਰਨ 22 ਸਾਲਾ ਜਸਬੀਰ ਜੱਸਾ ਪੁੱਤਰ ਤੀਰਥ ਦੀ ਮੌਤ ਹੋ ਗਈ ਤੇ ਲਵ ਦੀਪ ਸਿੱਧੂ ਪੁੱਤਰ ਮੱਖਣ ਨੂੰ ਕੋਸ਼ਿਸ਼ ਕਰਕੇ ਬਚਾ ਲਿਆ ਗਿਆ। ਮੌਕੇ ਉੱਪਰ ਪਹੁੰਚੇ ਐੱਸ ਐੱਚ ਓ ਮਹਿਤਪੁਰ ਨੇ ਮੌਕੇ ਉੱਪਰ ਪਹੁੰਚ ਕੇ ਲਾਸ਼ ਆਪਣੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀ। ਲੋਕਾਂ ਵਿੱਚ ਇਨਾ ਵਿਰੋਧ ਸੀ ਨਸ਼ਾ ਤਸਕਰਾਂ ਨੂੰ ਘੇਰ ਕੇ ਮੌਕੇ ਤੇ ਪੁਲਸ ਨੂੰ ਫੜਾ ਦਿੱਤਾ। ਮੌਕੇ ਇਕੱਠੇ ਹੋਏ ਲੋਕਾਂ ਨੂੰ ਐਸ ਐਚ ਓ ਮਹਿਤਪੁਰ ਪੰਕਜ ਕੁਮਾਰ ਨੇ ਵਿਸ਼ਵਾਸ ਦਵਾਇਆ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਮਹਿਤਪੁਰ ਥਾਣੇ ਵਿੱਚ ਮ੍ਰਿਤਕ ਲੜਕੇ ਦੇ ਪਿਤਾ ਦੇ ਬਿਆਨਾਂ ਤੇ ਐੱਫ ਆਰ ਆਈ ਨੰਬਰ 28 ਧਾਰਾ 304 ਤਹਿਤ ਪਰਚਾ ਦਰਜ ਕਰ ਲਿਆ ਗਿਆ। ਪਿੰਡ ਵਿੱਚ ਕੁਝ ਜਰਾਈਮ ਪੇਸ਼ ਲੋਕ ਸਰਗਰਮ ਹਨ ਜਿਨ੍ਹਾਂ ਵੱਲੋਂ ਸ਼ਰੇਆਮ ਚਿੱਟਾ ਵੇਚਿਆ ਜਾ ਰਿਹਾ ਹੈ। ਜੇ ਕੋਈ ਇਸ ਦਾ ਵਿਰੋਧ ਕਰਦਾ ਹੈ ਤਾਂ ਉਸ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਪੈਦਾ ਹੋਈ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਗ੍ਰਾਮ ਪੰਚਾਇਤ ਉਧੋਵਾਲ ਵੱਲੋਂ ਮਜ਼ਦੂਰ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਨਸ਼ਿਆਂ ਦੇ ਵਿਰੋਧ ਵਿੱਚ ਵੱਡਾ ਇਕੱਠ ਵਿੱਚ ਇੱਕ ਮਤਾ ਪਾਸ ਕਰਕੇ ਨਸ਼ਾ ਵੇਚਣ ਵਾਲਿਆਂ ਵੰਗਾਰਦਿਆਂ ਕਿਹਾ ਗਿਆ ਕਿ ਨਸ਼ੇ ਵੇਚਣ ਤੋਂ ਤੋਬਾ ਕਰ ਲੈਣ ਨਹੀਂ ਤਾਂ ਲੋਕ ਆਪਣੀ ਜਵਾਨੀ ਨੂੰ ਬਚਾਉਣ ਲਈ ਨਸ਼ਾ ਵੇਚਣ ਵਾਲਿਆਂ ਨੂੰ ਨੱਥ ਪਾਉਣਗੇ। ਇਸ ਮਤੇ ਨੂੰ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਨਸ਼ਿਆਂ ਦਾ ਵਿਰੋਧ ਕਰਨ ਲਈ ਮਤਾ ਪੇਸ਼ ਕੀਤਾ ਜਿਸ ਦਾ ਲੋਕਾਂ ਨੇ ਹੱਥ ਖੜੇ ਕਰਕੇ ਸਮਰਥਨ ਕੀਤਾ। ਇਸ ਮੌਕੇ ਪਿੰਡ ਦੀ ਸਰਪੰਚ ਅਨੂ ਪ੍ਰੇਮ, ਮਨਪ੍ਰੀਤ ਕੌਰ ਪੰਚ, ਲਖਬੀਰ ਠੋਲੀ, ਬੀਬੀ ਰਾਜਵਿੰਦਰ ਕੌਰ ਪੰਚ, ਲੰਬੜਦਾਰ ਪ੍ਰੇਮ,ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਕਸ਼ਮੀਰ ਮੰਡਿਆਲਾ, ਕਿਰਤੀ ਕਿਸਾਨ ਯੂਨੀਅਨ ਔਰਤ ਆਗੂ ਮਨਜੀਤ ਕੌਰ, ਸੁਰਜੀਤ ਕੌਰ ਮਾਨ, ਪਰਮਜੀਤ ਕੌਰ, ਇਸਤਰੀ ਜਾਗਰਿਤੀ ਮੰਚ ਦੀ ਜ਼ਿਲ੍ਹਾ ਪ੍ਰਧਾਨ ਅਨੀਤਾ ਸੰਧੂ, ਨੌਜਵਾਨ ਭਾਰਤ ਸਭਾ ਦੇ ਆਗੂ ਸੁਖਦੇਵ ਸਿੰਘ, ਪਿੰਡ ਬੁਲੰਦਾ ਦੀ ਪੰਚਾਇਤ ਵੱਲੋਂ ਸਰਬਜੀਤ ਸਾਗਰ ਤੇ ਸਾਬਕਾ ਸਰਪੰਚ ਰਾਜਵੀਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਦਿਆਲ ਸਿੰਘ ਨੇ ਇੱਕ ਮੁੱਠ ਹੋ ਕੇ ਨਸ਼ਿਆਂ ਵਿਰੁੱਧ ਲੜਨ ਦਾ ਫੈਸਲਾ ਕੀਤਾ। ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਨਸ਼ਿਆ ਵਿਰੁੱਧ ਜੰਗ ਕਾਫੀ ਨਹੀਂ ਲੋਕਾਂ ਨੂੰ ਖੁਦ ਹੀ ਨਸ਼ਿਆਂ ਵਿਰੁੱਧ ਮੈਦਾਨ ਵਿੱਚ ਉਤਰਨਾ ਪਏਗਾ।



# 6 ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਵਿਦਿਅਕ ਮਿਆਰਾਂ ਨੂੰ ਹੋਰ ਬਿਹਤਰ ਬਣਾਉਣ ਪ੍ਰਤੀ ਆਪਣੀ ਦ੍ਰਿੜ੍ਹ ਵਚਨਬੱਧਤਾ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਮਾਛੀਵਾੜਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਕੀਤੇ ਗਏ ਅਚਨਚੇਤ ਨਿਰੀਖਣ ਦੌਰਾਨ ਸਾਹਮਣੇ ਆਈਆਂ ਗੰਭੀਰ ਖਾਮੀਆਂ ਸਬੰਧੀ ਫੌਰੀ ਅਤੇ ਫ਼ੈਸਲਾਕੁੰਨ ਕਾਰਵਾਈ ਕੀਤੀ ਗਈ ਹੈ। ਇਸ ਦੌਰੇ ਦੌਰਾਨ, ਪੰਜਾਬ ਦੇ ਸਿੱਖਿਆ ਮੰਤਰੀ ਨੇ ਸਕੂਲ ਪ੍ਰਬੰਧਨ ਵਿੱਚ ਕਮੀਆਂ ਸਾਹਮਣੇ ਆਈਆਂ ਅਤੇ ਵਿਦਿਆਰਥੀਆਂ ਨੂੰ ਮੁਢਲੀ ਸਿੱਖਿਆ ਨਾਲ ਜੂਝਦੇ ਦੇਖਿਆ, ਜਿਸ ਕਾਰਨ ਤੁਰੰਤ ਸੁਧਾਰਾਤਮਕ ਉਪਾਅ ਕੀਤੇ ਗਏ।ਪੰਜਾਬ ਸਕੂਲ ਸਿੱਖਿਆ ਵਿਭਾਗ ਨੇ ਬਾਅਦ ਵਿੱਚ ਛੇ ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ, ਜਿਨ੍ਹਾਂ ਵਿੱਚ ਬੀ ਆਰ ਸੀ, ਮੁੱਖ ਅਧਿਆਪਕ, ਇੱਕ ਐਸੋਸੀਏਟ ਅਧਿਆਪਕ, ਤਿੰਨ ਈ ਟੀ ਟੀ ਅਧਿਆਪਕ ਤੇ ਇੱਕ ਆਈ ਈ ਏ ਟੀ ਅਧਿਆਪਕ ਸ਼ਾਮਲ ਹਨ।ਇਹ ਕਾਰਵਾਈ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਵਿੱਢੀ ਗਈ 'ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਿੱਖਣ ਦੇ ਨਤੀਜਿਆਂ ਨੂੰ ਹੋਰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨ ਦਾ ਪ੍ਰਤੱਖ ਪ੍ਰਮਾਣ ਹੈ।

# ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਆਊਟਸੋਰਸਿੰਗ ਕਾਮਿਆਂ ਦੀ ਪ੍ਰਮੁੱਖ ਸਕੱਤਰ ਨਾਲ ਮੀਟਿੰਗ

**ਮੋਰਿੰਡਾ (ਨਿਹਾਲ ਸਿੰਘ ਕਲਸੀ)**



ਆਊਟਸੋਰਸਿੰਗ ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਵਿਭਾਗ ਦੇ ਪ੍ਰਮੁੱਖ ਸਕੱਤਰ ਨੀਲਕੰਠ ਨਾਲ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਸਰਬਜੀਤ ਸਿੰਘ ਭੁੱਲਰ, ਜਨਰਲ ਸਕੱਤਰ ਹਰਪ੍ਰੀਤ ਸਿੰਘ ਰਾਜੀਆ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਵਿਭਾਗੀ ਮੁਖੀ ਡਾ. ਸਈਅਦ ਸਹਿਰਸ਼ ਅਸਗਰ ਤੇ ਡਿਪਟੀ ਡਾਇਰੈਕਟਰ (ਪ੍ਰਸ਼ਾਸਨ) ਪੁਨੀਤ ਗਰਗ ਮੌਜੂਦ ਸਨ। ਮੀਟਿੰਗ ਵਿੱਚ ਆਊਟਸੋਰਸ ਮੁਲਾਜ਼ਮਾਂ ਦੀ ਭਲਾਈ ਹਿੱਤ ਬਣਾਈ ਗਈ ਪਾਲਸੀ ਲਾਗੂ ਕਰਨ, ਫੀਲਡ ਤੇ ਦਫ਼ਤਰੀ ਸਟਾਫ਼ ਦੀਆਂ ਤਨਖਾਹਾਂ ਵਿੱਚ ਵਾਧਾ ਕਰਨ, ਜਲ ਸਪਲਾਈ ਸਕੀਮਾਂ ਨੂੰ ਪੰਚਾਇਤਾਂ ਹਵਾਲੇ ਨਾ ਕਰਨ, ਨਵੇਂ ਕਿਰਤ ਰੇਟ ਲਾਗੂ ਕਰਨ ਅਤੇ ਬਣਦਾ ਏਰੀਅਰ ਤੁਰੰਤ ਦੇਣ, ਬਤੌਰ ਨੋਡਲ ਅਫ਼ਸਰ ਡੀ.ਸੀ ਦਫ਼ਤਰਾਂ ਵਿੱਚ ਸੇਵਾਵਾਂ ਕਰਦੇ ਆਊਟਸੋਰਸ ਮੁਲਾਜ਼ਮਾਂ ਦਾ ਡਾਟਾ ਇਕੱਠਾ ਕਰਨ, ਆਊਟਸੋਰਸ ਡਰਾਈਵਰ ਮੁਲਾਜ਼ਮਾਂ ਨੂੰ ਓਵਰ ਟਾਈਮ ਦੀ ਅਦਾਇਗੀ ਕਰਨ, 58 ਸਾਲ ਦੀ ਉਮਰ ਪੂਰੀ ਕਰ ਚੁੱਕੇ ਆਊਟਸੋਰਸ ਮੁਲਾਜ਼ਮਾਂ ਵਰਗੀਆਂ ਤਮਾਮ ਮੰਗਾਂ ਉੱਪਰ ਸਕਰਾਤਮਕ ਚਰਚਾ ਹੋਈ । ਮੀਟਿੰਗ ਦੌਰਾਨ ਪ੍ਰਮੁੱਖ ਸਕੱਤਰ ਨੇ ਦੱਸਿਆ ਕਿ ਕੱਚੇ ਕਾਮਿਆਂ ਸੰਬੰਧੀ ਪੋਲਸੀ ਦਾ ਡਰਾਫਟ ਸਰਕਾਰ ਨੂੰ ਭੇਜ ਦਿੱਤਾ ਗਿਆ ਹੈ , ਜਿਸ ਤੇ ਸਰਕਾਰ ਵੱਲੋਂ ਅੰਤਿਮ ਫੈਸਲਾ ਲੈਣਾ ਹੈ। ਉਹਨਾਂ ਮੀਟਿੰਗ ਦੌਰਾਨ ਭਰੋਸਾ ਦਿੱਤਾ ਕਿ ਸਬੰਧਤ ਵਿਭਾਗ ਨੇ ਕੱਚੇ ਕਾਮਿਆਂ ਦੇ ਹੱਕ ਵਿੱਚ ਹੀ ਸਰਕਾਰ ਨੂੰ ਹਾਂ ਪੱਖੀ ਰਿਪੋਰਟ ਭੇਜੀ ਹੈ। ਮੀਟਿੰਗ ਵਿੱਚ ਕਾਮਿਆਂ ਦੀਆਂ ਤਨਖਾਹਾਂ ਵਿੱਚ ਵਾਧਾ ਕਰਨ,ਕਿਰਤ ਵਿਭਾਗ ਦੇ ਨੋਟੀਫਿਕੇਸ਼ਨ ਮੁਤਾਬਕ ਉਸੇ ਸਮੇਂ ਤਨਖਾਹਾਂ ਵਿੱਚ ਵਾਧਾ ਕਰਨ ਦੇ ਆਦੇਸ਼ ਦਿੱਤੇ ਗਏ। ਮੀਟਿੰਗ ਦੌਰਾਨ ਮੰਗਾਂ ਤੇ ਹੋਈ ਚਰਚਾ ਦੀ ਪ੍ਰੋਸੀਡਿੰਗ ਜਲਦ ਜਾਰੀ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੀਟਿੰਗ ਵਿੱਚ ਬਿੰਦਰ ਸਿੰਘ ਜਿੰਦ, ਦਲਵੀਰ ਸਿੰਘ ਦੁਰਾਲੀ, ਹਰਜੀਤ ਸਿੰਘ ਸੈਣੀ ਅਤੇ ਤੇਜਿੰਦਰਪਾਲ ਸਿੰਘ ਮੁਹਾਲੀ ਸ਼ਾਮਿਲ ਹੋਏ।

# ਅਕਾਲੀ ਦਲ ਦੀ ਰੈਲੀ ਪੰਜਾਬ ਨੂੰ ਨਹੀਂ ਸੁਖਬੀਰ ਨੂੰ ਬਚਾਉਣ ਲਈ ਸੀ : ਸੇਖਵਾਂ



**ਚੰਡੀਗੜ੍ਹ (ਗੁਰਜੀਤ ਬਿੱਲਾ,ਕ੍ਰਿਸ਼ਨ ਗਰਗ)**- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਜਗਰੂਪ ਸਿੰਘ ਸੇਖਵਾਂ ਨੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨਾਲ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਕਾਦੀਆਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਕੀਤੀ ਗਈ ਰੈਲੀ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸਮਾਗਮ ਹਲਕੇ ਜਾਂ ਪੰਜਾਬ ਨੂੰ ਬਚਾਉਣ ਲਈ ਨਹੀਂ, ਸਗੋਂ ਇੱਕ ਪਰਿਵਾਰ ਦੇ ਸਿਆਸੀ ਹਿੱਤਾਂ ਦੀ ਰਾਖੀ ਲਈ ਸੀ।ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਕਾਦੀਆਂ ਵਿੱਚ ਬਾਦਲ ਦਲ ਵੱਲੋਂ ਕੀਤੀ ਗਈ ਰੈਲੀ ਹਲਕੇ ਦੇ ਲੋਕਾਂ ਲਈ ਜਾਂ ਪੰਜਾਬ ਨੂੰ ਬਚਾਉਣ ਲਈ ਨਹੀਂ ਸੀ। ਇਹ ਪੂਰੀ ਤਰ੍ਹਾਂ ਸੁਖਬੀਰ ਬਾਦਲ ਤੇ ਬਾਦਲ ਪਰਿਵਾਰ ਨੂੰ ਬਚਾਉਣ ਦੀ ਮੁਹਿੰਮ ਸੀ।ਉਨ੍ਹਾਂ ਕਿਹਾ ਕਿ ਭਾਵੇਂ ਰੈਲੀ ਨੂੰ ਕਾਦੀਆਂ ਦੇ ਪ੍ਰੋਗਰਾਮ ਵਜੋਂ ਪੇਸ਼ ਕੀਤਾ ਗਿਆ ਸੀ, ਪਰ ਲੋਕਾਂ ਨੂੰ ਪੂਰੇ ਪੰਜਾਬ ਤੋਂ ਲਿਆਂਦਾ ਗਿਆ ਸੀ, ਜਿਸ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਤੋਂ ਇਲਾਵਾ ਰੋਪੜ, ਲੁਧਿਆਣਾ, ਹੁਸ਼ਿਆਰਪੁਰ, ਤਰਨਤਾਰਨ ਅਤੇ ਅੰਮ੍ਰਿਤਸਰ ਵਰਗੇ ਜ਼ਿਲ੍ਹਿਆਂ ਦੇ ਲੋਕ ਵੀ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਤੋਂ ਲੋਕ ਇਕੱਠੇ ਕੀਤੇ ਗਏ ਸਨ। ਯੂਥ ਵਿੰਗ ਦੀ ਲੀਡਰਸ਼ਿਪ ਨੇ ਸੂਬੇ ਭਰ ਤੋਂ ਨੌਜਵਾਨ ਇਕੱਠੇ ਕੀਤੇ ਸਨ, ਫਿਰ ਵੀ ਉੱਥੇ ਕੁਝ ਵੱਡਾ ਨਹੀਂ ਹੋ ਸਕਿਆ।

# ਐੱਸ ਸੀ/ਐੱਸ ਟੀ ਅੱਤਿਆਚਾਰ ਰੋਕੂ ਐਕਟ ਦਾ ਉਦੇਸ਼ ਭਾਈਚਾਰੇ ਦੇ ਅਧਿਕਾਰ ਦੀ ਰਾਖੀ ਕਰਨਾ : ਜਸਵੀਰ ਸਿੰਘ ਗੜ੍ਹੀ

**ਫਿਲੌਰ (ਹਰਜਿੰਦਰ ਕੌਰ ਚਾਹਲ)**



ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਐੱਸ ਸੀ /ਐੱਸ ਟੀ ਅੱਤਿਆਚਾਰ ਰੋਕੂ ਐਕਟ 1989 ਸਮਾਜਿਕ ਬਰਾਬਰੀ ਤੇ ਇਨਸਾਫ਼ ਨੂੰ ਯਕੀਨੀ ਬਣਾਉਣ ਲਈ ਇਕ ਅਹਿਮ ਸੰਵਿਧਾਨਕ ਉਪਾਅ ਹੈ, ਜਿਸ ਦਾ ਉਦੇਸ਼ ਐੱਸ ਸੀ/ਐੱਸ ਟੀ ਭਾਈਚਾਰੇ ਦੇ ਅਧਿਕਾਰਾਂ ਤੇ ਸਨਮਾਨ ਦੀ ਰਾਖੀ ਕਰਨਾ ਹੈ।ਇਥੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲਸ ਅਕੈਡਮੀ ਵਿਖੇ ਡੀ ਐੱਸ ਪੀ ਪੱਧਰ ਦੇ ਅਧਿਕਾਰੀਆਂ ਲਈ ਐੱਸ ਸੀ/ਐੱਸ ਟੀ ਅੱਤਿਆਚਾਰ ਰੋਕੂ ਐਕਟ 1989 ਸੰਬੰਧੀ ਕਰਵਾਈ ਵਿਸਥਾਰਪੂਰਵਕ ਟ੍ਰੇਨਿੰਗ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਇਸ ਟ੍ਰੇਨਿੰਗ ਦਾ ਮੁੱਖ ਮਕਸਦ ਕਾਨੂੰਨ ਦੇ ਪ੍ਰਭਾਵਸ਼ਾਲੀ ਅਮਲ ਲਈ ਪੁਲਿਸ ਅਧਿਕਾਰੀਆਂ ਨੂੰ ਇਸ ਐਕਟ ਸਬੰਧੀ ਵਿਸਥਾਰ ਨਾਲ ਜਾਣਕਾਰੀ ਦੇਣਾ, ਸੰਵੇਦਨਸ਼ੀਲ ਮਾਮਲਿਆਂ ਵਿੱਚ ਐਕਟ ਅਨੁਸਾਰ ਕਾਰਵਾਈ ਯਕੀਨੀ ਬਣਾਉਣਾ ਤੇ ਇਸ ਐਕਟ ਪ੍ਰਤੀ ਜਾਗਰੂਕਤਾ ਵਧਾਉਣਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਕੋਲ ਆਉਣ ਵਾਲੇ ਜ਼ਿਆਦਾਤਰ ਮਾਮਲੇ ਪੁਲਸ ਵਿਭਾਗ ਨਾਲ ਸਬੰਧਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪੁਲਸ ਅਧਿਕਾਰੀਆਂ ਨੂੰ ਐੱਸ ਸੀ/ਐੱਸ ਟੀ ਅੱਤਿਆਚਾਰ ਰੋਕੂ ਐਕਟ ਬਾਰੇ ਜੋ ਟ੍ਰੇਨਿੰਗ ਮੁਹੱਈਆ ਕਰਵਾਈ ਗਈ ਹੈ, ਉਸ ਨਾਲ ਅਜਿਹੇ ਮਾਮਲਿਆਂ ਦੀ ਗਿਣਤੀ ਘੱਟ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਐਸ.ਸੀ. ਕਮਿਸ਼ਨ ਦੇ ਸੁਝਾਅ 'ਤੇ ਪੁਲਸ ਵਿਭਾਗ ਵੱਲੋਂ ਇਹ ਟ੍ਰੇਨਿੰਗ ਪਾਇਲਟ ਪ੍ਰਾਜੈਕਟ ਦੇ ਤੌਰ 'ਤੇ ਕਰਵਾਈ ਗਈ ਹੈ। ਸ਼੍ਰੀ ਗੜ੍ਹੀ ਨੇ ਕਿਹਾ ਕਿ ਇਸ ਲੜੀ ਵਿੱਚ ਇਹ ਪਹਿਲਾ ਟ੍ਰੇਨਿੰਗ ਪ੍ਰੋਗਰਾਮ ਕੀਤਾ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਭਰ ਦੇ 400 ਦੇ ਕਰੀਬ ਡੀ ਐੱਸ ਪੀ ਨੂੰ ਵਿਸਥਾਰਥ ਸਿਖ਼ਲਾਈ ਦੇਣ ਦੀ ਤਜਵੀਜ਼ ਹੈ। ਉਨ੍ਹਾਂ ਕਿਹਾ ਕਿ ਟ੍ਰੇਨਿੰਗ ਵਿੱਚ ਸ਼ਾਮਲ ਪੰਜਾਬ ਭਰ ਤੋਂ ਆਏ ਪੁਲਸ ਅਧਿਕਾਰੀਆਂ ਵੱਲੋਂ ਇਸ ਸਿਖ਼ਲਾਈ ਪ੍ਰੋਗਰਾਮ ਨੂੰ ਹਾਂ-ਪੱਖੀ ਹੁੰਗਾਰਾ ਦਿੱਤਾ ਗਿਆ ਹੈ।

# ਟਰੱਕ ਤੇ ਕ੍ਰੇਟਾ ਕਾਰ ਦੀ ਟੱਕਰ, ਜਾਨੀ ਨੁਕਸਾਨ ਤੋਂ ਬਚਾਅ

**ਬਲਾਚੌਰ (ਜਸਵਿੰਦਰ ਬੈਂਸ)**-ਨੇੜਲੇ ਟੋਲ ਪਲਾਜ਼ਾ ਬਛੂਆ ਕੋਲ ਇੱਕ ਸੜਕ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਸੜਕ 'ਤੇ ਖੜ੍ਹੇ ਇੱਕ ਟਰੱਕ ਜਿਸ ਨੂੰ ਤਰਲੋਚਨ ਸਿੰਘ ਨਿਵਾਸੀ ਬੁੱਟਰ ਸਿਵੀਆ, ਅੰਮ੍ਰਿਤਸਰ ਚਲਾ ਰਿਹਾ ਸੀ, ਵਿੱਚ ਪਿੱਛੋਂ ਆ ਰਹੀ ਇੱਕ ਕ੍ਰੇਟਾ ਕਾਰ ਜ਼ੋਰਦਾਰ ਨਾਲ ਟਕਰਾ ਗਈ।ਕ੍ਰੇਟਾ ਗੱਡੀ ਨੂੰ ਨਰੇਸ਼ ਕੁਮਾਰ ਨਿਵਾਸੀ ਭੇਡੀਆਂ ਮੰਡ, ਬਲਾਚੌਰ ਚਲਾ ਰਿਹਾ ਸੀ।ਟੱਕਰ ਇੰਨੀ ਜ਼ਬਰਦਸਤ ਸੀ ਕਿ ਗੱਡੀ ਦਾ ਕਾਫੀ ਮਾਲੀ ਨੁਕਸਾਨ ਹੋ ਗਿਆ ਹੈ। ਖੁਸ਼ਕਿਸਮਤੀ ਨਾਲ ਇਸ ਹਾਦਸੇ ਵਿੱਚ ਕਿਸੇ ਵੀ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ ਤੇ ਸਾਰੇ ਸੁਰੱਖਿਅਤ ਹਨ।ਘਟਨਾ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਫੋਰਸ ਦੀ ਟੀਮ ਮੌਕੇ 'ਤੇ ਪਹੁੰਚੀ। ਟੀਮ ਵੱਲੋਂ ਤੁਰੰਤ ?ਰਿਕਵਰੀ ਵੈਨ ਨੂੰ ਮੌਕੇ 'ਤੇ ਬੁਲਾਇਆ ਗਿਆ। ?ਦੁਰਘਟਨਾਗ੍ਰਸਤ ਵਾਹਨਾਂ ਨੂੰ ਸੜਕ ਤੋਂ ਹਟਾ ਕੇ ਸਾਈਡ 'ਤੇ ਕਰਵਾਇਆ ਗਿਆ।ਜਾਮ ਦੀ ਸਥਿਤੀ ਨੂੰ ਰੋਕਣ ਲਈ ਟ੍ਰੈਫਿਕ ਨੂੰ ਮੁੜ ਸੁਚਾਰੂ ਢੰਗ ਨਾਲ ਚਾਲੂ ਕਰਵਾਇਆ ਗਿਆ।

# ਸਿਵਲ ਸਰਜਨ ਵੱਲੋਂ ਟੈਲੀ-ਮਾਨਸ ਹੈਲਪਲਾਈਨ ਦਾ ਲਾਭ ਲੈਣ ਦੀ ਅਪੀਲ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**



ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਮਾਨਸਿਕ ਰੋਗਾਂ ਤੋਂ ਪੀੜਤ ਵਿਅਕਤੀਆਂ ਜਾਂ ਉਨ੍ਹਾਂ ਦੇ ਸਾਕ-ਸਬੰਧੀਆਂ ਨੂੰ ਟੈਲੀ-ਮਾਨਸ ਹੈਲਪਲਾਈਨ ਦਾ ਲਾਭ ਲੈਣ ਦੀ ਮੁੜ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਨਸਿਕ ਰੋਗਾਂ ਤੋਂ ਪੀੜਤ ਲੋਕਾਂ ਲਈ ਇਹ ਹੈਲਪਲਾਈਨ ਬੇਹੱਦ ਫ਼ਾਇਦੇਮੰਦ ਸਾਬਤ ਹੋ ਰਹੀ ਹੈ। ਟੋਲ ਫ੍ਰੀ ਹੈਲਪਲਾਈਨ ਨੰਬਰ 1800-89-14416 ਜਾਂ 14416 ਰਾਹੀਂ ਘਰ ਬੈਠੇ ਹੀ ਟੈਲੀ-ਮਾਨਸ ਸੇਵਾਵਾਂ ਕੀਤੀਆਂ ਜਾ ਸਕਦੀਆਂ ਹਨ। ਕਾਲਰ ਦੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਮਾਨਸਿਕ ਤੰਦਰੁਸਤੀ ਵਿੱਚ ਵਾਧਾ ਕਰਨ ਲਈ ਭਾਰਤ ਸਰਕਾਰ ਨੇ 10 ਅਕਤੂਬਰ, 2022 ਨੂੰ ਟੈਲੀ-ਮਾਨਸ ਪ੍ਰਾਜੈਕਟ ਸ਼ੁਰੂ ਕੀਤਾ ਸੀ। ਟੈਲੀ-ਮਾਨਸ ਟੋਲ ਫ੍ਰੀ ਹੈਲਪਲਾਈਨ ਹੈ ਜੋ ਪੂਰੇ ਭਾਰਤ ਵਿੱਚ 24x7 ਮੁਫ਼ਤ ਮਾਨਸਿਕ ਸਿਹਤ ਸਲਾਹ ਪ੍ਰਦਾਨ ਕਰਦੀ ਹੈ। ਡਾ. ਜੈਨ ਨੇ ਦਸਿਆ ਕਿ ਟੈਲੀ-ਮਾਨਸ ਰਾਹੀਂ ਮਰੀਜ਼ ਮਾਨਸਿਕ ਸਿਹਤ ਸੰਬੰਧੀ ਚਿੰਤਾਵਾਂ ਦੇ ਹੱਲ ਲਈ ਮਨੋਚਿਕਿਤਸਕਾਂ, ਮਨੋਵਿਗਿਆਨੀਆਂ, ਸਲਾਹਕਾਰਾਂ, ਸਮਾਜ ਸੇਵਕਾਂ ਆਦਿ ਨਾਲ ਜੁੜ ਸਕਦੇ ਹਨ। ਇਹ ਸੇਵਾ 20+ ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ। ਸਿਹਤ ਅਧਿਕਾਰੀਆਂ ਨੇ ਆਖਿਆ ਕਿ ਇਹ ਪ੍ਰਾਜੈਕਟ ਦਿਮਾਗੀ ਰੋਗਾਂ ਦੇ ਹਰ ਤਰ੍ਹਾਂ ਦੇ ਮਰੀਜ਼ਾਂ ਲਈ ਵੱਡਾ ਉਪਰਾਲਾ ਹੈ। ਇਸ ਹੈਲਪਲਾਈਨ ਰਾਹੀਂ ਘਰ ਬੈਠੇ ਦਿਮਾਗੀ ਰੋਗੀ ਸਲਾਹ ਅਤੇ ਦਵਾਈ ਬਾਰੇ ਪੁੱਛ ਸਕਦੇ ਹਨ। ਮਰੀਜ਼ ਡਾਕਟਰ ਕੋਲ ਆਨਲਾਈਨ ਅਪੁਆਇੰਟਮੈਂਟ ਬੁੱਕ ਕਰਵਾ ਸਕਦਾ ਹੈ।

# ਗੁਰਚਰਨ ਸਿੰਘ ਨੇ ਪੈਸਕੋ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਕੈਬਨਿਟ ਮੰਤਰੀਆਂ ਮੋਹਿੰਦਰ ਭਗਤ, ਲਾਲਜੀਤ ਸਿੰਘ ਭੁੱਲਰ, ਹਰਦੀਪ ਸਿੰਘ ਮੁੰਡੀਆਂ, ਤਰੁਨਪ੍ਰੀਤ ਸਿੰਘ ਸੌਂਦ ਅਤੇ ਡਾ. ਬਲਬੀਰ ਸਿੰਘ ਦੀ ਹਾਜ਼ਰੀ ਵਿੱਚ, ਮੇਜਰ (ਡਾ.) ਗੁਰਚਰਨ ਸਿੰਘ, ਸੇਵਾਮੁਕਤ ਨੇ ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ (ਪੈਸਕੋ) ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ।ਇਸ ਮੌਕੇ ਕੈਬਨਿਟ ਮੰਤਰੀਆਂ ਨੇ ਮੇਜਰ (ਡਾ.) ਗੁਰਚਰਨ ਸਿੰਘ ਨੂੰ ਵਧਾਈ ਦਿੱਤੀ ਤੇ ਵਿਸ਼ਵਾਸ ਪ੍ਰਗਟਾਇਆ ਕਿ ਉਨ੍ਹਾਂ ਦਾ ਪ੍ਰਸ਼ਾਸਕੀ ਤਜਰਬਾ, ਅਨੁਸ਼ਾਸਿਤ ਪਿਛੋਕੜ ਅਤੇ ਸਾਬਕਾ ਫੌਜੀਆਂ ਦੀ ਭਲਾਈ ਪ੍ਰਤੀ ਵਚਨਬੱਧਤਾ ਨਾਲ ਕਾਰਪੋਰੇਸ਼ਨ ਦੇ ਕੰਮਕਾਜ ਨੂੰ ਹੋਰ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਸਾਬਕਾ ਫੌਜੀਆਂ ਦੇ ਰਾਸ਼ਟਰ ਪ੍ਰਤੀ ਵਡਮੁੱਲੇ ਯੋਗਦਾਨ ਨੂੰ ਸਤਿਕਾਰ ਦਿੰਦਿਆਂ ਪੰਜਾਬ ਸਰਕਾਰ ਸੈਨਿਕਾਂ ਤੇ ਉਨ੍ਹਾਂ ਦੇ ਪਰਵਾਰਾਂ ਦੀ ਭਲਾਈ ਤੇ ਮੁੜ ਵਸੇਬੇ ਲਈ ਵਚਨਬੱਧ ਹੈ।

# ਐੱਸ ਡੀ ਮਾਡਲ ਸੀਨੀਅਰ ਸੈਕੰਡਰੀ ਸਕੂਲ 'ਚ ਗ੍ਰੈਜੂਏਸ਼ਨ ਸੈਰੇਮਨੀ ਕਰਵਾਈ

**ਸੁਲਤਾਨਪੁਰ ਲੋਧੀ (ਹਨੀ)**-ਐਸ ਡੀ ਮਾਡਲ ਸੀਨੀਅਰ ਸੈਕੈਂਡਰੀ ਸਕੂਲ ਸੁਲਤਾਨਪੁਰ ਲੋਧੀ ਵਿੱਚ ਗ੍ਰੈਜੂਏਸ਼ਨ ਸੈਰੇਮਨੀ ਕਰਵਾਈ ਗਈ। ਇਸ ਮੌਕੇ ਪ੍ਰਿੰਸੀਪਲ ਕਰਨਜੀਤ ਸਿੰਘ ਨੇ ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਵਿਦਿਆਰਥੀਆਂ ਦੇ ਜੀਵਨ ਵਿੱਚ ਸਿੱਖਿਆ ਦੇ ਮਹੱਤਵ ਨੂੰ ਦੱਸਦਿਆਂ ਹੋਇਆਂ ਬੱਚਿਆਂ ਨੂੰ ਪੜ੍ਹਾਈ ਵਿੱਚ ਮਿਹਨਤ ਕਰਕੇ ਆਉਣ ਵਾਲੀ ਪ੍ਰੀਖਿਆਵਾਂ ਵਿੱਚ ਚੰਗੇ ਅੰਕ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨਾਂ ਨੇ ਵਿਦਿਆਰਥੀਆਂ ਦੇ ਮਾਤਾ ਪਿਤਾ ਦਾ ਸਵਾਗਤ ਕੀਤਾ।ਸਕੂਲ ਦੇ ਛੋਟੇ ਛੋਟੇ ਬੱਚਿਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਤੇ ਫੈਂਸੀ ਡਰੈਸ ਪ੍ਰਤੀਯੋਗਤਾ ਵਿੱਚ ਵੀ ਹਿੱਸਾ ਲਿਆ। ਨਰਸਰੀ ਜਮਾਤ ਵਿੱਚ ਆਉਣ ਵਾਲੇ ਨਵੇਂ ਵਿਦਿਆਰਥੀਆਂ ਨੇ ਵੀ ਇਸ ਸਮਾਗਮ ਵਿੱਚ ਭਾਗ ਲਿਆ ਅਤੇ ਆਪਣਾ ਡਾਂਸ ਪੇਸ਼ ਕੀਤਾ। ਸਮਾਗਮ ਦੌਰਾਨ ਸਟੇਜ ਸੈਕਟਰੀ ਦੀ ਭੂਮਿਕਾ ਮੈਡਮ ਕੀਰਤੀ ਤੇ ਸੌਰਵ ਨੇ ਨਿਭਾਈ। ਪ੍ਰਿੰਸੀਪਲ ਕਰਨਜੀਤ ਸਿੰਘ ਨੇ ਸਰਸਵਤੀ ਵੰਦਨਾ ਦੌਰਾਨ ਜੋਤੀ ਪ੍ਰਭਜਲਿਤ ਕੀਤੀ ਤੇ ਯੂ ਕੇ ਜੀ ਜਮਾਤ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ। ਇਸ ਮੌਕੇ ਮੈਡਮ ਰੇਖਾ ਸ਼ਰਮਾ ਨੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਆਪਣੀ ਪੜ੍ਹਾਈ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ । ਮੈਡਮ ਡਿੰਪਲ ਅਤੇ ਮੈਡਮ ਭਾਰਤੀ ਨੇ ਵੀ ਵਿਦਿਆਰਥੀਆਂ ਦੇ ਸੱਭਿਆਚਾਰਕ ਪ੍ਰੋਗਰਾਮ ਦੀ ਪ੍ਰਸ਼ੰਸਾ ਕੀਤੀ। ਮੈਡਮ ਪੂਨਮ ਧੀਰ ਨੇ ਆਏ ਹੋਏ ਮਹਿਮਾਨਾ ਤੇ ਵਿਦਿਆਰਥੀਆਂ ਦੇ ਮਾਤਾ-ਪਿਤਾ ਦਾ ਧੰਨਵਾਦ ਕੀਤਾ। ਇਸ ਮੌਕੇ ਮੈਡਮ ਨੀਤੂ, ਪ੍ਰਾਂਚਲ, ਸ਼ੀਤਲ, ਰਾਜਵਿੰਦਰ, ਰਮਨਦੀਪ, ਰੂਬਲਪ੍ਰੀਤ, ਮਮਤਾ, ਮੰਜੂ ਧੀਰ, ਕੰਚਨ, ਦਲਜੀਤ ਕੌਰ, ਆਰਤੀ, ਆਸ਼ਾ, ਸੰਦੀਪ ਕੌਰ, ਜਗਦੀਪ, ਦਿਵਿਆ, ਬਲਬੀਰ ਆਦਿ ਵੀ ਮੌਜੂਦ ਸਨ।



# ਆਰ ਬੀ ਯੂ 'ਚ ਕਾਰਪੋਰੇਟ ਕਲੋਜ਼ੇਟ 2026 ਕਰਵਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਵਿਦਿਆਰਥੀਆਂ ਨੂੰ ਪੇਸ਼ੇਵਰ ਸ਼ਖਸੀਅਤ ਅਤੇ ਕਾਰਪੋਰੇਟ ਅਨੁਸ਼ਾਸਨ ਬਾਰੇ ਜਾਗਰੂਕ ਕਰਨ ਲਈ 'ਕਾਰਪੋਰੇਟ ਕਲੋਜ਼ੇਟ 2026' ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਹ ਪ੍ਰੋਗਰਾਮ ਵਾਈਸ ਚਾਂਸਲਰ ਅਤੇ ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਦੀ ਅਗਵਾਈ ਹੇਠ ਤੇ ਡਾ. ਜਸਦੀਪ ਕੌਰ ਧਾਮੀ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ ਸੀ। ਇਸ ਸੰਬੰਧ ਵਿਚ ਜਾਣਕਾਰੀ ਦਿੰਦੇ ਹੋਏ, ਪ੍ਰੋ. ਡਾ. ਸ਼ੈਲੀ ਖੋਸਲਾ ਅਤੇ ਪ੍ਰੋ. ਤੇਜਸਵੀ ਚੌਧਰੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ 11 ਰਾਊਂਡ ਆਯੋਜਿਤ ਕੀਤੇ ਗਏ, ਜਿਸ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਭਾਗੀਦਾਰਾਂ ਨੇ ਪੇਸ਼ੇਵਰ ਪਹਿਰਾਵੇ ਦੀ ਮਹੱਤਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਕਾਰਪੋਰੇਟ ਡਰੈਸਿੰਗ ਸਿਰਫ਼ ਦਿੱਖ ਤੱਕ ਸੀਮਤ ਨਹੀਂ ਹੈ, ਇਹ ਆਤਮਵਿਸ਼ਵਾਸ, ਅਨੁਸ਼ਾਸਨ ਅਤੇ ਪੇਸ਼ੇਵਰ ਯੋਗਤਾ ਦਾ ਪ੍ਰਤੀਕ ਹੈ।ਡਾ. ਜਯੋਤਸਨਾ ਤੇ ਡਾ. ਪ੍ਰਿਯੰਕਾ ਪੁਰੀ ਨੇ ਇਸ ਮੌਕੇ ਜੱਜ ਵਜੋਂ ਸੇਵਾ ਨਿਭਾਈ। ਮੁਕਾਬਲੇ ਦੌਰਾਨ, ਬੈਸਟ ਡਰੈੱਸ, ਬੈਸਟ ਲੁੱਕਸ, ਮਿਸਟਰ ਐਂਡ ਮਿਸ ਪਰਸਨੈਲਿਟੀ, ਮਿਸਟਰ ਐਂਡ ਮਿਸ ਕਨਫਿਡੈਂਟ, ਅਤੇ ਬੈਸਟ ਰੈਂਪ ਵਾਕ (ਮੁੰਡੇ ਅਤੇ ਕੁੜੀਆਂ) ਦੇ ਖਿਤਾਬਾਂ ਦਾ ਐਲਾਨ ਕੀਤਾ ਗਿਆ। ਇਸ ਮੌਕੇ ਜੇਤੂਆਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਵਿੱਚ ਸਾਰੇ ਅਧਿਆਪਕ ਤੇ ਸਟਾਫ਼ ਮੌਜੂਦ ਸਨ।

# ਭ੍ਰਿਸ਼ਟਾਚਾਰ ਨੂੰ ਜੜ੍ਹੋਂ ਮੁਕਾਉਣ ਲਈ ਹਿਊਮਨ ਰਾਈਟਸ ਕੌਂਸਲ ਸਰਗਰਮ : ਆਸ਼ੂ ਮਾਰਕੰਡਾ

**ਫਗਵਾੜਾ (ਡਾ. ਰਮਨ)**-ਹਿਊਮਨ ਰਾਈਟਸ ਕੌਂਸਲ (ਇੰਡੀਆ) ਨੇ ਸਮਾਜ ਵਿੱਚ ਵੱਧ ਰਹੇ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ, ਅਤੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਨੂੰ ਤੇਜ਼ ਕਰਨ ਤੇ ਜਨਤਕ ਜਾਗਰੂਕਤਾ ਵਧਾਉਣ ਦਾ ਸੰਕਲਪ ਲਿਆ ਹੈ। ਕੌਂਸਲ ਦੇ ਕਪੂਰਥਲਾ ਜ਼ਿਲ੍ਹਾ ਪ੍ਰਧਾਨ ਆਸ਼ੂ ਮਾਰਕੰਡਾ ਨੇ ਦੱਸਿਆ ਕਿ ਇਹ ਮੁਹਿੰਮ ਰਾਸ਼ਟਰੀ ਪ੍ਰਧਾਨ ਆਰਤੀ ਰਾਜਪੂਤ ਦੀ ਯੋਗ ਅਗਵਾਈ ਅਤੇ ਦਿਸ਼ਾ-ਨਿਰਦੇਸ਼ਾਂ ਹੇਠ ਲਗਾਤਾਰ ਅੱਗੇ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਕੌਂਸਲ ਦਾ ਮੁੱਖ ਉਦੇਸ਼ ਜਨਤਾ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਬੇਇਨਸਾਫ਼ੀ ਅਤੇ ਭ੍ਰਿਸ਼ਟਾਚਾਰ ਵਿਰੁੱਧ ਬੋਲਣ ਲਈ ਪ੍ਰੇਰਿਤ ਕਰਨਾ ਹੈ। ਜੇਕਰ ਕਿਸੇ ਵੀ ਨਾਗਰਿਕ ਤੋਂ ਪੁਲਸ ਵਿਭਾਗ, ਪ੍ਰਸ਼ਾਸਨ, ਤਹਿਸੀਲ, ਨਗਰ ਨਿਗਮ ਜਾਂ ਕਿਸੇ ਹੋਰ ਸਰਕਾਰੀ ਦਫ਼ਤਰ ਵੱਲੋਂ ਰਿਸ਼ਵਤ ਮੰਗੀ ਜਾਂਦੀ ਹੈ ਜਾਂ ਕਿਸੇ ਵੀ ਤਰੀਕੇ ਨਾਲ ਪ੍ਰੇਸ਼ਾਨ ਕੀਤਾ ਜਾਂਦਾ ਹੈ, ਤਾਂ ਉਹ ਬਿਨਾਂ ਕਿਸੇ ਡਰ ਦੇ ਕੌਂਸਲ ਨਾਲ ਸੰਪਰਕ ਕਰ ਸਕਦੇ ਹਨ। ਆਸ਼ੂ ਮਾਰਕੰਡਾ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਗੈਰ-ਕਾਨੂੰਨੀ ਮੰਗ ਜਾਂ ਦਬਾਅ ਅੱਗੇ ਨਾ ਝੁਕਣ, ਸਗੋਂ ਤੁਰੰਤ ਕੌਂਸਲ ਨੂੰ ਸੂਚਿਤ ਕਰਨ ਤਾਂ ਜੋ ਸ਼ਿਕਾਇਤ ਨੂੰ ਸਬੰਧਤ ਵਿਭਾਗ ਨੂੰ ਭੇਜਿਆ ਜਾ ਸਕੇ ਅਤੇ ਢੁਕਵੀਂ ਕਾਰਵਾਈ ਕੀਤੀ ਜਾ ਸਕੇ। ਆਸ਼ੂ ਮਾਰਕੰਡਾ ਨੇ ਕਿਹਾ ਕਿ ਕੌਂਸਲ ਭਵਿੱਖ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਸੰਵਿਧਾਨਕ ਅਤੇ ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕ ਕਰਨ ਲਈ ਜਨਤਕ ਜਾਗਰੂਕਤਾ ਕੈਂਪ, ਕਾਨੂੰਨੀ ਸਲਾਹ ਸੈਸ਼ਨ ਅਤੇ ਸਮਾਜਿਕ ਸੰਵਾਦ ਪ੍ਰੋਗਰਾਮ ਆਯੋਜਿਤ ਕਰੇਗੀ।

# ਗਣਤੰਤਰ ਦਿਵਸ ਪਰੇਡ 'ਚ ਭਾਗ ਲੈਣ ਵਾਲੇ ਕਮਾਂਡਰ ਸਨਮਾਨਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਡੀ ਐੱਸ ਪੀ ਜਸ਼ਨਦੀਪ ਸਿੰਘ ਮਾਨ ਵੱਲੋਂ ਗਣਤੰਤਰ ਦਿਵਸ 2026 ਦੀ ਪਰੇਡ ਦੇ ਵਿੱਚ ਭਾਗ ਲੈਣ ਵਾਲੇ ਮਾਰਚ ਪਾਸਟ ਕਮਾਂਡਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਦੱਸਿਆ ਕਿ ਡੀ ਐੱਸ ਪੀ ਜਸ਼ਨਦੀਪ ਸਿੰਘ ਮਾਨ ਵੱਲੋਂ ਗਣਤੰਤਰ ਦਿਵਸ 2026 ਦੇ ਮੌਕੇ ਸਬ ਡਿਵੀਜ਼ਨ ਪੱਧਰ ਉੱਤੇ ਮਾਰਚ ਪਾਸਟ ਵਿੱਚ ਭਾਗ ਲੈਣ ਵਾਲੇ ਪਲਾਟੂਨ ਕਮਾਂਡਰਾਂ ਨੂੰ ਆਪਣੇ ਦਫਤਰ ਬੁਲਾ ਕੇ ਸਨਮਾਨਤ ਕੀਤਾ ਗਿਆ। ਗਣਤੰਤਰ ਦਿਵਸ ਮੌਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀ ਜਸ਼ਨਦੀਪ ਸਿੰਘ ਨੇ ਮਾਰਚ ਪਾਸਟ ਵਿੱਚ ਬਤੌਰ ਪਲਾਟੂਨ ਕਮਾਂਡਰ ਹਿੱਸਾ ਲਿਆ। ਡੀ ਐੱਸ ਪੀ ਜਸ਼ਨਦੀਪ ਸਿੰਘ ਮਾਨ ਨੇ ਵਿਦਿਆਰਥੀ ਨੂੰ ਉਸਦੇ ਭਵਿੱਖ ਦੇ ਟੀਚੇ ਬਾਰੇ ਵਿਸਤਾਰ ਨਾਲ ਪੁੱਛਿਆ ਅਤੇ ਮਾਰਗਦਰਸ਼ਨ ਕੀਤਾ। ਡੀ ਐੱਸ ਪੀ ਜਸ਼ਨਦੀਪ ਸਿੰਘ ਮਾਨ ਨੇ ਕਮਾਂਡਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਤੁਹਾਨੂੰ ਆਪਣਾ ਨਿਸ਼ਾਨਾ ਮਿੱਥ ਕੇ ਉਸ ਦੀ ਪ੍ਰਾਪਤੀ ਲਈ ਹੁਣ ਤੋਂ ਹੀ ਕੋਸ਼ਿਸ਼ ਸ਼ੁਰੂ ਕਰ ਦੇਣੀ ਚਾਹੀਦੀ ਹੈ । ਉਹਨਾਂ ਕਿਹਾ ਕਿ ਉਹ ਕੈਡਿਟਾਂ ਦਾ ਅਨੁਸ਼ਾਸਨ ਤੇ ਪਰੇਡ ਦੇਖ ਕੇ ਬਹੁਤ ਪ੍ਰਭਾਵਿਤ ਹੋਏ ਹਨ । ਉਹਨਾਂ ਕੈਡਿਟਾਂ ਨੂੰ ਕਿਹਾ ਕਿ ਜੇਕਰ ਉਹ ਕਿਸੇ ਵੀ ਤਰ੍ਹਾਂ ਦੀ ਅਗਵਾਈ ਦੀ ਜਰੂਰਤ ਸਮਝਦੇ ਹਨ ਤਾਂ ਉਹ ਡੀ ਐੱਸ ਪੀ ਦਫ਼ਤਰ ਆ ਕੇ ਉਹਨਾਂ ਨਾਲ ਸੰਪਰਕ ਕਰ ਸਕਦੇ ਹਨ। ਸਕੂਲ ਦੇ ਡੀ ਪੀ ਈ ਰਣਜੋਧ ਸਿੰਘ ਨੇ ਡੀ ਐੱਸ ਪੀ ਜਸ਼ਨਦੀਪ ਸਿੰਘ ਮਾਨ ਵੱਲੋਂ ਕੀਤੀ ਇਸ ਨਿਵੇਕਲੀ ਪਹਿਲ ਦਾ ਭਰਪੂਰ ਸਵਾਗਤ ਕੀਤਾ । ਉਹਨਾਂ ਕਿਹਾ ਕਿ ਇਸ ਤਰਾਂ ਦੀ ਪਹਿਲ ਵਿਦਿਆਰਥੀਆਂ ਦੇ ਲਈ ਮਾਰਗ ਦਰਸ਼ਕ ਅਤੇ ਉਤਸ਼ਾਹ ਵਰਧਕ ਸਾਬਿਤ ਹੋਵੇਗੀ। ਡੀ ਪੀ ਈ ਰਣਜੋਧ ਸਿੰਘ ਵੱਲੋਂ ਡੀ ਐੱਸ ਪੀ ਜਸ਼ਨਦੀਪ ਸਿੰਘ ਮਾਨ ਦਾ ਧੰਨਵਾਦ ਕੀਤਾ ਗਿਆ । ਕੈਡਿਟਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਐੱਨ ਸੀ ਸੀ ਅਫ਼ਸਰ ਸਰਬਜੀਤ ਸਿੰਘ, ਰਾਜ ਕੁਮਾਰ , ਰੀਡਰ ਸੁਰਿੰਦਰ ਮੋਹਨ ਸਮੇਤ ਵੱਡੀ ਗਿਣਤੀ ਵਿੱਚ ਵੱਖ ਵੱਖ ਸੰਸਥਾਵਾਂ ਦੇ ਕੈਡਿਟ ਤੇ ਮਾਤਾ ਪਿਤਾ ਮੌਜੂਦ ਸਨ।



# ਉਚਾਣਾ 'ਚ ਨਵੀਂ ਅਨਾਜ ਮੰਡੀ ਤੇ ਮਾਰਕਿਟ ਕਮੇਟੀ ਭਵਨ ਬਣੇਗਾ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਜੀਂਦ ਜਿਲ੍ਹਾ ਦੇ ਉਚਾਨਾ ਵਿਧਾਨਸਭਾ ਖੇਤਰ ਵਿੱਚ ਸਿਹਤ, ਸੜਕ ਅਤੇ ਸਿੰਚਾਈ ਸਮੇਤ ਮੁੱਢਲੀ ਸਹੂਲਤਾਂ ਨੂੰ ਪ੍ਰੋਤਸਾਹਨ ਦੇਣ ਲਈ ਕਈ ਅਹਿਮ ਐਲਾਨ ਕੀਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਵੱਲੋਂ ਉਚਾਨਾ ਵਿੱਚ ਨਵੀਂ ਵੱਧ ਅਨਾਜ ਮੰਡੀ ਤੇ ਮਾਰਕਿਟ ਕਮੇਟੀ ਦੇ ਭਵਨ ਦਾ ਨਿਰਮਾਣ ਕਰਵਾਇਆ ਜਾਵੇਗਾ। ਮੁੱਖ ਮੰਤਰੀ ਬੁੱਧਵਾਰ ਨੂੰ ਉਚਾਨਾ ਵਿੱਚ ਆਯੋਜਿਤ ਧੰਨਵਾਦ ਰੈਲੀ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਇਸ ਦੌਰਾਨ ਉਚਾਨਾ ਵਿਧਾਨਸਭਾ ਦੇ ਵਿਕਾਸ ਲਈ 5 ਕਰੋੜ ਰੁਪਏ, ਇਸ ਤੋਂ ਇਲਾਵਾ ਉਚਾਨਾ ਸ਼ਹਿਰ ਦੀ ਬ੍ਰਾਹਮਣ ਧਰਮਸ਼ਾਲਾ, ਪਿਛੜਾ ਸਮਾਜ ਦੀ ਧਰਮਸ਼ਾਲਾ ਅਤੇ ਅਗਰਵਾਲ ਸਮਾਜ ਦੀ ਧਰਮਸ਼ਾਲਾ ਲਈ ਸਵੈਚਿੱਛਕ ਕੋਟੇ ਤੋਂ 11-11 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ।

# ਨੀਤੀ ਤੇ ਅੰਤੋਂਦੇਯ ਦੇ ਸੰਕਲਪ 'ਤੇ ਹੀ ਸੂਬੇ 'ਚ ਤੀਜੀ ਵਾਰ ਬਣੀ ਸਰਕਾਰ : ਮੁੱਖ ਮੰਤਰੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਸਰਕਾਰ ਦੀ ਨੀਅਤ, ਨੀਤੀ ਅਤੇ ਅੰਤੋਂਦੇਯ ਦੇ ਸੰਕਲਪ 'ਤੇ ਹੀ ਸੂਬੇ ਵਿੱਚ ਤੀਜੀ ਵਾਰ ਡਬਲ ਇੰਜਨ ਦੀ ਸਰਕਾਰ ਬਣੀ ਹੈ। ਉਚਾਣਾ ਦੇ ਵਿਕਾਸ ਦੇ ਪਹੀਏ ਨੂੰ ਹੁਣ ਹੋਰ ਵੀ ਤੇਜ ਗਤੀ ਦਿੱਤੀ ਜਾਵੇਗੀ ਤੇ ਇੱਥੇ ਦੀ ਖੁਸ਼ਹਾਲੀ ਵਿੱਚ ਕੋਈ ਕਸਰ ਬਾਕੀ ਨਹੀ ਰਹਿਣ ਦਿੱਤੀ ਜਾਵੇਗੀ।ਮੁੱਖ ਮੰਤਰੀ ਜੀਂਦ ਦੇ ਉਚਾਨਾ ਵਿੱਚ ਬੁੱਧਵਾਰ ਨੂੰ ਧੰਨਵਾਦ ਰੈਲੀ ਨੂੰ ਸੰਬੋਧਿਤ ਕਰ ਰਹੇ ਸਨ। ਰੈਲੀ ਵਿੱਚ ਪਹੁੰਚਣ ਤੇ ਆਯੋਜਕ ਅਤੇ ਉਚਾਨਾ ਵਿਧਾਨਸਭਾ ਤੋਂ ਵਿਧਾਇਕ ਸ੍ਰੀ ਦੇਵੇਂਦਰ ਚਤੁਰਭੁਜ ਅੱਤਰੀ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦਾ ਸਵਾਗਤ ਕੀਤਾ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ 103 ਕਰੋੜ 31 ਲੱਖ ਰੁਪਏ ਲਾਗਤ ਦੀ 5 ਵਿਕਾਸ ਪਰਿਯੋਜਨਾਵਾਂ ਦੇ ਉਦਘਾਟਨ ਅਤੇ ਨੀਂਹ ਪੱਥਰ ਵੀ ਰੱਖੇ ਹਨ। ਇੰਨ੍ਹਾਂ ਵਿੱਚ 28 ਕਰੋੜ 54 ਲੱਖ ਰੁਪਏ ਲਾਗਤ ਦੇ 3 ਉਦਘਾਟਨ ਅਤੇ 74 ਕਰੋੜ 77 ਲੱਖ ਰੁਪਏ ਦੀ ਲਾਗਤ ਦੇ 2 ਨੀਂਹ ਪੱਥਰ ਸ਼ਾਮਲ ਹਨ।

# ਵਿਜੀਲੈਂਸ ਬਿਊਰੋ ਵੱਲੋਂ ਨਾਇਬ ਕੋਰਟ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ



**ਜਲੰਧਰ (ਸ਼ੈਲੀ ਐਲਬਰਟ)**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਉਪ ਮੰਡਲ ਮੈਜਿਸਟਰੇਟ ਕਪੂਰਥਲਾ ਦੀ ਅਦਾਲਤ ਵਿੱਚ ਤਾਇਨਾਤ ਨਾਇਬ ਕੋਰਟ ਰਜਿੰਦਰ ਸਿੰਘ ਨੂੰ 8000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਦੋਸ਼ੀ ਨੂੰ ਨਕੋਦਰ, ਜ਼ਿਲ੍ਹਾ ਜਲੰਧਰ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ, ਜੋ ਕਿ ਪੇਸ਼ੇ ਤੋਂ ਇੱਕ ਮਜ਼ਦੂਰ ਹੈ, ਨੇ ਦੱਸਿਆ ਕਿ ਉਸ ਨੂੰ ਅਤੇ ਉਸ ਦੇ ਦੋਸਤ ਜੋਬਨ ਨੂੰ ਪੁਲਸ ਨੇ ਬੀ ਐੱਨ ਐੱਸ ਐੱਸ ਦੀ ਧਾਰਾ 128 (ਪਹਿਲਾਂ ਸੀ ਆਰ ਪੀ ਸੀ ਦੀ ਧਾਰਾ 109 ਸੀ) ਤਹਿਤ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ ਤੇ ਐੱਸ ਡੀ ਐੱਮ ਕਪੂਰਥਲਾ ਦੀ ਅਦਾਲਤ ਵਿੱਚ ਪੇਸ਼ ਕੀਤਾ ਸੀ। ਇਸ ਉਪਰੰਤ, ਸ਼ਿਕਾਇਤਕਰਤਾ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਅਤੇ ਅਗਲੀ ਸੁਣਵਾਈ ਦੀ ਮਿਤੀ 18 ਫਰਵਰੀ 2026 ਨਿਰਧਾਰਤ ਕੀਤੀ ਗਈ।ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਹੈ ਕਿ ਨਾਇਬ ਕੋਰਟ ਰਜਿੰਦਰ ਸਿੰਘ ਉਸ ਨੂੰ ਵਾਰ-ਵਾਰ ਪਰੇਸ਼ਾਨ ਕਰਦਾ ਸੀ ਅਤੇ ਉਸ ਨੇ ਕੇਸ ਖਾਰਜ ਕਰਨ ਬਦਲੇ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਦੀ ਬੇਨਤੀ ਤੇ ਮੰਗੀ ਗਈ ਰਕਮ ਦਾ ਭੁਗਤਾਨ ਕਰਨ ਵਿੱਚ ਅਸਮਰੱਥਾ ਜ਼ਾਹਰ ਕਰਨ 'ਤੇ, ਦੋਸ਼ੀ 8,000 ਰੁਪਏ ਰਿਸ਼ਵਤ ਲੈਣਾ ਮੰਨ ਗਿਆ। ਰਿਸ਼ਵਤ ਮੰਗਣ ਸੰਬੰਧੀ ਸਾਰੀ ਗੱਲਬਾਤ ਸ਼ਿਕਾਇਤਕਰਤਾ ਦੁਆਰਾ ਰਿਕਾਰਡ ਕਰ ਲਈ ਗਈ ਸੀ।ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ ਇਸ ਲਈ ਉਸ ਨੇ ਵਿਜੀਲੈਂਸ ਬਿਊਰੋ ਯੂਨਿਟ ਜਲੰਧਰ ਨਾਲ ਸੰਪਰਕ ਕੀਤਾ। ਉਸ ਦੀ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਦੋਸ਼ੀ ਨਾਇਬ ਕੋਰਟ ਰਾਜਿੰਦਰ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 8000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।ਇਸ ਸਬੰਧੀ ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਮਾਨ ਸਰਕਾਰ ਪੰਜਾਬ ਵਪਾਰ ਕਮਿਸ਼ਨ ਨੂੰ ਦੇ ਰਹੀ ਅੰਤਿਮ ਰੂਪ : ਰਣਜੀਤ ਪਾਲ ਸਿੰਘ


**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਰਾਜ ਵਪਾਰੀ ਕਮਿਸ਼ਨ (ਮੋਹਾਲੀ) ਦੇ ਚੇਅਰਮੈਨ ਰਣਜੀਤ ਪਾਲ ਸਿੰਘ ਨੇ ਕਿਹਾ ਕਿ ਪੰਜਾਬ ਵਪਾਰ ਕਮਿਸ਼ਨ ਨੂੰ ਜ਼ਿਲ੍ਹਾ ਪੱਧਰੀ ਸਲਾਹ-ਮਸ਼ਵਰੇ ਰਾਹੀਂ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਸੂਬੇ ਭਰ ਦੇ ਵਪਾਰੀਆਂ ਅਤੇ ਛੋਟੇ ਕਾਰੋਬਾਰੀਆਂ ਨੂੰ ਅਸਲ ਅਤੇ ਅਮਲੀ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ।ਉਨ੍ਹਾਂ ਦੱਸਿਆ ਕਿ ਕਮਿਸ਼ਨ ਦੀ ਸ਼ੁਰੂਆਤ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਸ੍ਰੀ ਮੁਕਤਸਰ ਸਾਹਿਬ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਐੱਸ ਬੀ ਐੱਸ ਨਗਰ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ ਤੇ ਤਰਨਤਾਰਨ ਵਿੱਚ ਸਮੀਖਿਆ ਅਤੇ ਤਾਲਮੇਲ ਮੀਟਿੰਗਾਂ ਕੀਤੀਆਂ ਗਈਆਂ।ਰਣਜੀਤ ਪਾਲ ਸਿੰਘ ਨੇ ਕਿਹਾ ਕਿ ਸਾਡਾ ਉਦੇਸ਼ ਅਜਿਹਾ ਸਿਸਟਮ ਬਣਾਉਣਾ ਹੈ ਜਿੱਥੇ ਵਪਾਰੀਆਂ ਨੂੰ ਰੁਟੀਨ ਦੇ ਵਿਭਾਗੀ ਕੰਮਾਂ ਦੌਰਾਨ ਬੇਵੱਸ ਮਹਿਸੂਸ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਇੱਕ ਛੋਟੇ ਦੁਕਾਨਦਾਰ ਨੂੰ ਸਿਰਫ਼ ਇੱਕ ਫਾਈਲ ਅੱਗੇ ਵਧਾਉਣ ਲਈ ਆਪਣਾ ਪੂਰਾ ਕੰਮਕਾਜੀ ਦਿਨ ਬਰਬਾਦ ਨਹੀਂ ਕਰਨਾ ਚਾਹੀਦਾ। ਇਹੀ ਉਹ ਸਮੱਸਿਆ ਹੈ ਜਿਸ ਨੂੰ ਅਸੀਂ ਪੰਜਾਬ ਵਪਾਰ ਕਮਿਸ਼ਨ ਰਾਹੀਂ ਹੱਲ ਕਰ ਰਹੇ ਹਾਂ।

# ਹੁਸ਼ਿਆਰਪੁਰ ਤੋਂ ਹਿਮਾਚਲ ਬਾਰਡਰ ਤੱਕ ਵਾਇਆ ਚੋਹਾਲ ਸੜਕ ਦੀ ਖਸਤਾ ਹਾਲਤ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਹੁਸ਼ਿਆਰਪੁਰ ਤੋਂ ਹਿਮਾਚਲ ਵਾਰਡ ਤੱਕ ਵਾਇਆ ਚੋਹਾਲ ਐਨ ਐਚ 70 ਨੇਸ਼ਨਲ ਹਾਈਵੇਜ਼ ਸੜਕ ਦੀ ਹਾਲਤ ਖਸਤਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਇਸ 15 ਤੋਂ ਲਗਭਗ 20 ਕਿਲੋ ਮੀਟਰ ਦੇ ਰਾਸ਼ਟੀ ਮਾਰਗ ਐਨੀ ਖਸਤਾ ਹਾਲਤ ਹੈ ਕਿ ਇਸ ਦਾ ਨਾਮ ਗਿਨੀ ਬੁੱਕ ਵਿਚ ਦਰਜ ਹੋਦਾ ਚਾਹੀਦਾ ਹੈ ਤੇ ਇਹ ਸੜਕ ਇਸ ਸਮੇਂ ਖੂਨੀ ਸੜਕ ਦਾ ਰੂਪ ਧਾਰਨ ਕਰ ਚੁੱਕੀ ਹੈ।ਇਸ ਸੜਕ ਦਾ ਪੰਜਾਬ ਵਾਲਾ ਹਿੱਸਾ ਪੂਰੀ ਤਰ੍ਹਾਂ ਖਸਤਾ ਹਾਲਤ ਵਿਚ ਹੈ ਤੇ ਹਿਮਾਚਲ ਵਾਲਾ ਹਿੱਸਾ ਬਹੁਤ ਚੰਗਾ ਹੈ।ਹੁਸ਼ਿਆਰਪੁਰ ਤੋਂ ਚੋਹਾਲ ਤੱਕ ਵੀ ਖਸਤਾ ਹਾਲਤ ਵਿਚ ਹੈ।2,3 ਥਾਵਾਂ ਉੱਤੇ ਤਾਂ ਮੀਂਹ ਕਾਰਨ ਰੇਤੇ ਨਾਲ ਖੜੀਆਂ ਕੀਤੀਆਂ ਦੀਵਾਰਾਂ ਦੇ ਕਾਰਨ ਸੜਕ ਦਾ ਅੱਧਾ ਅੱਧਾ ਹਿੱਸਾ ਪਹਾੜੀ ਵਿਚ ਡਿੱਗ ਚੁੱਕਾ ਹੈ।

ਧੀਮਾਨ ਨੇ ਕਿਹਾ ਕਿ ਸੜਕਾਂ ਦੀ ਉਸਾਰੀ ਠੋਸ ਨਾ ਹੋਣ ਕਾਰਨ ਹਮੇਸ਼ਾਂ ਖਿਲਰੀਆਂ ਹੀ ਰਹਿੰਦੀਆਂ ਹਨ।ਇਸੇ ਕਾਰਨ ਬੱਸਾਂ ਖੱਡਾਂ ਵਿਚ ਡਿਗਦੀਆਂ ਹਨ ਤੇ ਲੋਕਾਂ ਦੀ ਮੌਤ ਦਾ ਕਾਰਨ ਬਣ ਰਹੀਆਂ ਹਨ।ਧੀਮਾਨ ਨੇ ਇਸ ਸੰਬੰਧੀ ਚੀਫ ਸਕੱਤਰ ਪੰਜਾਬ ਸਰਕਾਰ ਅਤੇ ਮਨਿਸਟਰ ਆਫ ਰੋਡ ਟਰਾਂਪੋਰਟ ਐਂਡ ਹਾਈਵੇਜ ਆਫ ਇੰਡੀਆਂ ਨੂੰ ਤੁਰੰਤ ਦਖਲ ਦੇਣ ਦੀ ਪੱਤਰ ਲਿੱਖ ਕੇ ਮੰਗ ਕੀਤੀ।



# ਆਂਗਨਵਾੜੀ ਸੁਪਰਵਾਈਜ਼ਰਾਂ ਤੇ ਵਰਕਰਾਂ ਲਈ ਟ੍ਰੇਨਿੰਗ ਪ੍ਰੋਗਰਾਮ

**ਬਲਾਚੌਰ (ਜਸਵਿੰਦਰ ਬੈਂਸ)**

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਨੁਸਾਰ, ਜਿਲਾ ਬਾਲ ਸੁਰੱਖਿਆ ਅਫਸਰ ਕੰਦਨ ਅਰੋੜਾ ਦੀ ਅਗਵਾਈ ਹੇਠ ਨਵਾਂ ਸ਼ਹਿਰ ਦੇ ਬਲਾਚੌਰ ਬਲੋਕ ਵਿਖੇ 18 ਫਰਵਰੀ ਨੂੰ ਬਲੋਕ ਅਧੀਨ ਆਉਣ ਵਾਲੀਆਂ ਆਂਗਨਵਾੜੀ ਵਰਕਰਾਂ ਤੇ ਸੁਪਰਵਾਈਜ਼ਰਾਂ ਨੂੰ ਬਾਲ ਅਧਿਕਾਰਾਂ, ਜੁਵੇਨਾਈਲ ਜਸਟਿਸ ਐਕਟ ਅਤੇ ਪੋਕਸੋ ਐਕਟ ਸਬੰਧੀ ਜਾਗਰੂਕ ਕਰਨ ਲਈ ਬਾਬਾ ਬਲਰਾਜ ਪੰਜਾਬ ਕੋਸਟੀਚੂਏਸੀ ਕਾਲਜ ਬਲਾਚੌਰ ਵਿਖੇ ਟਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਦੌਰਾਨ ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਜੁਵੇਨਾਇਲ ਜਸਟਿਸ ਐਕਟ ਬਾਰੇ ਜਾਣਕਾਰੀ ਦਿੱਤੀ ਗਈ ਤੇ ਮਿਸ਼ਨ ਵਾਅਤਲਿਆ ਸਕੀਮ ਅਧੀਨ ਬੱਚਿਆਂ ਦੀ ਸੁਰੱਖਿਆ ਨਾਲ ਸੰਬੰਧਿਤ ਦਿੱਤੇ ਗਏ ਪ੍ਰੋਵੀਜ਼ਨਸ ਬਾਰੇ ਜਾਣੂ ਕਰਵਾਇਆ ਗਿਆ। ਉਹਨਾਂ ਵੱਲੋਂ ਛੋਟੀ ਉਮਰ ਵਿੱਚ ਬੱਚਿਆਂ ਤੋਂ ਮਜ਼ਦੂਰੀ ਨਾ ਕਰਵਾਉਣ ਤੇ ਬਾਲ ਭਿਖਿਆ ਨਾ ਕਰਵਾਉਣ ਸਬੰਧੀ ਅਪੀਲ ਕੀਤੀ ਗਈ। ਉਹਨਾਂ ਵੱਲੋਂ ਬੱਚਿਆਂ ਦੇ ਫੰਡਾਮੈਂਟਲ ਰਾਈਟਸ ਬਾਰੇ ਜਾਣੂ ਕਰਵਾਉਂਦੇ ਹੋਏ ਆਂਗਨਵਾੜੀ ਵਰਕਰਾਂ ਨੂੰ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਅਪੀਲ ਕੀਤੀ ਗਈ। ਇਸ ਮੌਕੇ ਮੌਜੂਦ ਗੌਰਵ ਸ਼ਰਮਾ ਬਾਲ ਸੁਰੱਖਿਆ ਅਫਸਰ ਆਈ ਸੀ ਵੱਲੋਂ ਪੋਕਸੋ ਐਕਟ ਸਬੰਧੀ ਡਿਟੇਲ ਵਿੱਚ ਜਾਣੂ ਕਰਵਾਇਆ ਗਿਆ ਤੇ ਬੱਚਿਆਂ ਨਾਲ ਮੌਜੂਦਾ ਸਮਾਂ ਵਿੱਚ ਹੋ ਰਹੇ ਯੌਨ ਸ਼ੋਸ਼ਣ/ਸ਼ਰੀਰਿਕ ਸ਼ੋਸ਼ਣ/ਭਾਵਨਾਤਮਕ ਸ਼ੋਸ਼ਣ ਤੋਂ ਆਪਣੇ ਬੱਚਿਆਂ ਨੂੰ ਸੁਰੱਖਿਤ ਰੱਖਣ ਲਈ ਅਪੀਲ ਕੀਤੀ ਗਈ। ਇਸ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਮੈਡਮ ਕੰਚਨ ਅਰੋੜਾ ਵੱਲੋਂ ਜੇ ਜੇ ਐਕਟ, ਪੋਕਸੋ ਐਕਟ ਤੇ ਬਾਲ ਅਧਿਕਾਰਾਂ ਬਾਰੇ ਜਾਣਕਾਰੀ ਵਿਸਥਾਰ ਪੂਰਵਕ ਦਿੰਦੇ ਦੱਸਿਆ ਗਿਆ ਕਿ ਲੜਕੇ ਅਤੇ ਲੜਕੀਆਂ ਦੇ ਸਰਬਪੱਖੀ ਵਿਕਾਸ ਲਈ ਸੁਰੱਖਿਤ ਮਾਹੌਲ ਹੋਣਾ ਜਰੂਰੀ ਹੈ ਜਿਸ ਦੀ ਸਿਰਜਣਾ ਕਰਨ ਲਈ ਸਰਕਾਰ ਵੱਲੋ ਬੱਚਿਆਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਲਈ ਪੋਕਸੋ ਐਕਟ ਲਾਗੂ ਕੀਤਾ ਗਿਆ ਹੈ, ਤਾਂ ਜੇ ਜ਼ੀਰੋ ਤੋਂ 18 ਸਾਲ ਦੇ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਦਾ ਸਾਹਮਣਾ ਨਾ ਕਰਨਾ ਪਵੇ। ਉਹਨਾਂ ਵੱਲੋਂ ਦੱਸਿਆ ਗਿਆ ਕਿ ਪੋਕਸੋ ਐਕਟ ਤਹਿਤ ਜ਼ੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਲਈ ਸਖਤ ਤੋਂ ਸਖਤ ਸਜ਼ਾ ਦਾ ਪ੍ਰਾਵਧਾਨ ਹੈ, ਉਨਾਂ ਨੇ ਸਕੂਲ ਦੇ ਅਧਿਆਪਕਾਂ ਨੂੰ ਕਿਹਾ ਕਿ ਉਹ ਬੱਚਿਆਂ ਨਾਲ ਇਸ ਸੰਵੇਦਨਸ਼ੀਲ ਵਿਸ਼ੇ ਤੇ ਖੁੱਲ ਕੇ ਚਰਚਾ ਕਰਨ ਤਾਂ ਜੋ ਬੱਚਿਆਂ ਨੂੰ ਚੰਗੇ ਅਤੇ ਮਾੜੇ ਵਤੀਰੇ ਦਾ ਪਤਾ ਲੱਗ ਸਕੇ।



# ਚੈਰੀਟੇਬਲ ਸੁਸਾਇਟੀ ਵੱਲੋਂ ਸਾਲਾਨਾ ਸਮਾਗਮ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਡਾ. ਪਰਮਜੀਤ ਸਿੰਘ ਦੀ ਅਗਵਾਈ ਹੇਠ ਕੇਅਰ ਵਨ ਕੇਅਰ ਆਲ ਗਰੁੱਪ ਆਸਟ੍ਰੇਲੀਆ ਅਤੇ ਮਾਤਾ ਜੀਤੋ ਜੀ ਚੈਰੀਟੇਬਲ ਸੁਸਾਇਟੀ ਵੱਲੋਂ ਇਲਾਕੇ ਵਿੱਚ ਬਾਰ੍ਹਵਾਂ ਸਲਾਨਾ ਸਮਾਗਮ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਸਮਾਗਮ ਦਾ ਮੁੱਖ ਉਦੇਸ਼ ਇਲਾਕੇ ਦੇ ਸਰਕਾਰੀ ਸਕੂਲਾਂ ਦੇ ਹੋਣਹਾਰ ਅਤੇ ਲੋੜਵੰਦ ਪਰਿਵਾਰਾਂ ਨਾਲ ਸੰਬੰਧਤ ਵਿਦਿਆਰਥੀਆਂ ਨੂੰ ਵਜ਼ੀਫ਼ਿਆਂ ਰਾਹੀਂ ਉਤਸ਼ਾਹਿਤ ਕਰਨਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਅਰਦਾਸ ਨਾਲ ਹੋਈ। ਇਸ ਮੌਕੇ ਇੱਕ ਨੌਜਵਾਨ ਵਿਦਿਆਰਥਣ ਵੱਲੋਂ ਜ਼ਫ਼ਰਨਾਮਾ ਦਾ ਪਾਠ ਕੀਤਾ ਗਿਆ, ਜਿਸ ਨਾਲ ਸਮਾਗਮ ਵਿੱਚ ਆਤਮਿਕ ਮਾਹੌਲ ਬਣਿਆ ਅਤੇ ਸੰਗਤ ਗੁਰਬਾਣੀ ਨਾਲ ਜੁੜੀ ਰਹੀ।ਸੀਨੀਅਰ ਪੱਤਰਕਾਰ ਕੈਨੇਡਾ ਮਨਦੀਪ ਕੌਰ ਮਨੂੰ ਸਿੰਘ, ਜੋ ਰੇਡੀਓ ਟੀ ਵੀ ਦੇ ਸੰਚਾਲਕ ਵੀ ਹਨ, ਨੇ ਸਮਾਗਮ ਦੀ ਰੂਪਰੇਖਾ ਅਤੇ ਪ੍ਰਬੰਧਕੀ ਕੰਮ ਸੰਭਾਲਿਆ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਲਗਭਗ 80 ਸਰਕਾਰੀ ਸਕੂਲਾਂ ਦੇ 650 ਵਿਦਿਆਰਥੀਆਂ ਨੇ ਸਕਾਲਰਸ਼ਿਪ ਪ੍ਰੀਖਿਆ ਵਿੱਚ ਭਾਗ ਲਿਆ। ਇਨ੍ਹਾਂ ਵਿੱਚੋਂ ਬੋਰਡ ਕਲਾਸਾਂ 5ਵੀਂ, 8ਵੀਂ, 10ਵੀਂ ਅਤੇ 12ਵੀਂ ਦੇ 100 ਹੋਣਹਾਰ ਵਿਦਿਆਰਥੀਆਂ ਨੂੰ ਚੜ੍ਹਦੀ ਕਲਾ ਵਿਦਿਆਰਥੀ ਭਲਾਈ ਯੋਜਨਾ ਅਧੀਨ ਵਜ਼ੀਫ਼ੇ ਪ੍ਰਦਾਨ ਕੀਤੇ ਗਏ। ਇਸ ਤੋਂ ਇਲਾਵਾ 35 ਬੱਚਿਆਂ ਨੂੰ 6 ਮਹੀਨੇ ਦਾ ਸਿਲਾਈ ਕੋਰਸ ਪੂਰਾ ਕਰਨ ਉਪਰੰਤ ਮੁਫ਼ਤ ਸਿਲਾਈ ਮਸ਼ੀਨਾਂ ਅਤੇ ਸਰਟੀਫਿਕੇਟ ਦਿੱਤੇ ਗਏ। ਬੇਸਿਕ ਕੰਪਿਊਟਰ ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ।ਸਮਾਗਮ ਦੇ ਮੁੱਖ ਮਹਿਮਾਨ ਸ਼ਮਸ਼ੇਰ ਸਿੰਘ ਮੁੱਖ ਸੇਵਾਦਾਰ ਪ੍ਰਭ ਆਸਰਾ ਨੇ ਗੁਰਬਾਣੀ ਦੇ ਅਸੂਲਾਂ ਅਨੁਸਾਰ ਜੀਵਨ ਜੀਊਣ ਅਤੇ ਚੜ੍ਹਦੀ ਕਲਾ ਵਿੱਚ ਰਹਿ ਕੇ ਇਕ ਦੂਜੇ ਦੀ ਸਹਾਇਤਾ ਕਰਨ ਦਾ ਸੰਦੇਸ਼ ਦਿੱਤਾ। ਵਿਸ਼ੇਸ਼ ਮਹਿਮਾਨ ਵਜੋਂ ਹਰਜੋਤ ਸਿੰਘ ਬੈਂਸ ਦੇ ਮਾਤਾ ਬਲਵਿੰਦਰ ਕੌਰ ਬੈਂਸ ਅਤੇ ਪਿਤਾ ਸੋਹਣ ਸਿੰਘ ਬੈਂਸ ਹਾਜ਼ਰ ਰਹੇ। ਸਕਾਲਰਸ਼ਿਪ ਯੋਜਨਾ ਦੀ ਸ਼ੁਰੂਆਤ ਕੋਟਕਪੂਰਾ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ ਕੀਤੀ ਗਈ ਸੀ ਅਤੇ ਤਿੰਨ ਸਾਲ ਪਹਿਲਾਂ ਇਸਨੂੰ ਇਲਾਕੇ ਤੱਕ ਵਧਾਇਆ ਗਿਆ। ਇਸ ਸਾਲ ਦਿੱਤੀਆਂ ਗਈਆਂ 100 ਸਕਾਲਰਸ਼ਿਪਾਂ ਵਿੱਚੋਂ 50 ਦੀ ਫੰਡਿੰਗ ਮੈਲਬਰਨ ਤੋਂ ਜਸਵਿੰਦਰ ਕੌਰ ਅਤੇ ਰਗਬੀਰ ਸਿੰਘ ਏਕਮ ਗਲੋਬਲ ਪ੍ਰਾਈਵੇਟ ਲਿਮਿਟਡ ਵੱਲੋਂ ਕੀਤੀ ਗਈ, ਜਦਕਿ ਹੋਰ 50 ਸਕਾਲਰਸ਼ਿਪਾਂ ਸਿਡਨੀ ਤੋਂ ਦਲਵੀਰ ਸਿੰਘ ਕਲੇਰ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਪ੍ਰਦਾਨ ਕੀਤੀਆਂ ਗਈਆਂ।

20 Feb Page 10.qxd 2/19/2026 10:38 PM Page 1



## ਬੀ ਕੇ ਯੂ ਕਾਦੀਆਂ ਦੀ ਮੀਟਿੰਗ 'ਚ ਆਗੂਆਂ ਵੱਲੋਂ ਨਵੇਂ ਐਲਾਨ



**ਜ਼ੀਰਾ (ਨਰਿੰਦਰ ਅਨੇਜਾ)**- ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਸੁਖਦੇਵ ਸਿੰਘ ਸਨੇਰ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਪੀਰ ਸਨੇਰ ਵਿਖੇ ਹੋਈ।ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਇਲਾਕੇ ਭਰ ਦੇ ਕਿਸਾਨਾਂ ਨੇ ਭਾਗ ਲਿਆ।ਕਿਸਾਨਾਂ ਦੇ ਇਸ ਵੱਡੇ ਇਕੱਠ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਮੀਤ ਪ੍ਰਧਾਨ ... ਐਗਜ਼ੈਕਟਿਵ ਮੈਂਬਰ ਪੰਜਾਬ, ਹਰਪ੍ਰੀਤ ਸਿੰਘ ਮੀਤ ਪ੍ਰਧਾਨ ਜ਼ਿਲ੍ਹਾ ਫਿਰੋਜ਼ਪੁਰ, ਮਨਦੀਪ ਸਿੰਘ ਅਲੀਪੁਰ ਜ਼ਿਲ੍ਹਾ ਜਨਰਲ ਸਕੱਤਰ ਤੇ ਪ੍ਰਸਿੱਧ ਲੇਖਕ ਗੁਰਚਰਨ ਸਿੰਘ ਨੂਰਪੁਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਮੌਕੇ ਬੋਲਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਪੂਰੇ ਪੰਜਾਬ ਵਿੱਚ ਇਸ ਸਮੇਂ ਮਿਲਾਵਟਖੋਰੀ ਦਾ ਧੰਦਾ ਪੂਰੇ ਜ਼ੋਰਾਂ 'ਤੇ ਹੈ, ਜਿਸ ਨਾਲ ਲੋਕ ਵੱਡੀ ਤਾਦਾਦ ਵਿੱਚ ਬਿਮਾਰ ਹੋ ਰਹੇ ਹਨ, ਪਰ ਅਫ਼ਸੋਸ ਦੀ ਗੱਲ ਹੈ ਕਿ ਇਸ ਪਾਸੇ ਫੂਡ ਸੇਫਟੀ ਵਿਭਾਗ ਦਾ ਕੋਈ ਧਿਆਨ ਨਹੀਂ ਹੈ। ਕਿਸਾਨ ਆਗੂਆਂ ਨੇ ਭਰੇ ਇਕੱਠ ਵਿੱਚ ਐਲਾਨ ਕੀਤਾ ਕਿ ਕੋਈ ਵੀ ਜਥੇਬੰਦੀ ਦਾ ਮੈਂਬਰ ਅੱਜ ਤੋਂ ਬਾਅਦ ਕਿਸੇ ਨੂੰ ਵਿਆਹ-ਸ਼ਾਦੀ ਦਾ ਡੱਬਾ ਨਹੀਂ ਦੇਵੇਗਾ ਤੇ ਨਾ ਹੀ ਮਠਿਆਈਆਂ ਦੇ ਡੱਬੇ ਲਏ ਜਾਣਗੇ। ਵਿਆਹ ਸ਼ਾਦੀ ਦਾ ਕਾਰਡ ਕੇਵਲ ਵਟਸਐਪ 'ਤੇ ਭੇਜਿਆ ਜਾਏਗਾ ਜਾਂ ਫੋਨ ਕਰਕੇ ਇਸ ਸਬੰਧੀ ਰਿਸ਼ਤੇਦਾਰਾਂ ਨੂੰ ਸੂਚਿਤ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਕੇਵਲ ਮਠਿਆਈਆਂ ਹੀ ਨਹੀਂ, ਬਲਕਿ ਨਕਲੀ ਘਿਉ ਦਾ ਧੰਦਾ ਵੀ ਵੱਖ ਵੱਖ ਸ਼ਹਿਰਾਂ 'ਚ ਜ਼ੋਰਾਂ 'ਤੇ ਚੱਲ ਰਿਹਾ ਹੈ। ਸਰਕਾਰ ਇਸ 'ਤੇ ਸਖ਼ਤ ਨੋਟਿਸ ਲਵੇ ਤੇ ਨਕਲੀ ਪਨੀਰ, ਦੁੱਧ ਤੇ ਘਿਓ ਬਣਾਉਣ ਵਾਲੀਆਂ ਫੈਕਟਰੀਆਂ ਦੀ ਜਾਂਚ ਕਰਕੇ ਇਨ੍ਹਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ।ਇਸ ਮੌਕੇ ਕਿਸਾਨਾਂ ਵੱਲੋਂ ਪਿਛਲੇ ਦਿਨੀਂ ਕੀਤੀ ਗਈ ਕਿਸਾਨ ਪੰਚਾਇਤ ਦੀ ਸਮੀਖਿਆ ਵੀ ਕੀਤੀ ਗਈ ਤੇ ਭਵਿੱਖ ਵਿੱਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਸਬੰਧੀ ਵੀ ਵਿਚਾਰ ਚਰਚਾ ਕੀਤੀ ਗਈ।

## ਰਾਈਸ ਮਿੱਲਰਾਂ ਨੇ ਚੇਅਰਮੈਨ ਲਾਲਪੁਰਾ ਨੂੰ ਸੌਂਪਿਆ ਮੰਗ ਪੱਤਰ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**- ਧੂਰੀ ਰਾਈਸ ਮਿਲਰਜ਼ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਸੁਰੇਸ਼ ਜਿੰਦਲ, ਚੇਅਰਮੈਨ ਵਿੱਕੀ ਕੁਮਾਰ ਬਾਂਸਲ ਦੀ ਅਗਵਾਈ ਹੇਠ ਰਾਈਸ ਮਿੱਲਰਾਂ ਨੇ ਐਫ.ਸੀ.ਆਈ. ਗੋਦਾਮਾਂ ਵਿੱਚ ਚਾਵਲ ਸਟੋਰ ਕਰਨ ਲਈ ਥਾਂ ਦੀ ਭਾਰੀ ਕਿੱਲਤ ਕਾਰਨ ਗੰਭੀਰ ਚਿੰਤਾ ਪ੍ਰਗਟਾਉਂਦਿਆਂ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ।ਇਸ ਮੌਕੇ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਜਿੰਦਲ, ਬਲਵਿੰਦਰ ਕੁਮਾਰ ਬਬਲੂ ਤੇ ਸੰਜੇ ਸਿੰਗਲਾ ਹਾਜ਼ਰ ਸਨ। ਆਗੂਆਂ ਨੇ ਸ੍ਰੀ ਲਾਲਪੁਰਾ ਨੂੰ ਜਾਣੂ ਕਰਵਾਇਆ ਕਿ ਜੇਕਰ ਜਲਦੀ ਹੱਲ ਨਾ ਕੱਢਿਆ ਗਿਆ ਤਾਂ ਮਿਲਿੰਗ ਸੀਜ਼ਨ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਸਕਦਾ ਹੈ।ਪ੍ਰਧਾਨ ਸੁਰੇਸ਼ ਜਿੰਦਲ ਨੇ ਦੱਸਿਆ ਕਿ ਧੂਰੀ ਦੇ ਸਥਾਨਕ ਐਫ.ਸੀ.ਆਈ. ਗੋਦਾਮ ਪੂਰੀ ਤਰ੍ਹਾਂ ਭਰ ਚੁੱਕੇ ਹਨ।ਥਾਂ ਨਾ ਹੋਣ ਕਾਰਨ ਇਲਾਕੇ ਦੇ ਸ਼ੈਲਰ ਮਾਲਕਾ ਨੂੰ ਵੱਡੇ ਪੱਧਰ 'ਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਮਿੱਲਰਾਂ ਸਿਰ ਵਿਆਜ ਦਾ ਬੋਝ ਵਧਦਾ ਜਾ ਰਿਹਾ ਹੈ।ਲੰਬੇ ਸਮੇਂ ਤੱਕ ਚਾਵਲ ਸਟੋਰ ਕਰਨ ਨਾਲ ਅਨਾਜ ਦੀ ਗੁਣਵੱਤਾ ਖ਼ਰਾਬ ਹੋਣ ਦਾ ਡਰ ਵੀ ਬਣਿਆ ਹੋਇਆ ਹੈ। ਐਸੋਸੀਏਸ਼ਨ ਨੇ ਦੱਸਿਆ ਕਿ ਪਿੰਡ ਹਰਚੰਦਪੁਰ ਵਿਖੇ ਨਵਾਂ ਰੇਲ ਹੈੱਡ ਬਣ ਕੇ ਤਿਆਰ ਹੈ, ਪਰ ਅਜੇ ਤੱਕ ਇਸ ਨੂੰ ਚਾਲੂ ਨਹੀਂ ਕੀਤਾ ਗਿਆ।ਦੂਜੇ ਪਾਸੇ ਧੂਰੀ ਰੇਲਵੇ ਹੈੱਡ ਪਿਛਲੇ 7-8 ਮਹੀਨਿਆਂ ਤੋਂ ਬੰਦ ਪਿਆ ਹੈ।ਇਸ ਤੋਂ ਇਲਾਵਾ ਧੂਰੀ ਵਿਖੇ ਸਪੈਸ਼ਲ ਲੋਡਿੰਗ ਮਸ਼ੀਨਾਂ ਲਗਾਉਣ ਲਈ ਕਿਸੇ ਠੇਕੇਦਾਰ ਦੀ ਨਿਯੁਕਤੀ ਨਹੀਂ ਕੀਤੀ ਗਈ, ਜਿਸ ਕਾਰਨ ਚੌਲਾਂ ਨੂੰ ਸੂਬੇ ਤੋਂ ਬਾਹਰ ਭੇਜਣ ਦੀ ਪ੍ਰਕਿਰਿਆ ਠੱਪ ਹੈ।ਉਨ੍ਹਾਂ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਤੇ ਐਫ.ਸੀ.ਆਈ. ਅਧਿਕਾਰੀ ਤਾਲਮੇਲ ਕਰਕੇ ਉਕਤ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨ।



## ਸਮਾਣਾ-ਚੀਕਾ-ਰਾਮਨਗਰ ਸੜਕ ਦੇ ਨਵੀਨੀਕਰਨ ਦਾ ਜੌੜਾਮਾਜਰਾ ਵੱਲੋਂ ਉਦਘਾਟਨ

**ਸਮਾਣਾ (ਇਕਬਾਲ ਸਿੰਘ ਬੱਲ)** ਸਮਾਣਾ ਹਲਕੇ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਮਾਣਾ ਹਲਕੇ ਦੀਆਂ ਸਾਰੀਆਂ ਸੜਕਾਂ ਦੇ ਨਵੀਨੀਕਰਨ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਸਮਾਣਾ ਹਲਕੇ ਵੱਲ ਧਿਆਨ ਨਾ ਦੇਣ ਕਰਕੇ ਪਿੰਡਾਂ ਤੇ ਸ਼ਹਿਰਾਂ ਦੀਆਂ ਸੜਕਾਂ ਦਾ ਬੁਰਾ ਹਾਲ ਹੋ ਗਿਆ ਸੀ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲਕਦਮੀ ਸਦਕਾ ਇਹ ਪਹਿਲੀ ਵਾਰ ਹੋਇਆ ਹੈ ਕਿ ਇਹ ਸੜਕਾਂ ਹੁਣ ਬਣਨ ਸਾਰ ਨਹੀਂ ਟੁੱਟਣਗੀਆਂ, ਸਗੋਂ ਪੰਜ ਸਾਲ ਤੱਕ ਇਨ੍ਹਾਂ ਦੀ ਮੁਰੰਮਤ ਲਈ ਸਬੰਧਤ ਠੇਕੇਦਾਰ ਦੀ ਜ਼ਿੰਮੇਵਾਰੀ ਹੋਵੇਗੀ।ਉਨ੍ਹਾਂ ਦੱਸਿਆ ਕਿ ਇਸ ਸੜਕ ਦੇ ਆਲੇ ਦੁਆਲੇ ਇੰਟਰਲਾਕਿੰਗ ਟਾਇਲਾਂ ਲਗਾ ਕੇ ਇਸ ਨੂੰ ਚੌੜਾ ਵੀ ਕੀਤਾ ਜਾ ਰਿਹਾ ਹੈ।ਇਸੇ ਦੌਰਾਨ ਉਨ੍ਹਾਂ ਨੇ ਭਾਖੜਾ ਨਹਿਰ ਦੇ ਨਾਲ ਜਾਂਦੀ 1.69 ਕਿਲੋਮੀਟਰ ਸੜਕ ਦਾ 72.40 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਦਾ ਕੰਮ ਵੀ ਸ਼ੁਰੂ ਕਰਵਾਇਆ।ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਪਸਿਆਣਾ-ਮੂਨਕ ਸੜਕ 'ਤੇ ਵੀ 20 ਕਰੋੜ ਰੁਪਏ ਖ਼ਰਚੇ ਜਾ ਰਹੇ ਹਨ, ਜਦਕਿ ਇਸ ਤੋਂ ਪਹਿਲਾਂ ਹੀ 100 ਦਿਹਾਤੀ ਲਿੰਕ ਸੜਕਾਂ ਨੂੰ ਮੁੜ ਬਣਾਉਣ ਤੇ ਮੁਰੰਮਤ ਲਈ ਭੇਜੇ ਗਏ 32.17 ਕਰੋੜ ਰੁਪਏ ਨਾਲ ਸਾਰੀਆਂ ਸੜਕਾਂ ਦੇ ਨਿਰਮਾਣ ਕਾਰਜ ਜੰਗੀ ਪੱਧਰ 'ਤੇ ਸ਼ੁਰੂ ਹੋ ਗਏ ਹਨ।ਉਨ੍ਹਾਂ ਕਿਹਾ ਕਿ ਹਲਕੇ ਦਾ ਚਹੁੰਤਰਫਾ ਵਿਕਾਸ ਕਰਵਾਉਣਾ ਉਨ੍ਹਾਂ ਦੀ ਮੁਢਲੀ ਤਰਜੀਹ ਹੈ, ਜਿਸ ਲਈ ਹਰ ਪਿੰਡ ਦੀ ਸੜਕ ਬਣਵਾਈ ਜਾ ਰਹੀ ਹੈ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਦੇਵ ਸਿੰਘ ਟਿਵਾਣਾ, ਹਰਜਿੰਦਰ ਸਿੰਘ ਮਿੱਠੂ ਤੇ ਕਾਰਜ ਸਾਧਕ ਅਫ਼ਸਰ ਸਮੇਤ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਤੇ ਹੋਰ ਪਿੰਡਾਂ ਦੇ ਮੋਹਤਬਰ ਮੌਜੂਦ ਸਨ।



## ਸੂਬਾ ਸਰਕਾਰ ਵਪਾਰੀ ਵਰਗ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ : ਕਾਕਾ ਬਰਾੜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**- ਪੰਜਾਬ ਸਰਕਾਰ ਵੱਲੋਂ ਵਪਾਰੀਆਂ ਸਬੰਧੀ ਮੁੱਦਿਆਂ ਨੂੰ ਤਰਜੀਹੀ ਤੌਰ 'ਤੇ ਸੁਲਝਾਉਣ ਲਈ ਜ਼ਿਲ੍ਹਾ ਪੱਧਰੀ ਵਪਾਰੀ ਮੀਟਿੰਗ ਦਾ ਆਯੋਜਨ ਸਥਾਨਕ ਘਾਹ ਮੰਡੀ ਚੌਂਕ, ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤਾ ਗਿਆ।ਇਸ ਬੈਠਕ 'ਚ ਵੱਖ-ਵੱਖ ਵਪਾਰੀਆਂ ਅਤੇ ਉਨ੍ਹਾਂ ਸਬੰਧੀ ਸੰਗਠਨਾਂ ਨੇ ਸ਼ਿਰਕਤ ਕੀਤੀ।ਇਸ ਮੌਕੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਵਪਾਰੀਆਂ ਤੇ ਦੁਕਾਨਦਾਰਾਂ ਦੇ ਵੱਡੇ ਇੱਕਠ ਨੂੰ ਸੰਬੋਧਨ ਕਰਦਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਤੇ ਦੁਕਾਨਦਾਰਾਂ ਦੇ ਮੁੱਦਿਆਂ ਨੂੰ ਤਰਜੀਹੀ ਤੌਰ 'ਤੇ ਸੁਲਝਾਉਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਇਹ ਮੀਟਿੰਗ ਨਿਵੇਕਲੀ ਪਹਿਲ ਹੈ, ਜਿਸ ਵਿੱਚ ਸਰਕਾਰ ਖੁਦ ਲੋਕਾਂ ਦੇ ਵਿਚਕਾਰ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਮੌਕੇ ਉੱਤੇ ਹੀ ਹੱਲ ਕਰ ਰਹੀ ਹੈ।ਇਸ ਮੌਕੇ ਵਿਧਾਇਕ ਕਾਕਾ ਬਰਾੜ ਨੇ ਕਿਹਾ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਸਮੇਂ-ਸਮੇਂ 'ਤੇ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵਪਾਰੀ ਵਰਗ ਦੇ ਮੋਢੇ ਨਾਲ ਮੋਢਾ ਜੋੜ ਕੇ ਹਰ ਪਲ ਖੜ੍ਹੀ ਹੈ।ਇਸ ਮੌਕੇ ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਬਾਂਸਲ ਵੱਲੋਂ ਵਪਾਰੀਆਂ ਤੇ ਦੁਕਾਨਦਾਰਾਂ ਦੀਆਂ ਵੱਖ-ਵੱਖ ਸਮੱਸਿਆਵਾਂ ਬਾਰੇ ਦੱਸਿਆ ਗਿਆ।ਉਨ੍ਹਾਂ ਪੰਜਾਬ ਸਰਕਾਰ ਦਾ ਇਸ ਗੱਲ ਦਾ ਧੰਨਵਾਦ ਵੀ ਕੀਤਾ ਕਿ ਇਹ ਪਹਿਲੀ ਸਰਕਾਰ ਹੈ ਜੋ ਵਪਾਰੀ ਵਰਗ ਨਾਲ ਜ਼ਿਲ੍ਹਾ ਪੱਧਰੀ ਮੀਟਿੰਗਾਂ ਸੁਚੱਜੇ ਢੰਗ ਨਾਲ ਕਰ ਰਹੀ ਹੈ।ਵਿਧਾਇਕ ਕਾਕਾ ਬਰਾੜ ਨੇ ਇਸ ਮੌਕੇ ਭਰੋਸਾ ਦਿਵਾਇਆ ਕਿ ਵਪਾਰੀਆਂ ਸਬੰਧੀ ਸਾਰੀਆਂ ਮੁਸ਼ਕਲਾਂ ਨੂੰ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਹੱਲ ਕੀਤਾ ਜਾਵੇਗਾ।



ਇਸ ਮੌਕੇ ਵਨੀਤ ਜਿੰਦਲ ਚੇਅਰਮੈਨ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਸ੍ਰੀ ਮੁਕਤਸਰ ਸਾਹਿਬ, ਅਸ਼ੋਕ ਬੁੱਟਰ ਚੇਅਰਮੈਨ ਟਰੇਡਰਜ਼ ਕਮਿਸ਼ਨ ਵਿਧਾਨ ਸਭਾ ਹਲਕਾ ਗਿੱਦੜਬਾਹਾ, ਤੇਜਿੰਦਰ ਸਿੰਘ ਧੂੜੀਆ ਚੇਅਰਮੈਨ ਟਰੇਡਰਜ਼ ਕਮਿਸ਼ਨ ਵਿਧਾਨ ਸਭਾ ਹਲਕਾ ਸ੍ਰੀ ਮੁਕਤਸਰ ਸਾਹਿਬ, ਐੱਸ ਡੀ ਐੱਮ ਬਲਜੀਤ ਕੌਰ ਸ੍ਰੀ ਮੁਕਤਸਰ ਸਾਹਿਬ, ਅਮਿਤ ਗੋਇਲ ਸਹਾਇਕ ਕਮਿਸ਼ਨਰ ਜੀ.ਐਸ.ਟੀ, ਮਨਜਿੰਦਰ ਸਿੰਘ ਰਾਜ ਕਰ ਅਫਸਰ, ਅਮਿਤ ਕੁਮਾਰ ਚਰਾਇਆ ਰਾਜ ਕਰ ਅਫਸਰ, ਗੁਰਿੰਦਰਜੀਤ ਸਿੰਘ ਰਾਜ ਕਰ ਅਫਸਰ, ਇੰਦਰਜੀਤ ਬਾਂਸਲ ਪ੍ਰਧਾਨ ਵਪਾਰ ਮੰਡਲ, ਇਕਬਾਲ ਸਿੰਘ ਪ੍ਰਧਾਨ ਆੜ੍ਹਤੀਆ ਯੂਨੀਅਨ, ਅਸ਼ੋਕ ਚੁੱਗ ਪ੍ਰਧਾਨ ਪ੍ਰੋਪਰਟੀ ਡੀਲਰ, ਸਮੂਹ ਵਪਾਰੀ ਵਰਗ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਪੀ ਐੱਸ ਯੂ ਵੱਲੋਂ ਨਹਿਰੂ ਮੈਮੋਰੀਅਲ ਕਾਲਜ ਦੇ ਗੇਟ ਅੱਗੇ ਬੱਸਾਂ ਦਾ ਘਿਰਾਓ

**ਮਾਨਸਾ (ਆਤਮਾ ਸਿੰਘ ਪਮਾਰ)**- ਵਿਦਿਆਰਥੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ (ਪੀ ਐੱਸ ਯੂ) ਜ਼ਿਲ੍ਹਾ ਇਕਾਈ ਮਾਨਸਾ ਵੱਲੋਂ ਸਥਾਨਕ ਸਰਕਾਰੀ ਨਹਿਰੂ ਕਾਲਜ ਦੇ ਮੁੱਖ ਗੇਟ ਬੱਸਾਂ ਦਾ ਘਿਰਾਓ ਕੀਤਾ ਗਿਆ।ਇਸ ਸਮੇਂ ਪੰਜਾਬ ਸਟੂਡੈਂਟਸ ਯੂਨੀਅਨ ਦੀ ਆਗੂ ਅਰਵਿੰਦਰ ਕੌਰ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਲਗਾਤਾਰ ਕਾਲਜ ਦੇ ਗੇਟ ਅੱਗੇ ਬੱਸਾਂ ਨਹੀਂ ਰੋਕੀਆਂ ਜਾ ਰਹੀਆਂ, ਜਿਸ ਕਾਰਨ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਹੇਠ ਕਾਲਜ ਗੇਟ ਅੱਗੇ



ਬੱਸਾਂ ਦਾ ਘਿਰਾਓ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਬੱਸ ਡਰਾਈਵਰਾਂ ਨੂੰ ਵੀ ਵਾਰ ਵਾਰ ਬੇਨਤੀ ਕੀਤੀ ਸੀ ਕਿ ਕਾਲਜ ਗੇਟ 'ਤੇ ਬੱਸਾਂ ਨਾ ਰੁਕਣ ਕਾਰਨ ਵਿਦਿਆਰਥੀ ਅਕਸਰ ਪ੍ਰੇਸ਼ਾਨ ਰਹਿੰਦੇ ਹਨ ਅਤੇ ਉਨ੍ਹਾਂ ਦੀ ਪੜ੍ਹਾਈ ਦਾ ਵੀ ਨੁਕਸਾਨ ਹੁੰਦਾ ਹੈ। ਵਿਦਿਆਰਥੀ ਆਗੂ ਨੇ ਕਿਹਾ ਕਿ ਖਾਸ ਤੌਰ 'ਤੇ ਵਿਦਿਆਰਥਣਾਂ ਨੂੰ ਇਸ ਨਾਲ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਤੇ ਕਾਲਜਾਂ 'ਚ ਜ਼ਿਆਦਾਤਰ ਗਰੀਬਾਂ ਤੇ ਮਜ਼ਦੂਰਾਂ ਦੇ ਬੱਚੇ ਹੀ ਪੜ੍ਹਦੇ ਹਨ, ਜੋ ਪੜ੍ਹਾਈ ਦਾ ਖਰਚਾ ਹੀ ਮੁਸ਼ਕਲ ਨਾਲ ਚੁੱਕਦੇ ਹਨ।ਮਾਨਸਾ ਤਿਕੋਨੀ ਤੋਂ ਵਿਦਿਆਰਥੀ ਤਿੰਨ ਕਿਲੋਮੀਟਰ ਪੈਦਲ ਤੁਰ ਕੇ ਆਉਣ ਲਈ ਮਜਬੂਰ ਹਨ।ਨਹਿਰੂ ਮੈਮੋਰੀਅਲ ਕਾਲਜ ਇਕਾਈ ਦੇ ਆਗੂ ਹਰਗੋਬਿੰਦ ਸਿੰਘ ਨੇ ਕਿਹਾ ਕਿ ਜੇਕਰ ਪ੍ਰਸ਼ਾਸਨ ਨੇ ਇਸ ਮਾਮਲੇ ਦਾ ਕੋਈ ਢੁੱਕਵਾਂ ਹੱਲ ਨਾ ਕੀਤਾ ਤਾਂ ਆਉਂਦੇ ਦਿਨਾਂ 'ਚ ਕਾਲਜ ਦੇ ਗੇਟ ਅੱਗੇ ਰੋਡ ਜਾਮ ਕਰ ਦਿੱਤਾ ਜਾਵੇਗਾ। ਇਸ ਸਮੇਂ ਸੰਦੀਪ ਕੌਰ, ਜਗਦੇਵ ਸਿੰਘ, ਜਸਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਹੁਸ਼ਨ ਸਿੰਘ, ਸਾਹਿਬ ਸਿੰਘ ਭਾਟੀਆਂ ਤੇ ਕਾਲਜ ਵਿਦਿਆਰਥੀ ਹਾਜ਼ਰ ਸਨ।ਇਸ ਤੋਂ ਇਲਾਵਾ ਵਿਦਿਆਰਥੀ ਜਥੇਬੰਦੀ ਆਈਸਾ ਵੱਲੋਂ ਸੁਖਜੀਤ ਸਿੰਘ, ਕੁਲਵੰਤ ਸਿੰਘ, ਅਰਸ਼ਦੀਪ ਸਿੰਘ ਤੇ ਹਨੀ ਸਿੰਘ ਨੇ ਇਸ ਮੌਕੇ ਸ਼ਾਮਲ ਹੋ ਕੇ ਘਿਰਾਓ ਦਾ ਸਮਰੱਥਨ ਕੀਤਾ।

## ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਵਿਖੇ ਮਿਰਗੀ ਬਾਰੇ ਜਾਗਰੂਕਤਾ ਭਾਸ਼ਣ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਵਿਖੇ ਫੋਰਟਿਸ ਹਸਪਤਾਲ ਦੇ ਸਹਿਯੋਗ ਨਾਲ ਮਿਰਗੀ ਬਾਰੇ ਇੱਕ ਜਾਗਰੂਕਤਾ ਭਾਸ਼ਣ ਦਾ ਆਯੋਜਨ ਕੀਤਾ ਗਿਆ।ਡਾਇਰੈਕਟਰ ਡਾ. ਕੁਲਭੂਸ਼ਣ ਤੇ ਪ੍ਰਿੰਸੀਪਲ ਡਾ. ਹੇਮ ਰਾਜ ਦੀ ਅਗਵਾਈ ਹੇਠ ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਵਿੱਚ ਮਿਰਗੀ, ਇਸ ਦੇ ਕਾਰਨਾਂ, ਰੋਕਥਾਮ ਤੇ ਪ੍ਰਬੰਧਨ ਬਾਰੇ ਜਾਗਰੂਕਤਾ ਫੈਲਾਉਣਾ ਸੀ।ਇਸ ਦੌਰਾਨ ਮੁੱਖ ਬੁਲਾਰੇ ਡਾ. ਸੌਰਵ ਅਗਰਵਾਲ, ਡੀ ਐੱਮ ਨਿਊਰੋਲੋਜੀ ਨੇ ਮਿਰਗੀ ਬਾਰੇ ਕੀਮਤੀ ਜਾਣਕਾਰੀ ਸਾਂਝੀ ਕੀਤੀ, ਇਸ ਦੇ ਕਾਰਨਾਂ, ਲੱਛਣਾਂ, ਰੋਕਥਾਮ ਤੇ ਸਮੇਂ ਸਿਰ ਇਲਾਜ ਦੀ ਮਹੱਤਤਾ ਨੂੰ ਉਜਾਗਰ ਕੀਤਾ।ਉਨ੍ਹਾਂ ਬੀ ਏ ਐੱਮ ਐੱਸ ਦੇ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਜਾਗਰੂਕਤਾ ਫੈਲਾਉਣ ਤੇ ਬਿਮਾਰੀ ਨਾਲ ਸਬੰਧਤ ਮਿੱਥਾਂ ਨੂੰ ਦੂਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਇਸ ਮੌਕੇ ਹਾਜ਼ਰ ਫੈਕਲਟੀ ਮੈਂਬਰਾਂ 'ਚ ਡਾ: ਵਿਨਾਇਕ ਆਨੰਦੇ ਪ੍ਰੋਫੈਸਰ ਕਾਯਾਚਿਕਿਤਸਾ ਵਿਭਾਗ, ਡਾ: ਸ਼ਾਰਦਿੰਦੂ ਸ਼ਰਮਾ ਪ੍ਰੋਫੈਸਰ ਰੋਗ ਨਿਦਾਨ ਵਿਭਾਗ, ਡਾ: ਨਿਸ਼ਾਂਤ ਪਾਈਕਾ ਸਹਾਇਕ ਪ੍ਰੋਫੈਸਰ ਕਿਰਿਆ ਸਰੀਰ ਵਿਭਾਗ, ਡਾ: ਪੂਨਮ ਸਹਾਇਕ ਪ੍ਰੋਫੈਸਰ ਸ਼ਲਯ ਤੰਤਰ ਵਿਭਾਗ ਤੇ ਸ਼੍ਰੀ ਰਾਜ ਕੁਮਾਰ ਭਾਰਤੀ ਮੌਜੂਦ ਸਨ।



## ਸਿਹਤ ਬੀਮਾ ਕਾਰਡ ਬਣਾਉਣ ਲਈ ਲਗਾਇਆ ਕੈਂਪ


**ਬਰੇਟਾ (ਰੀਤਵਾਲ)**- ਪੰਜਾਬ ਸਰਕਾਰ ਵੱਲੋਂ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਅਧੀਨ 10 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਸੰਬੰਧੀ ਕਾਰਡ ਬਣਾਉਣ ਲਈ ਹਲਕਾ ਬੁਢਲਾਡਾ ਵਿੱਚ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚ ਕੈਂਪ ਲਗਾਏ ਜਾ ਰਹੇ ਹਨ। ਅਜਿਹਾ ਹੀ ਕੈਂਪ ਅੱਜ ਬਰੇਟਾ ਦੀ ਅਨਾਜ ਮੰਡੀ ਵਿੱਚ ਲਗਾਇਆ ਗਿਆ, ਜਿਸ ਵਿੱਚ ਲੋਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਇਸ ਸਬੰਧੀ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪਾਰਟੀ ਵਲੰਟੀਅਰ ਤੇ ਸਰਕਾਰੀ ਕਰਮਚਾਰੀ ਇਸ ਕੰਮ ਵਿੱਚ ਲੱਗੇ ਹੋਏ ਨੇ ਤਾਂ ਜੋ ਹਲਕੇ ਦਾ ਕੋਈ ਵੀ ਵਿਅਕਤੀ ਇਸ ਸੁਵਿਧਾ ਤੋਂ ਵਾਂਝਾ ਨਾ ਰਹਿ ਜਾਵੇ।



ਉਨ੍ਹਾਂ ਕਿਹਾ ਕਿ ਪੰਜਾਬ ਦਾ ਹਰ ਵਸਨੀਕ ਇਸ ਦਾ ਲਾਭ ਲੈ ਸਕਦਾ ਹੈ। ਵਪਾਰੀ ਕਮਿਸ਼ਨ ਦੇ ਚੇਅਰਮੈਨ ਲਲਿਤ ਜੈਨ ਬਰੇਟਾ ਨਾਲ ਕੈਂਪ ਦੌਰਾਨ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਆਪਣੇ ਲੋਕਾਂ ਪ੍ਰਤੀ ਉਨ੍ਹਾਂ ਦੀ ਸਿਹਤ ਸੰਭਾਲ ਲਈ ਇਹ ਬਹੁਤ ਵਧੀਆ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਕਿਸੇ ਵੀ ਪਾਰਟੀ ਵਰਕਰ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਸ਼ਹਿਰੀ ਪ੍ਰਧਾਨ ਕੇਵਲ ਸ਼ਰਮਾ, ਚੇਅਰਮੈਨ ਚਮਕੌਰ ਸਿੰਘ ਖੁਡਾਲ, ਕਾਕੂ ਬਰੇਟਾ, ਕਪਿਲ ਦੇਵ, ਪ੍ਰੀਤ ਕੁਮਾਰ ਪ੍ਰੀਤਾ, ਜੀਵਨ ਗਿਰ, ਰਾਜੇਸ਼ ਕੁਮਾਰ ਤੇ ਰਾਜ ਕੁਮਾਰ ਖੁਡਾਲ ਮੌਜੂਦ ਸਨ।

## ਰਾਤ ਨੂੰ ਘਰੇ ਵੜ ਕੇ ਨੌਜਵਾਨ ਦੇ ਮਾਰੀਆਂ ਗੋਲੀਆਂ, ਮੌਤ

**ਲਹਿਰਾਗਾਗਾ (ਰੀਤਵਾਲ)**- ਇਥੋਂ ਨੇੜਲੇ ਪਿੰਡ ਲਹਿਲ ਕਲਾਂ ਵਿਖੇ ਇੱਕ ਨੌਜਵਾਨ ਦਾ ਬੀਤੀ ਰਾਤ ਦੋ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।ਥਾਣਾ ਲਹਿਰਾ ਦੀ ਪੁਲਸ ਮੌਕੇ 'ਤੇ ਪਹੁੰਚ ਕੇ ਆਪਣੀ



ਕਾਰਵਾਈ ਵਿੱਚ ਜੁਟ ਗਈ ਹੈ।ਮਿਲੀ ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਪੁੱਤਰ ਚੈਨਾ ਸਿੰਘ ਉਮਰ 28 ਸਾਲ, ਜਿਸ ਦੀ ਕਿ ਪੌਣੇ ਦੋ ਸਾਲ ਪਹਿਲਾਂ ਲਵ ਮੈਰਿਜ ਹੋਈ ਦੱਸੀ ਜਾਂਦੀ ਹੈ, ਪ੍ਰੰਤੂ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਕਤਲ ਕਿਨ੍ਹਾਂ ਕਾਰਨਾਂ ਕਰਕੇ ਹੋਇਆ ਹੈ।ਹੋਰ ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਦੇ ਘਰ ਬੰਨ੍ਹਿਆ ਕੁੱਤਾ ਜਦੋਂ ਭੌਂਕਣ ਲੱਗਿਆ ਤਾਂ ਉਹ ਉਸ ਨੂੰ ਕਮਰੇ 'ਚੋਂ ਬਾਹਰ ਕੱਢਣ ਲੱਗਿਆ ਸੀ।ਰਾਤੀਂ ਦੋ ਵਜੇ ਦੇ ਕਰੀਬ ਉਸੇ ਟਾਈਮ ਦੋ ਵਿਅਕਤੀ, ਜਿਨ੍ਹਾਂ ਨੇ ਤਿੰਨ ਰਾਊਂਡ ਫਾਇਰ ਕੀਤੇ, ਜਿਨਾਂ ਵਿੱਚੋਂ ਦੋ ਫਾਇਰ ਗੁਰਪ੍ਰੀਤ ਸਿੰਘ ਦੀ ਪੁੜਪੜੀ ਵਿੱਚ ਮਾਰੇ ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।ਕਾਤਲਾਂ ਤੇ ਕਤਲ ਦੇ ਕਾਰਨਾਂ ਦਾ ਤਾਂ ਅਜੇ ਸਪੱਸ਼ਟ ਪਤਾ ਨਹੀਂ ਚੱਲ ਸਕਿਆ, ਪ੍ਰੰਤੂ ਡੀਐੱਸਪੀ ਲਹਿਰਾ ਰਣਬੀਰ ਸਿੰਘ ਤੇ ਥਾਣਾ ਮੁਖੀ ਮਨਪ੍ਰੀਤ ਸਿੰਘ ਨੇ ਆਪਣੀ ਕਾਰਵਾਈ ਆਰੰਭ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਅਸੀਂ ਵੱਖ ਵੱਖ ਥਿਓਰੀਆਂ ਤੇ ਕੰਮ ਕਰ ਰਹੇ ਹਾਂ ਅਤੇ ਸੀਸੀਟੀਵੀ ਕੈਮਰੇ ਵੀ ਦੇਖੇ ਜਾ ਰਹੇ ਹਨ ਅਤੇ ਬਾਰੀਕੀ ਨਾਲ ਤਫਤੀਸ਼ ਕਰ ਰਹੇ ਹਾਂ।ਬਹੁਤ ਜਲਦੀ ਹੀ ਮੁਲਜ਼ਮ ਕਾਬੂ ਕੀਤੇ ਜਾਣਗੇ।ਦੂਜੇ ਪਾਸੇ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਹੈ ਤੇ ਲਾਸ਼ ਪੋਸਟਮਾਰਟਮ ਲਈ ਮੂਣਕ ਸਿਵਲ ਹਸਪਤਾਲ ਵਿਖੇ ਭੇਜ ਦਿੱਤੀ ਗਈ ਹੈ।

## ਵਿਧਾਇਕ ਰਾਏ ਨੇ ਸ਼ੁਰੂ ਕੀਤਾ ਸਾਂਝੀ ਸੱਥ ਪ੍ਰੋਗਰਾਮ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਬਲਾਕ ਖੇੜਾ ਦੇ ਅਧੀਨ ਆਉਂਦੇ ਪਿੰਡ ਰਜਿੰਦਰਗੜ੍ਹ, ਚੁੰਨੀ ਮਾਜਰਾ ਤੇ ਪਤਾਰਸੀ ਖੁਰਦ ਵਿਖੇ ਸਾਂਝੀ ਸੱਥ ਪ੍ਰੋਗਰਾਮ ਕੀਤੇ।ਇਸ ਦੌਰਾਨ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਵਿਕਾਸ ਕਾਰਜਾਂ ਲਈ ਉਨ੍ਹਾਂ ਦੇ ਵਿਚਾਰ ਲਏ। ਅੰਤ ਵਿੱਚ ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ 5-5 ਲੱਖ ਰੁਪਏ ਦੇ ਚੈੱਕ ਵੀ ਮੁਹਈਆ ਕਰਵਾਏ ਗਏ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਸਦਕਾ ਹਲਕਾ ਫਤਿਹਗੜ੍ਹ ਸਾਹਿਬ ਦੇ ਬਲਾਕ ਖੇੜਾ ਵਿੱਚ ਵੱਖ ਵੱਖ ਪਿੰਡਾਂ 'ਚ ਸਾਂਝੀ ਸੱਥ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਵਿੱਚ ਬੈਠ ਕੇ ਹੀ ਵਿਕਾਸ ਕਾਰਜ ਕਰਵਾਉਣ ਲਈ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵੱਖ ਵੱਖ ਪਿੰਡਾਂ ਵਿੱਚ ਕੀਤੇ ਜਾਣਗੇ ਤਾਂ ਜੋ ਪਿੰਡਾਂ ਦਾ ਵਿਕਾਸ ਪਿੰਡਾਂ ਦੇ ਨਾਲ ਸੰਬੰਧਤ ਵਿਅਕਤੀਆਂ ਦੀ ਰਾਏ ਅਨੁਸਾਰ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਵਿਦਿਆਰਥੀਆਂ ਦੀ ਪੜ੍ਹਾਈ ਵੱਲ ਖਾਸ ਧਿਆਨ ਦਿੱਤਾ ਜਾ ਰਿਹਾ ਹੈ, ਉੱਥੇ ਹੀ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਸ਼ੁਰੂ ਕਰਕੇ ਵਿਲੱਖਣ ਉਪਰਾਲਾ ਕੀਤਾ ਗਿਆ ਹੈ।ਇਸ ਤੋਂ ਇਲਾਵਾ ਸੂਬੇ ਦੇ ਲੋਕਾਂ ਨੂੰ ਬਿਜਲੀ ਮੁਫਤ ਮੁਹੱਈਆ ਕਰਵਾਈ ਜਾ ਰਹੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਮਰਿੰਦਰ ਸਿੰਘ ਮੰਡੋਫਲ, ਬਿਕਰਮਜੀਤ ਸਿੰਘ, ਕਰਮਜੀਤ ਸਿੰਘ (ਦੋਵੇਂ ਬਲਾਕ ਸੰਮਤੀ ਮੈਂਬਰ), ਹੈਪੀ ਭੈਣੀ, ਹਰਮੇਸ਼ ਸਿੰਘ ਪੂਨੀਆ, ਬੀਕਰ ਸਿੰਘ ਰਜਿੰਦਰਗੜ੍ਹ, ਸਰਪੰਚ ਬਲਜਿੰਦਰ ਸਿੰਘ, ਮਨਪ੍ਰੀਤ ਸਿੰਘ ਢੋਲਾ, ਗੁਰਦੀਪ ਸਿੰਘ ਢੋਲਾ, ਸਤਨਾਮ ਸਿੰਘ ਭੈਣੀ, ਸੈਕਟਰੀ ਭੁਪਿੰਦਰ ਸਿੰਘ, ਵਰਿੰਦਰ ਸਿੰਘ ਬੀਵੀਪੁਰ, ਤੇਜੀ ਬਰਾਸ, ਰਵਿੰਦਰ ਸਿੰਘ, ਪੀਏ ਸਤੀਸ਼ ਕੁਮਾਰ ਲਟੌਰ ਆਦਿ ਹਾਜ਼ਰ ਸਨ।



## ਜਿਉਂਦ 'ਚ ਕਿਸਾਨ ਤੇ ਜਵਾਨ ਹੋਏ ਆਹਮੋ-ਸਾਹਮਣੇ

**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਜਿਉਂਦ ਪਿੰਡ ਦਿਆਂ ਨੇ ਇਹ ਤਸਵੀਰਾਂ ਜਿੱਥੇ ਕਿਸਾਨਾਂ ਤੇ ਪੁਲਸ ਵਿਚਾਲੇ ਕਲੈਸ਼ ਦੇਖਣ ਨੂੰ ਮਿਲੀਆਂ, ਇਸ ਵਿਚਾਲੇ ਪੁਲਸ ਵੱਲੋਂ ਅਥਰੂ ਗੈਸ ਦੇ ਗੋਲੇ ਦੀ ਸੁੱਟੇ ਗਏ।ਪਿੰਡ ਵਿੱਚ ਸਥਿਤੀ ਤਨਾਅਪੂਰਨ ਹੋ ਚੁੱਕੀ ਦੋਨੋਂ ਪਾਸਿਆਂ ਤੋਂ ਜਿੱਥੇ ਕਿਸਾਨਾਂ ਵੱਲੋਂ ਡਲੇ ਅਤੇ ਪੁਲਸ ਵੱਲੋਂ ਅੱਥਰੂ ਗੈਸ ਦੇ ਗੋਲੇ ਵਰ੍ਹਾਏ ਗਏ, ਇਸ ਦੌਰਾਨ ਕੁਝ ਕਿਸਾਨਾਂ ਦੇ ਛੋਟੇ ਮੋਟੀਆਂ ਸੱਟਾਂ ਵੀ ਲੱਗੀਆਂ ਅਤੇ ਪੁਲਸ ਦੇ ਵੀ ਹਲਕੀਆਂ ਫੁਲਕੀਆਂ ਸੱਟਾਂ ਲੱਗੀਆਂ ਪਰ ਮਾਹੌਲ ਇੱਕ ਵਾਰ ਪਿੰਡ ਦਾ ਤਨਾਪੂਰਨ ਹੋ ਗਿਆ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਅਸੀਂ ਆਪਣੀਆਂ ਮੰਗਾਂ ਨੂੰ ਲੈ ਕੇ ਬਠਿੰਡਾ ਡੀ ਸੀ ਦਫਤਰ ਅੱਗੇ ਸ਼ਾਂਤੀਪੂਰਨ ਧਰਨਾ ਦੇਣ ਜਾ ਰਹੇ ਸੀ ਪਰ ਸਾਨੂੰ ਪੁਲਸ ਨੇ ਜਾਣਬੁੱਝ ਕੇ ਜਿਉਂਦ ਪਿੰਡ ਵਿੱਚ ਰੋਕਿਆ ਅਤੇ ਸਾਡੇ ਉੱਪਰ ਅੱਥਰੂ ਗੈਸ ਦੇ ਗੋਲੇ ਸੁੱਟੇ ਤੇ ਸਾਡੀਆਂ ਗੱਡੀਆਂ ਵੀ ਭੰਨੀਆਂ ਜੋ ਬਿਲਕੁਲ ਜਾਇਜ਼ ਨਹੀਂ ਹਨ ਪ੍ਰਸ਼ਾਸਨ ਸਾਡੇ ਨਾਲ ਜਾਣਬੁੱਝ ਕੇ ਧੱਕਾ ਕਰ ਰਿਹਾ ਹੈ।ਉਧਰ ਐਸ ਐਸ ਪੀ ਡਾਕਟਰ ਜਯੋਤੀ ਯਾਦਵ ਬੈਂਸ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਕੁਝ ਲੋਕ ਜੋ ਕੁਝ ਕੇਸਾਂ ਵਿੱਚ ਨਾਮਜ਼ਦ ਹਨ, ਉਹਨਾਂ ਨੂੰ ਫੜਨਾ ਹੈ। ਜਦੋਂ ਅਸੀਂ ਪਿੰਡ ਵਿੱਚ ਆਏ ਤਾਂ ਕਿਸਾਨਾਂ ਵੱਲੋਂ ਸਾਡੇ ਉੱਪਰ ਪਥਰਾਅ ਕੀਤਾ ਗਿਆ, ਜਵਾਬੀ ਹਮਲੇ ਵਿੱਚ ਸਾਡੇ ਵੱਲੋਂ ਵੀ ਅੱਥਰੂ ਗੈਸ ਚਲਾਈ ਗਈ। ਸਾਡੇ ਕੁਝ ਮੁਲਾਜ਼ਮਾਂ ਦੇ ਸੱਟਾਂ ਵੀ ਲੱਗੀਆਂ ਪ੍ਰੰਤੂ ਅਸੀਂ ਵਾਰ ਵਾਰ ਕਹਿ ਰਹੇ ਹਾਂ ਕਿ ਹੁਣ ਸਾਡੇ ਹੱਥ ਵਿੱਚ ਕੁਝ ਨਹੀਂ ਹੈ ਜੋ ਵੀ ਕੁਝ ਹੈ ਉਹ ਅਦਾਲਤ ਵੱਲੋਂ ਕੀਤਾ ਜਾਵੇਗਾ, ਕਿਉਂਕਿ ਇਹ ਕੇਸ ਅਦਾਲਤ ਵਿੱਚ ਹੈ ਕਿਸਾਨਾਂ ਦੀ ਮੰਗ ਜੋ ਜਾਇਜ਼ ਨਹੀਂ ਹੈ, ਫਿਰ ਵੀ ਇਸ ਦਾ ਬੈਠ ਕੇ ਹੱਲ ਕੀਤਾ ਜਾ ਸਕਦਾ ਹੈ।ਕੁਝ ਲੋਕਾਂ ਨੂੰ ਅਸੀਂ ਰਾਊਂਡ ਅੱਪ ਕੀਤਾ ਹੈ, ਜੋ ਮਾਹੌਲ ਖਰਾਬ ਕਰ ਰਹੇ ਸੀ।

## ਢਾਣੀ ਨੱਥਾ ਸਿੰਘ ਵਾਲਾ ਤੋਂ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਬੱਸ ਰਵਾਨਾ

**ਜਲਾਲਾਬਾਦ (ਬਲਵਿੰਦਰ ਸਿੰਘ, ਰਣਬੀਰ ਕੌਰ)**- ਜਲਾਲਾਬਾਦ ਦੇ ਵਿਧਾਇਕ ਸ੍ਰੀ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਹਲਕੇ ਦੇ ਸਰਹੱਦੀ ਪਿੰਡ ਢਾਣੀ ਨੱਥਾ ਸਿੰਘ ਵਾਲਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ 20ਵੀਂ



ਬੱਸ ਰਵਾਨਾ ਕੀਤੀ।ਇਹ ਬੱਸ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਰਾਮ ਤੀਰਥ ਮੰਦਰ, ਸ੍ਰੀ ਦੁਰਗਿਆਣਾ ਮੰਦਰ ਤੇ ਵਾਹਗਾ ਬਾਰਡਰ ਲੈ ਕੇ ਜਾਵੇਗੀ।ਵਿਧਾਇਕ ਗੋਲਡੀ ਨੇ ਕਿਹਾ ਕਿ ਇਸ ਯੋਜਨਾ ਤਹਿਤ ਯਾਤਰੀਆਂ ਲਈ ਰਹਿਣ-ਸਹਿਣ ਤੇ ਖਾਣ-ਪੀਣ ਦਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਬਿਲਕੁਲ ਮੁਫ਼ਤ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਯਾਤਰੀ ਨੂੰ ਕੋਈ ਅਸੁਵਿਧਾ ਨਾ ਹੋਵੇ।ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ 'ਮੁੱਖ ਮੰਤਰੀ ਤੀਰਥ ਯਾਤਰਾ' ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਨਾਲ ਸੰਗਤਾਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਰਹੀਆਂ ਹਨ।ਇਸ ਮੌਕੇ ਪਿੰਡ ਦੀ ਪੰਚਾਇਤ ਦੇ ਨੁਮਾਇੰਦੇ ਤੇ ਆਮ ਆਦਮੀ ਪਾਰਟੀ ਦੇ ਆਗੂ ਸਾਹਿਬਾਨ ਵੀ ਵੱਡੀ ਗਿਣਤੀ 'ਚ ਹਾਜ਼ਰ ਸਨ।

## ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਦੀ ਜ਼ਿਲ੍ਹਾ ਪੱਧਰੀ ਬੈਠਕ

**ਸੰਗਰੂਰ (ਪ੍ਰਵੀਨ ਸਿੰਘ)** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਪਾਰੀਆਂ ਤੇ ਕਾਰੋਬਾਰੀਆਂ ਨੂੰ ਵਪਾਰ ਲਈ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਸਮਾਂਬੱਧ ਢੰਗ ਨਾਲ ਕਰਨ ਲਈ ਬਣਾਏ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੀ ਜ਼ਿਲ੍ਹਾ ਪੱਧਰੀ ਇਕਾਈ ਵੱਲੋਂ ਅੱਜ ਸੰਗਰੂਰ ਦੇ ਵਪਾਰੀਆਂ ਨਾਲ ਕਿਲ੍ਹਾ ਮਾਰਕਿਟ ਵਿਖੇ ਪਲੇਠੀ ਜ਼ਿਲ੍ਹਾ ਪੱਧਰੀ ਬੈਠਕ ਕੀਤੀ ਗਈ।ਇਸ ਮੌਕੇ ਛੋਟੇ ਤੇ ਦਰਮਿਆਨੇ ਵਪਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਆਪਣੀਆਂ ਸਮੱਸਿਆਵਾਂ ਰੱਖੀਆਂ।ਇਸ ਮੌਕੇ ਸੰਗਰੂਰ ਦੇ ਵਿਧਾਇਕ ਨਰਿੰਦਰ ਕੌਰ ਭਰਾਜ, ਡਿਪਟੀ ਕਮਿਸ਼ਨਰ ਰਾਹੁਲ ਚਾਬਾ, ਏ.ਡੀ.ਸੀ. ਅੰਕੁਰ ਮਹਿੰਦਰੂ, ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਅਰੁਣ ਜਿੰਦਲ ਮੌਜੂਦ ਸਨ। ਇਸ ਮੌਕੇ ਸੰਗਰੂਰ ਦੇ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਖ਼ੁਦ ਵਪਾਰੀਆਂ ਤੱਕ ਪੁੱਜ ਰਹੀ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਦਾ ਉਦੇਸ਼ ਵਪਾਰ-ਪੱਖੀ ਨੀਤੀਆਂ ਨੂੰ ਹੋਰ ਮਜ਼ਬੂਤ ਕਰਨਾ ਤੇ ਪਾਰਦਰਸ਼ੀ ਸ਼ਿਕਾਇਤ ਨਿਵਾਰਨ ਪ੍ਰਣਾਲੀ ਮੁਹੱਈਆ ਕਰਵਾਉਣਾ ਹੈ।ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਵਪਾਰੀਆਂ ਲਈ ਜ਼ਿਲ੍ਹਾ ਪੱਧਰ ਤੋਂ ਵੀ ਹੇਠਾਂ ਵਿਧਾਨ ਸਭਾ ਹਲਕੇ ਤੱਕ ਸੁਣਵਾਈ ਲਈ ਟਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ ਤੇ ਇਹ ਵੀ ਸੁਨਿਸ਼ਚਿਤ ਕੀਤਾ ਗਿਆ ਹੈ ਕਿ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਤੇ ਮੈਂਬਰ ਵਪਾਰੀ ਵਰਗ ਨਾਲ ਹੀ ਸਬੰਧ ਰੱਖਦੇ ਹੋਣ। ਇਸ ਮੌਕੇ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਹਰ ਮਾਮਲੇ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਜ਼ਿਲ੍ਹਾ ਪੱਧਰੀ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਅਰੁਣ ਜਿੰਦਲ ਨੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਲਈ ਕਮਿਸ਼ਨ ਨਾਲ ਸਿੱਧਾ ਰਾਬਤਾ ਕਰਨ, ਤਾਂ ਜੋ ਉਨ੍ਹਾਂ ਨੂੰ ਤੁਰੰਤ ਤੇ ਪ੍ਰਭਾਵਸ਼ਾਲੀ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ।ਉਨ੍ਹਾਂ ਕਿਹਾ ਕਿ ਉਹ ਹਰੇਕ ਬੁੱਧਵਾਰ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਦਫ਼ਤਰ ਵਿੱਚ ਵਪਾਰੀਆਂ ਦੀ ਸਮੱਸਿਆਵਾਂ ਨੂੰ ਸੁਣਨਗੇ।ਏ.ਈ.ਟੀ.ਸੀ. ਰੋਹਿਤ ਕੁਮਾਰ ਨੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਤੇ ਵਪਾਰੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।



- **ਸਰਕਾਰ ਨੇ ਸਮੱਸਿਆਵਾਂ ਦੇ ਹੱਲ ਲਈ ਵਪਾਰੀਆਂ ਤੱਕ ਸਿੱਧੀ ਪਹੁੰਚ ਬਣਾਈ : ਨਰਿੰਦਰ ਕੌਰ ਭਰਾਜ**

## ਨਜਾਇਜ਼ ਸ਼ਰਾਬ ਸਮੇਤ ਮਹਿਲਾ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਇਕ ਮਹਿਲਾ ਨੂੰ 8 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਜਦ ਗਸ਼ਤ ਕਰਦੀ ਹੋਈ ਟੀ ਪੁਆਇੰਟ ਜੈ ਮਾਂ ਨਗਰ ਫਿਰੋਜ਼ਪੁਰ ਕੈਂਟ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਜਰੀਨਾ ਉਰਫ ਬਿੰਦੂ ਪਤਨੀ ਸਵ. ਰੂਪ ਲਾਲ ਵਾਸੀ ਗਲੀ ਨੰਬਰ 21, ਮਕਾਨ ਨੰਬਰ 02, ਬਸਤੀ ਟੈਂਕਾਂਵਾਲੀ, ਫਿਰੋਜ਼ਪੁਰ ਕੈਂਟ ਸ਼ਰਾਬ ਵੇਚਣ ਦੀ ਆਦੀ ਹੈ ਤੇ ਹੁਣ ਵੀ ਡੀਏਵੀ ਕਾਲਜ ਕੋਲ ਜੋ ਸੜਕ ਘੁਮਿਆਰ ਮੰਡੀ 'ਤੇ ਖਾਲੀ ਜਗ੍ਹਾ ਵਿੱਚ ਸ਼ਰਾਬ ਦੀ ਕੈਨੀ ਰੱਖ ਕੇ ਵੇਚਣ ਲਈ ਗਾਹਕਾਂ ਦਾ ਇੰਤਜ਼ਾਰ ਕਰ ਰਹੀ ਹੈ। ਜੇਕਰ ਉਸ 'ਤੇ ਹੁਣੇ ਹੀ ਛਾਪੇਮਾਰੀ ਕੀਤੀ ਜਾਵੇ ਤਾਂ ਉਸ ਪਾਸੋਂ ਭਾਰੀ ਮਾਤਰਾ ਵਿੱਚ ਨਾਜਾਇਜ਼ ਸ਼ਰਾਬ ਬਰਾਮਦ ਹੋ ਸਕਦੀ ਹੈ। ਪੁਲਸ ਨੇ ਦੱਸਿਆ ਕਿ ਉਕਤ ਔਰਤ ਨੂੰ ਕਾਬੂ ਕਰਕੇ ਉਸ ਕੋਲੋਂ 8 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ।

## ਜ਼ੈੱਡ ਕਿੰਗ ਨੇ ਨਿਊ ਜ਼ੀਲੈਂਡ ਦਾ ਸਟੱਡੀ ਵੀਜ਼ਾ ਲਵਾਇਆ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**- ਧੂਰੀ ਦੇ ਮਹਾਂਵੀਰ ਮੰਦਰ ਨੇੜੇ ਸਥਿਤ ਨਾਮਵਰ ਸੰਸਥਾ ਜ਼ੈੱਡ ਕਿੰਗ ਸਕਸੈੱਸ ਸਟੱਡੀ ਵੀਜ਼ਾ ਕੰਸਲਟੈਂਸੀ ਨੇ ਇੱਕ ਵਾਰ ਫਿਰ ਆਪਣੀ ਬਿਹਤਰੀਨ ਕਾਰਗੁਜ਼ਾਰੀ ਦਾ ਸਬੂਤ ਦਿੱਤਾ ਹੈ।ਸੰਸਥਾ ਵੱਲੋਂ ਨੇੜਲੇ ਪਿੰਡ ਬੀਹਲਾ ਦੀ ਇੱਕ ਹੋਣਹਾਰ ਵਿਦਿਆਰਥਣ ਦਾ ਨਿਊਜ਼ੀਲੈਂਡ ਦਾ ਸਟੱਡੀ ਵੀਜ਼ਾ ਲਗਵਾ ਕੇ ਉਸ ਦੇ ਵਿਦੇਸ਼ ਪੜ੍ਹਨ ਤੇ ਸੁਨਹਿਰੀ ਭਵਿੱਖ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਦਿੱਤਾ ਗਿਆ ਹੈ।ਵੀਜ਼ਾ ਮਿਲਣ ਤੋਂ ਬਾਅਦ ਵਿਦਿਆਰਥਣ ਤੇ ਉਸ ਦੇ ਪਰਵਾਰ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ।ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਹਾਕਮ ਸਿੰਘ ਨੇ ਕਿਹਾ ਕਿ ਨਿਊਜ਼ੀਲੈਂਡ ਅੱਜ ਦੇ ਸਮੇਂ ਵਿੱਚ ਪੜ੍ਹਾਈ ਲਈ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣ ਰਿਹਾ ਹੈ।ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਵਿੱਚ ਦਿੱਤੀ ਜਾਂਦੀ ਸਿੱਖਿਆ ਵਿਸ਼ਵ ਪੱਧਰ 'ਤੇ ਪ੍ਰਵਾਨਤ ਹੈ, ਜੋ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਕਾਬਿਲ ਬਣਾਉਂਦੀ ਹੈ।ਇਸ ਮੌਕੇ ਵਿਦਿਆਰਥਣ ਤੇ ਉਸ ਦੇ ਪਰਵਾਰ ਨੇ ਸੰਸਥਾ ਦੀ ਵਧੀਆ ਗਾਈਡੈਂਸ ਤੇ ਸਮੇਂ ਸਿਰ ਵੀਜ਼ਾ ਲਗਵਾਉਣ ਲਈ ਹਾਕਮ ਸਿੰਘ ਤੇ ਪੂਰੀ ਟੀਮ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।



## ਸਰਕਾਰੀ ਸਕੂਲ ਸੰਗਤਪੁਰਾ 'ਚ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਨਾਭਾ (ਵਰਿੰਦਰ ਵਰਮਾ)**- ਮਾਨਵ ਸੇਵਾ ਉੱਤਮ ਸੇਵਾ ਸਟੇਟ ਐਵਾਰਡੀ ਸੰਸਥਾ ਨਾਭਾ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਸੰਗਤਪੁਰਾ ਵਿਖੇ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਇਸ ਮੌਕੇ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਕਿਹਾ ਕਿ ਇਹ ਸਟੇਸ਼ਨਰੀ ਦਾਨੀ ਸੱਜਣਾਂ ਤੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਦਿੱਤੀ ਗਈ ਹੈ।ਉਨ੍ਹਾਂ ਸਹਿਯੋਗੀ ਸੱਜਣਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਉਮੀਦ ਕੀਤੀ ਕਿ ਇਸ ਤਰ੍ਹਾਂ ਹੀ ਇਹ ਸੰਸਥਾ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਦੀ ਰਹੇ ਤੇ ਸਮਾਜ ਸੇਵੀ ਲੋਕ ਮਦਦ ਲਈ ਅੱਗੇ ਆਉਂਦੇ ਰਹਿਣ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਲੋੜਵੰਦ ਨੂੰ ਕਿਸੇ ਪ੍ਰਕਾਰ ਦੀ ਕੋਈ ਜ਼ਰੂਰਤ ਹੁੰਦੀ ਹੈ ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦੇ ਹਨ।ਇਸ ਮੌਕੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਹੈੱਡ ਟੀਚਰ ਸੰਦੀਪ ਕੌਰ, ਪ੍ਰੀਤਮਾ ਰਾਣੀ, ਰੋਹਿਤ ਕੁਮਾਰ ਆਦਿ ਨੇ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਦੇ ਅਹੁਦੇਦਾਰ ਵਿਕਾਸ ਮਿੱਤਲ, ਅੰਕੁਰ ਸਿੰਗਲਾ, ਰਵਿੰਦਰ ਸਿੰਘ, ਸੁਨੀਲ ਗੁਪਤਾ, ਨਰਿੰਦਰ ਮੋਹਣ ਸ਼ਰਮਾ, ਦੀਪਕ ਕੁਮਾਰ, ਵਰੁਣ ਸਿੰਗਲਾ, ਸਾਹਿਲ ਗੁਪਤਾ, ਕਰਨ ਸਿੰਗਲਾ ਆਦਿ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਐੱਸ ਐੱਮ ਸੀ ਮੈਂਬਰ ਰਾਜਪਾਲ ਕੌਰ, ਸ਼ਬਨਮ, ਬਲਜੀਤ ਕੌਰ, ਸਾਂਝੀ ਸਿੱਖਿਆ ਮੈਂਬਰ ਪ੍ਰਭਜੋਤ ਕੌਰ ਆਦਿ ਹਾਜ਼ਰ ਸਨ।

## ਰੇਲਵੇ ਵੱਲੋਂ ਅੰਮ੍ਰਿਤਸਰ-ਕਟਿਹਾਰ ਵਿਚਾਲੇ 'ਤਿਉਹਾਰ ਸਪੈਸ਼ਲ' ਟਰੇਨਾਂ ਚਲਾਉਣ ਦਾ ਐਲਾਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਆਉਣ ਵਾਲੇ ਤਿਉਹਾਰਾਂ ਦੇ ਮੱਦੇਨਜ਼ਰ ਯਾਤਰੀਆਂ ਦੀ ਵਧਦੀ ਭੀੜ ਨੂੰ ਘਟਾਉਣ ਤੇ ਸਫ਼ਰ ਨੂੰ ਸੁਖਾਲਾ ਬਣਾਉਣ ਲਈ ਰੇਲਵੇ ਵੱਲੋਂ ਅੰਮ੍ਰਿਤਸਰ-ਕਟਿਹਾਰ-ਅੰਮ੍ਰਿਤਸਰ ਵਿਚਾਲੇ ਰਾਖਵੀਆਂ 'ਤਿਉਹਾਰ ਸਪੈਸ਼ਲ' ਰੇਲ ਗੱਡੀਆਂ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਪਰਮਦੀਪ ਸਿੰਘ ਸੈਣੀ ਸੀਨੀਅਰ ਮੰਡਲ ਵਣਜ ਮੈਨੇਜਰ ਫਿਰੋਜ਼ਪੁਰ ਮੰਡਲ ਨੇ ਦੱਸਿਆ ਕਿ ਟਰੇਨ ਨੰਬਰ 05735/05736 ਅੰਮ੍ਰਿਤਸਰ-ਕਟਿਹਾਰ-ਅੰਮ੍ਰਿਤਸਰ ਸਪੈਸ਼ਲ ਇਹ ਟਰੇਨ 27 ਫਰਵਰੀ 2026 ਤੋਂ 27 ਮਾਰਚ 2026 ਤੱਕ ਹਰ ਸ਼ੁੱਕਰਵਾਰ ਨੂੰ ਚੱਲੇਗੀ। ਇਹ ਅੰਮ੍ਰਿਤਸਰ ਤੋਂ ਦੁਪਹਿਰ 13.25 ਵਜੇ ਰਵਾਨਾ ਹੋਵੇਗੀ ਤੇ ਲਗਭਗ 34 ਘੰਟਿਆਂ ਦਾ ਸਫ਼ਰ ਤੈਅ ਕਰਕੇ ਅਗਲੇ ਦਿਨ ਰਾਤ 23.45 ਵਜੇ ਕਟਿਹਾਰ ਪਹੁੰਚੇਗੀ। ਕਟਿਹਾਰ ਤੋਂ ਅੰਮ੍ਰਿਤਸਰ (05736) ਇਹ ਟਰੇਨ 25 ਫਰਵਰੀ 2026 ਤੋਂ 25 ਮਾਰਚ 2026 ਤੱਕ ਹਰ ਬੁੱਧਵਾਰ ਨੂੰ ਚੱਲੇਗੀ। ਇਹ ਕਟਿਹਾਰ ਤੋਂ ਰਾਤ 21ਵਜੇ ਚੱਲੇਗੀ ਤੇ ਲਗਭਗ 36 ਘੰਟਿਆਂ ਬਾਅਦ ਸਵੇਰੇ 9.45 ਵਜੇ ਅੰਮ੍ਰਿਤਸਰ ਪਹੁੰਚੇਗੀ। ਇਹ ਵਿਸ਼ੇਸ਼ ਰੇਲ ਗੱਡੀ ਦੋਵਾਂ ਦਿਸ਼ਾਵਾਂ ਵਿੱਚ ਬਿਆਸ, ਜਲੰਧਰ ਸਿਟੀ, ਢੰਡਾਰੀ ਕਲਾਂ, ਰਾਜਪੁਰਾ, ਅੰਬਾਲਾ ਕੈਂਟ, ਸਹਾਰਨਪੁਰ, ਰੁੜਕੀ, ਲਕਸਰ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਸੀਤਾਪੁਰ, ਗੋਂਡਾ, ਬਸਤੀ, ਗੋਰਖਪੁਰ, ਕਪਤਾਨਗੰਜ, ਨਰਕਟੀਆਗੰਜ, ਰਕਸੌਲ, ਸੀਤਾਮੜੀ, ਸ਼ਿਓ, ਸਕਰੀ, ਝੰਝਾਰਪੁਰ, ਨਿਰਮਲੀ, ਸਰਾਏਗੜ੍ਹ, ਰਾਘੋਪੁਰ, ਲਲਿਤਗ੍ਰਾਮ, ਫਾਰਬਿਸਗੰਜ, ਅਰਰੀਆ ਕੋਰਟ ਤੇ ਪੂਰਨੀਆ ਰੁਕੇਗੀ। ਰੇਲਵੇ ਪ੍ਰਸ਼ਾਸਨ ਨੇ ਯਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਤਿਉਹਾਰਾਂ ਦੇ ਇਸ ਸੀਜ਼ਨ ਦੌਰਾਨ ਇਨ੍ਹਾਂ ਵਿਸ਼ੇਸ਼ ਰੇਲ ਗੱਡੀਆਂ ਦਾ ਲਾਭ ਉਠਾਉਣ ਤੇ ਆਪਣੀ ਯਾਤਰਾ ਨੂੰ ਸੁਖਾਲਾ ਬਣਾਉਣ।

## ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ ਵਿਧਾਇਕ ਨੇ 5-5 ਲੱਖ ਦੇ ਚੈੱਕ ਵੰਡੇ

**ਜਲਾਲਾਬਾਦ (ਜੀਤ ਕੁਮਾਰ)**- ਪਿਛਲੇ ਸਾਲ ਪੰਜਾਬ ਭਰ 'ਚ ਹੋਈਆਂ ਪੰਚਾਇਤੀ ਚੋਣਾਂ ਮੌਕੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਨਿਵੇਕਲੀ ਪਹਿਲ ਕਦਮੀ ਕਰਦੇ ਹੋਏ ਸਰਬਸੰਮਤੀ ਨਾਲ ਗ੍ਰਾਮ ਪੰਚਾਇਤਾਂ ਦੀ ਚੋਣ ਕਰਨ ਵਾਲੇ ਪਿੰਡਾਂ ਨੂੰ ਸਨਮਾਨ ਦੇ ਰੂਪ 'ਚ ਸਰਕਾਰ ਵੱਲੋਂ 5 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ ਗਿਆ ਸੀ। ਇਸੇ ਕੜੀ ਤਹਿਤ ਜਲਾਲਾਬਾਦ ਵਿਖੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੀ ਅਗਵਾਈ ਹੇਠ ਕਰਵਾਏ ਗਏ ਸਮਾਰੋਹ ਦੌਰਾਨ ਸਰਬਸੰਮਤੀ ਨਾਲ ਚੁਣੀਆਂ ਗਈਆਂ ਗ੍ਰਾਮ ਪੰਚਾਇਤਾਂ ਰੋਹੀ ਵਾਲਾ, ਚੱਕ ਪੱਖੀ, ਸੋਹਣਾ ਸਾਂਦੜ, ਚੱਕ ਪੰਨੀ ਵਾਲਾ, ਨਵਾਂ ਤੇਲੂਪੁਰਾ ਮੌਲਵੀ ਵਾਲਾ ਚੱਕ ਬੁੱਧੋ ਕੇ ਗ੍ਰਾਮ ਪੰਚਾਇਤਾਂ ਦੇ ਸਰਪੰਚਾਂ ਤੇ ਪੰਚਾਂ ਨੂੰ 5 ਲੱਖ ਰੁਪਏ ਦੀ ਰਾਸ਼ੀ ਦੇ ਚੈੱਕ ਭੇਟ ਕੀਤੇ ਗਏ। ਇਸ ਮੌਕੇ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੇ ਐਲਾਨ ਤੋਂ ਬਾਅਦ ਹਲਕੇ ਦੇ ਪਿੰਡਾਂ 'ਚ ਲੋਕਾਂ ਵੱਲੋਂ ਆਪਣੀ ਭਾਈਚਾਰਕ ਸਾਂਝ ਦੇ ਏਕੇ ਦਾ ਸਬੂਤ ਦਿੰਦੇ ਹੋਏ ਪੜ੍ਹੇ ਲਿਖੇ ਤੇ ਸੂਝਵਾਨ ਉਮੀਦਵਾਰਾਂ ਨੂੰ ਆਪਣੇ ਆਪਣੇ ਪਿੰਡ ਦੇ ਨੁਮਾਇੰਦੇ ਚੁਣ ਕੇ ਵੱਡੀ ਜ਼ੁੰਮੇਵਾਰੀ ਸੌਂਪੀ ਗਈ ਸੀ। ਵਿਧਾਇਕ ਗੋਲਡੀ ਨੇ ਆਖਿਆ ਕਿ ਮਾਨ ਸਰਕਾਰ ਵੱਲੋਂ ਕੀਤੇ ਗਏ ਵਾਅਦੇ ਅਨੁਸਾਰ ਆਪਣੀ ਜ਼ੁੰਮੇਵਾਰੀ ਨੂੰ ਪੂਰਾ ਕਰਦੇ ਹੋਏ ਲਗਭਗ ਵਿਧਾਨ ਸਭਾ ਹਲਕਾ ਜਲਾਲਾਬਾਦ ਦੇ 7 ਪਿੰਡਾਂ ਦੀਆਂ ਪੰਚਾਇਤਾਂ ਨੂੰ ਚੈੱਕ ਭੇਟ ਕੀਤੇ ਗਏ ਹਨ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਸਰਕਾਰ ਦੇ ਇਸ ਉਪਰਾਲੇ ਨਾਲ ਜਿੱਥੇ ਕਿ ਪਿੰਡਾਂ 'ਚ ਆਪਸੀ ਲੜਾਈ ਝਗੜੇ ਵੀ ਬਹੁਤ ਘੱਟ ਹੋਏ ਸਨ ਤੇ ਕਿਸੇ ਵੀ ਤਰ੍ਹਾਂ ਦੀ ਕੋਈ ਹਿੰਸਕ ਘਟਨਾ ਵੀ ਸਾਹਮਣੇ ਨਹੀਂ ਆਈ ਸੀ। ਇਸ ਮੌਕੇ ਵਿਧਾਇਕ ਨੇ ਆਖਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਮਕਸਦ ਇਹ ਸੀ ਕਿ ਸਰਬ ਸੰਮਤੀ ਨਾਲ ਪੰਚਾਇਤਾਂ ਦੀ ਚੋਣ ਕਰਨ ਵਾਲੇ ਪਿੰਡਾਂ 'ਚ ਵੱਧ ਵੱਧ ਵਿਕਾਸ ਦੇ ਕੰਮ ਕਰਵਾਏ ਜਾਣ ਤੇ ਸਰਕਾਰ ਵੱਲੋਂ ਸਨਮਾਨ ਦੇ ਰੂਪ 'ਚ ਰਾਸ਼ੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਸਰਕਾਰ ਵੱਲੋਂ ਵਿਕਾਸ ਕਾਰਜਾਂ 'ਚ ਕੋਈ ਕਮੀ ਨਹੀਂ ਛੱਡੀ ਗਈ ਤੇ ਬਾਕੀ ਜੇਕਰ ਫਿਰ ਵੀ ਕੋਈ ਕੰਮ ਰਹਿੰਦੇ ਹਨ ਤਾਂ ਉਹ ਵੀ ਆਉਣ ਵਾਲੇ ਸਮੇਂ 'ਚ ਪੂਰੇ ਕਰਵਾਏ ਜਾਣਗੇ। ਇਸ ਮੌਕੇ ਉਨ੍ਹਾ ਨਾਲ ਪਿੰਡਾਂ ਦੇ ਸਰਪੰਚ ਸਾਹਿਬਾਨ, ਪੰਚ ਸਾਹਿਬਾਨ ਤੇ ਬੀ.ਡੀ.ਪੀ.ਓ. ਦਫ਼ਤਰ ਦੇ ਮੁਲਾਜ਼ਮ ਵੀ ਵੱਡੀ ਗਿਣਤੀ 'ਚ ਹਾਜ਼ਰ ਸਨ।



- **ਪੰਚਾਇਤ ਚੋਣਾਂ ਸਮੇਂ ਕੀਤਾ ਵਾਅਦਾ ਪੁਗਾ ਰਹੀ ਹੈ ਸੂਬਾ ਸਰਕਾਰ : ਗੋਲਡੀ**

## ਪੁਰਾਣੇ ਬੱਸ ਅੱਡੇ ਨੂੰ ਵਿਕਸਤ ਕਰਨ ਦੀ ਤਜਵੀਜ਼ : ਚੇਅਰਮੈਨ ਹਰਪਾਲ ਜੁਨੇਜਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੀ.ਆਰ.ਟੀ.ਸੀ. ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਪਟਿਆਲਾ ਦੇ ਪੁਰਾਣੇ ਬੱਸ ਸਟੈਂਡ ਵਿਖੇ ਆਉਣ-ਜਾਣ ਵਾਲੀਆਂ ਸਵਾਰੀਆਂ ਨੂੰ ਹੋਰ ਵਧੀਆ ਸਹੂਲਤ ਮੁਹੱਈਆ ਕਰਵਾਉਣ ਕਰਨ ਸਮੇਤ ਇਸ ਦੀ ਨੁਹਾਰ ਸੁਧਾਰਨ ਲਈ ਅਤੇ ਇਸ ਦੇ ਆਲੇ-ਦੁਆਲੇ ਦੇ ਕਾਰੋਬਾਰੀਆਂ ਦੇ ਕਾਰੋਬਾਰ ਨੂੰ ਧਿਆਨ ਵਿੱਚ ਰਖਦੇ ਹੋਏ ਇਸ ਨੂੰ ਹੋਰ ਆਧੁਨਿਕ ਤੇ ਕਮਰਸ਼ੀਅਲ ਤੌਰ 'ਤੇ ਵਿਕਸਿਤ ਕਰਨ ਲਈ ਇੱਕ ਮੀਟਿੰਗ ਕੀਤੀ। ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਇੱਥੇ ਪੁਰਾਣੇ ਬੱਸ ਸਟੈਂਡ ਵਿਖੇ ਅਰਨੈਸਟ ਐਂਡ ਯੰਗ ਕੰਪਨੀ ਨਵੀਂ ਦਿੱਲੀ ਦੇ ਡਾਇਰੈਕਟਰ ਅਰੁਣ ਤੁਲੀ ਤੇ ਉਨ੍ਹਾਂ ਦੀ ਟੀਮ ਨਾਲ ਕੀਤੀ ਮੀਟਿੰਗ ਦੌਰਾਨ ਪਟਿਆਲਾ ਡਿੱਪੂ ਦੇ ਜਨਰਲ ਮੈਨੇਜਰ ਕਾਰਜਕਾਰੀ ਇੰਜੀਨੀਅਰ ਜਤਿੰਦਰਪਾਲ ਸਿੰਘ ਗਰੇਵਾਲ, ਐੱਸ.ਡੀ.ਓ. ਇੰਜ. ਗੁਰਦਾਨਿਸ਼ਵੀਰ ਸਿੰਘ, ਜੇ ਈ ਇੰਜ. ਪ੍ਰਿਤਪਾਲ ਸਿੰਘ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ। ਚੇਅਰਮੈਨ ਜੁਨੇਜਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਵੱਲੋਂ ਪੀ.ਆਰ.ਟੀ.ਸੀ. ਤੇ ਪਨਬਸ ਦੇ 5 ਵੱਡੇ ਬੱਸ ਅੱਡਿਆਂ ਦੀ ਨੁਹਾਰ ਸੁਧਾਰਨ ਤੇ ਇਨ੍ਹਾਂ ਨੂੰ ਵਪਾਰਕ ਤੌਰ 'ਤੇ ਹੋਰ ਵਿਕਸਿਤ ਕਰਨ ਲਈ ਐੱਨ ਆਈ ਸੀ ਐੱਸ ਆਈ ਰਾਹੀਂ ਇੱਕ ਸਲਾਹਕਾਰ ਦੀਆਂ ਸੇਵਾਵਾਂ ਲਈਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਇਸ ਤਹਿਤ ਪਟਿਆਲਾ ਦੇ ਪੁਰਾਣੇ ਬੱਸ ਅੱਡੇ ਦੀ ਵੀ ਨੁਹਾਰ ਬਦਲੀ ਜਾਵੇਗੀ। ਹਰਪਾਲ ਜੁਨੇਜਾ ਨੇ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਮੰਤਵ ਪੀ.ਆਰ.ਟੀ.ਸੀ. ਦੇ ਪੁਰਾਣੇ ਬੱਸ ਸਟੈਂਡ ਪਟਿਆਲਾ ਦਾ ਆਧੁਨਿਕੀਕਰਨ ਤੇ ਇਸ ਨੂੰ ਵਪਾਰਕ ਤੌਰ 'ਤੇ ਵਿਕਸਿਤ ਕਰਨਾ ਹੈ, ਜਿਸ ਦਾ ਭਵਿੱਖ ਵਿੱਚ ਪੀ.ਆਰ.ਟੀ.ਸੀ. ਨੂੰ ਹੋਰ ਵਾਧੂ ਵਿੱਤੀ ਲਾਭ ਹੋਵੇਗਾ।ਇਸ ਮੌਕੇ ਅਰਨੈਸਟ ਐਂਡ ਯੰਗ ਕੰਪਨੀ ਵੱਲੋਂ ਤਿਆਰ ਤਜਵੀਜ਼ ਨੂੰ ਘੋਖਣ ਉਪਰੰਤ ਚੇਅਰਮੈਨ ਨੇ ਕੰਪਨੀ ਦੇ ਅਧਿਕਾਰੀਆਂ ਨੂੰ ਸੁਝਾਅ ਵੀ ਦਿੱਤੇ।



20 Feb Page 11.qxd 2/19/2026 10:36 PM Page 1



# ਪੁਰਾਣੀ ਪੈਨਸ਼ਨ ਬਹਾਲੀ ਲਈ ਪੰਜਾਬ ਭਰ 'ਚ ਸੰਘਰਸ਼ ਦਾ ਐਲਾਨ

**ਮਾਨਸਾ (ਆਤਮਾ ਸਿੰਘ ਪਮਾਰ)**- ਪੁਰਾਣੀ ਪੈਨਸ਼ਨ ਸਕੀਮ ਦੀ ਮੁੜ ਬਹਾਲੀ ਨੂੰ ਲੈ ਕੇ ਅੱਜ ਪੂਰੇ ਪੰਜਾਬ 'ਚ ਸੀ.ਪੀ.ਐੱਫ. ਕਰਮਚਾਰੀਆਂ ਯੂਨੀਅਨ ਤੇ ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਜ਼ਿਲ੍ਹਾ ਪੱਧਰ 'ਤੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਆਪਣਾ ਰੋਸ ਜ਼ਾਹਰ ਕਰਦਿਆਂ ਪ੍ਰਦਰਸ਼ਨ ਵੀ ਕੀਤਾ। ਇਸ ਮੌਕੇ ਸੀ ਪੀ ਐੱਫ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਤੇ ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਦੇ ਕਨਵੀਨਰ ਦਰਸ਼ਨ ਸਿੰਘ ਅਲੀਸ਼ੇਰ ਦੀ ਅਗਵਾਈ 'ਚ ਸਰਕਾਰ ਦੇ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਰੋਸ ਪ੍ਰਗਟ ਕੀਤਾ।ਉਹਨਾਂ ਕਿਹਾ ਕਿ ਨਵੀਂ ਪੈਨਸ਼ਨ ਸਕੀਮ ਕਰਮਚਾਰੀਆਂ ਦੇ ਭਵਿੱਖ ਨਾਲ ਖਿਲਵਾੜ ਹੈ ਅਤੇ ਰਿਟਾਇਰਮੈਂਟ ਤੋਂ ਬਾਅਦ ਆਰਥਿਕ ਸੁਰੱਖਿਆ ਪ੍ਰਦਾਨ ਨਹੀਂ ਕਰਦੀ।ਇਸ ਤੋਂ ਇਲਾਵਾ ਰੈਗੂਲਰ ਤੌਰ 'ਤੇ ਕੰਮ ਕਰ ਰਹੇ ਅਧਿਆਪਕਾਂ 'ਤੇ ਟੈਟ ਪਾਸ ਕਰਨ ਦੀ ਥੋਪੀ ਗਈ ਸ਼ਰਤ ਦਾ ਵੀ ਇਸ ਮੌਕੇ ਵਿਰੋਧ ਕਰਦਿਆਂ ਇਸ ਨੂੰ ਗੈਰ-ਪ੍ਰਸੰਗਿਕ ਹੋਣ ਦੀ ਗੱਲ ਵੀ ਕਹੀ।ਉਹਨਾਂ ਦੱਸਿਆ ਕਿ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦਿਆਂ ਦੇ ਬਾਵਜੂਦ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ



ਬਹਾਲ ਕਰਨ ਸੰਬੰਧੀ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ।ਆਗੂਆਂ ਨੇ ਕਿਹਾ ਕਿ 2004 ਤੋਂ ਬਾਅਦ ਭਰਤੀ ਹੋਏ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਸਕੀਮ ਤੋਂ ਵਾਂਝੇ ਰੱਖਣਾ ਕਿਵੇਂ ਵੀ ਨਿਆਂਸੰਗਤ ਨਹੀਂ ਹੈ। ਪ੍ਰਦਰਸ਼ਨਕਾਰੀਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦ ਮੰਗਾਂ ਨਾ ਮੰਨੀਆਂ ਤਾਂ ਸੂਬਾ ਪੱਧਰ 'ਤੇ ਵੱਡਾ ਅੰਦੋਲਨ ਛੇੜਿਆ ਜਾਵੇਗਾ।ਉਨ੍ਹਾਂ ਕਿਹਾ ਕਿ ਮਾਨਸਾ ਜ਼ਿਲ੍ਹੇ 'ਚ 24 ਫਰਵਰੀ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਸਤਾਵਿਤ ਫੇਰੀ ਸਮੇਂ ਕਾਲੀਆਂ ਝੰਡੀਆਂ ਨਾਲ ਸਵਾਗਤ ਕੀਤਾ ਜਾਵੇਗਾ।ਇਸ ਮੌਕੇ ਹਰਪ੍ਰੀਤ ਸਿੰਘ ਜ਼ਿਲ੍ਹਾ ਪ੍ਰਧਾਨ ਦਫ਼ਤਰ ਡਿਪਟੀ ਕਮਿਸ਼ਨਰ, ਪੀ ਐੱਸ ਐੱਮ ਯੂ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਖੁਡਾਲ, ਡੀ ਟੀ ਐੱਫ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਤਾਮਕੋਟ, ਜਸਵੰਤ ਸਿੰਘ ਮੌਜੋ, ਪ੍ਰਭਜੋਤ ਸਿੰਘ, ਮਲਕੀਤ ਸਿੰਘ ਖਿਆਲਾ ਆਦਿ ਆਗੂ ਹਾਜ਼ਰ ਸਨ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪੰਜਾਬੀ ਮਾਤ-ਭਾਸ਼ਾ ਮੇਲਾ ਭਲਕੇ

**ਲੁਧਿਆਣਾ (ਰੈਕਟਰ ਕਥੂਰੀਆ)** ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਅੰਤਰ-ਰਾਸ਼ਟਰੀ ਮਾਤਾ ਭਾਸ਼ਾ ਦਿਵਸ ਮੌਕੇ ਪੰਜਾਬੀ ਮਾਤ-ਭਾਸ਼ਾ ਮੇਲਾ 21 ਫ਼ਰਵਰੀ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਮਾਤ-ਭਾਸ਼ਾ ਦਿਵਸ ਮੌਕੇ ਪੰਜਾਬ ਦੇ ਵੱਖ-ਵੱਖ ਕਾਲਜਾਂ ਦੀਆਂ ਟੀਮਾਂ ਪੰਜਾਬੀ ਕਹਾਣੀ ਸਿਰਜਣ, ਕਾਵਿ-ਸਿਰਜਣ, ਪੰਜਾਬੀ ਲੋਕਗੀਤ, ਸੱਭਿਆਚਾਰਕ ਪ੍ਰਸ਼ਨੋਤਰੀ, ਪੰਜਾਬੀ ਕਵਿਤਾ ਪੋਸਟਰ ਮੁਕਾਬਲਾ, ਪੰਜਾਬੀ ਕਾਵਿ-ਉਚਾਰਨ, ਅਖਾਣ ਤੇ ਮੁਹਾਵਰੇ ਭਰਪੂਰ ਵਾਰਤਾਲਾਪ ਅਤੇ ਕੈਲੀਗ੍ਰਾਫੀ (ਔਖਰਕਾਰੀ) ਮੁਕਾਬਲਿਆਂ ਵਿੱਚ ਹਿੱਸਾ ਲੈਂਦੀਆਂ ਹਨ। ਪੰਜਾਬੀ ਮਾਤ-ਭਾਸ਼ਾ ਮੇਲੇ ਦੇ ਸੰਯੋਜਕ ਡਾ. ਗੁਰਚਰਨ ਕੌਰ ਕੋਚਰ ਤੇ ਸ੍ਰੀ ਤ੍ਰੈਲੋਚਨ ਲੋਚੀ ਨੇ ਦੱਸਿਆ ਮੇਲੇ ਸੰਬੰਧੀ ਕਾਲਜਾਂ ਨੂੰ ਪੱਤਰ ਭੇਜੇ ਗਏ ਹਨ, ਜੇ ਕਿਸੇ ਕਾਲਜ ਨੂੰ ਸੱਦਾ ਪੱਤਰ ਸਮੇਂ ਸਿਰ ਨਹੀਂ ਪਹੁੰਚਦਾ, ਉਹ ਵੀ 21 ਫ਼ਰਵਰੀ ਨੂੰ ਪੰਜਾਬੀ ਭਵਨ ਪਹੁੰਚ ਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਭਾਗ ਲੈਣ ਵਾਲੇ ਕਾਲਜਾਂ ਦੇ ਵਿਦਿਆਰਥੀ ਆਪਣੀ ਸੰਸਥਾ ਦੇ ਮੁਖੀ ਤੋਂ ਅਧਿਕਾਰ ਪੱਤਰ ਨਾਲ ਲੈ ਕੇ ਆਉਣਗੇ ਤੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਸਵੇਰੇ 9 ਵਜੇ ਤੋਂ ਲੈ ਕੇ 10 ਵਜੇ ਤੱਕ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਵੇਗੀ।ਉਪਰੰਤ ਸਾਹਿਤਕ ਮੁਕਾਬਲੇ ਸ਼ੁਰੂ ਹੋ ਜਾਣਗੇ।

# 10ਵੀਂ ਤੇ 12ਵੀਂ ਦੇ ਵਿਦਿਆਰਥੀਆਂ ਨੂੰ ਦਿੱਤੀਆਂ ਸ਼ੁੱਭ-ਕਾਮਨਾਵਾਂ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਸੀ.ਬੀ.ਐੱਸ.ਈ. ਨਾਲ ਸੰਬੰਧਤ ਸਰਾਫ਼ ਐਜੂਕੇਸ਼ਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਦੇ ਕਲਾਸ 10ਵੀਂ ਤੇ 12ਵੀਂ ਦੇ ਵਿਦਿਆਰਥੀਆਂ ਨੂੰ ਬੋਰਡ ਪ੍ਰੀਖਿਆਵਾਂ ਦੇ ਸ਼ੁੱਭ-



ਆਰੰਭ ਮੌਕੇ ਸਕੂਲ ਪ੍ਰਬੰਧਕਾਂ ਵੱਲੋਂ ਉੱਜਵਲ ਭਵਿੱਖ ਲਈ ਹਾਰਦਿਕ ਸ਼ੁੱਭ- ਕਾਮਨਾਵਾਂ ਦਿੱਤੀਆਂ ਗਈਆਂ।ਇਸ ਮੌਕੇ ਸਕੂਲ ਦੇ ਚੇਅਰਮੈਨ ਇੰਜੀਨੀਅਰ ਕਮਲੇਸ਼ ਸਰਾਫ਼ ਤੇ ਉਪ-ਚੇਅਰਮੈਨ ਅਮਿਤ ਸਰਾਫ਼ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਬੋਰਡ ਪ੍ਰੀਖਿਆਵਾਂ ਜੀਵਨ ਦਾ ਇੱਕ ਮਹੱਤਵਪੂਰਨ ਤੇ ਨਿਰਣਾਇਕ ਪੜਾਅ ਹੁੰਦੀਆਂ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਸਮੇਂ ਦਾ ਸਦਉਪਯੋਗ ਕਰਨ, ਆਤਮਵਿਸ਼ਵਾਸ ਕਾਇਮ ਰੱਖਣ ਤੇ ਅਨੁਸ਼ਾਸਨ ਨਾਲ ਪ੍ਰੀਖਿਆ ਵਿੱਚ ਉੱਤਮ ਪ੍ਰਦਰਸ਼ਨ ਕਰਕੇ ਆਪਣੇ ਮਾਤਾ-ਪਿਤਾ ਤੇ ਸਕੂਲ ਦਾ ਨਾਮ ਰੌਸ਼ਨ ਕਰਨ ਦੀ ਅਪੀਲ ਕੀਤੀ। ਸਕੂਲ ਦੀ ਪ੍ਰਿੰਸੀਪਲ ਕਾਵਿਆ ਅਗਰਵਾਲ ਸ਼ਰਮਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਬੋਰਡ ਪ੍ਰੀਖਿਆਵਾਂ ਦਾ ਨਤੀਜਾ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਇੱਕ ਮਜ਼ਬੂਤ ਨੀਂਹ ਹੁੰਦਾ ਹੈ।ਇਹ ਨਾ ਕੇਵਲ ਉਨ੍ਹਾਂ ਦੇ ਅਗਲੇ ਵਿਸ਼ਿਆਂ ਦੀ ਚੋਣ ਤੇ ਅਕਾਦਮਿਕ ਦਿਸ਼ਾ ਨਿਰਧਾਰਤ ਕਰਦਾ ਹੈ, ਸਗੋਂ ਜੀਵਨ ਦੇ ਟੀਚੇ ਨਿਰਧਾਰਤ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਇਕਾਗਰ ਚਿੱਤ ਹੋ ਕੇ ਹਰ ਰੋਜ਼ ਮਿਹਨਤ ਕਰਨ, ਸਕਾਰਾਤਮਕ ਸੋਚ ਬਣਾਈ ਰੱਖਣ ਤੇ ਆਤਮਵਿਸ਼ਵਾਸ ਨਾਲ ਪ੍ਰੀਖਿਆ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।

# ਕੈਂਸਰ ਦੀ ਬਿਮਾਰੀ 'ਤੇ ਜਾਗਰੂਕਤਾ ਸੈਮੀਨਾਰ

**ਬਰੇਟਾ (ਰੀਤਵਾਲ)**- ਗਿਆਨ ਸਾਗਰ ਸਕੂਲ ਵਿੱਚ ਬੱਚਿਆਂ ਨੂੰ ਜਾਗਰੂਕ ਕਰਨ ਲਈ ਕੇਅਰਗਿ ਸੇਲਜ਼ ਫਾਊਂਡੇਸ਼ਨ ਲਖਨਊ ਵੱਲੋਂ ਸਕੂਲ ਵਿੱਚ ਸੈਮੀਨਾਰ ਕੀਤਾ ਗਿਆ, ਜਿਸ ਵਿੱਚ ਪ੍ਰੋਗਰਾਮ ਅਫ਼ਸਰ ਸਜੀਵ ਵਰਮਾ ਨੇ ਸ਼ਿਰਕਤ ਕੀਤੀ।ਉਨ੍ਹਾਂ ਬੱਚਿਆਂ ਨੂੰ ਕੈਂਸਰ ਵਰਗੀ



ਭਿਆਨਕ ਬਿਮਾਰੀ ਤੋਂ ਬਚਣ ਲਈ ਸਾਵਧਾਨੀਆਂ ਤੇ ਇਸ ਦੇ ਇਲਾਜ ਸਬੰਧੀ ਜਾਣਕਾਰੀ ਦਿੱਤੀ।ਉਨ੍ਹਾਂ ਬੱਚਿਆਂ ਨੂੰ ਵੱਧ ਤੋਂ ਵੱਧ ਪ੍ਰੋਟੀਨ ਲੈਣ, ਵੱਧ ਤੋਂ ਵੱਧ ਪਾਣੀ ਪੀਣ ਤੇ ਵੱਧ ਤੋਂ ਵੱਧ ਦਰੱਖ਼ਤ ਲਗਾਉਣ ਲਈ ਕਿਹਾ ਅਤੇ ਆਪਣੀ ਸਿਹਤ ਦਾ ਧਿਆਨ ਰੱਖਣ ਲਈ ਪ੍ਰੇਰਿਤ ਕੀਤਾ।ਇਸ ਬਿਮਾਰੀ ਨਾਲ ਲੜਨ ਲਈ ਪ੍ਰਹੇਜ਼ ਤੋਂ ਜਾਣੂ ਕਰਵਾਇਆ। ਪ੍ਰਿੰਸੀਪਲ ਭਾਰਤ ਦੀਪ ਗਰਗ ਨੇ ਬੱਚਿਆਂ ਦੀ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਨੂੰ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਇਸ ਤਰ੍ਹਾਂ ਦੀਆਂ ਮੁਸ਼ਕਲਾਂ ਨਾਲ ਲੜਨ ਲਈ ਆਪਣੀ ਸੋਚ ਦੇ ਅਧਾਰ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਅਉਣ ਵਾਲੇ ਸਮੇਂ ਵਿੱਚ ਸਕੂਲ ਵਿੱਚ ਪੜ੍ਹਾਈ ਦੇ ਨਾਲ ਨਾਲ ਇਸ ਤਰ੍ਹਾਂ ਦੇ ਕੈਂਪ ਲਗਦੇ ਰਹਿਣਗੇ।

# ਬਾਬਾ ਫ਼ਰੀਦ ਸਕੂਲ ਦੇ ਹੋਣਹਾਰ ਵਿਦਿਆਰਥੀ ਸਨਮਾਨਤ

**ਗਿੱਦੜਬਾਹਾ (ਜਸਵੰਤ ਸਿੰਘ ਗਿੱਲ)**- ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਵੱਲੋਂ ਸਕੂਲ ਦੀ ਪ੍ਰਿੰ. ਪਰਮਜੀਤ ਕੌਰ ਬਰਾੜ ਦੀ ਅਗਵਾਈ ਵਿੱਚ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਨਗਦ ਰਾਸ਼ੀ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕਰਨ ਲਈ ਇੱਕ ਸਮਾਗਮ ਕੀਤਾ ਗਿਆ।ਇਸ ਮੌਕੇ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਜਸਪਾਲ



ਮੋਂਗਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।ਇਸ ਮੌਕੇ ਉਨ੍ਹਾਂ ਨਾਲ ਤਰਸੇਮ ਕੁਮਾਰ, ਮਨਦੀਪ ਸਿੰਘ ਤੇ ਗੁਰਪ੍ਰੀਤ ਸਿੰਘ ਵੀ ਮੌਜੂਦ ਸਨ।ਇਸ ਸਬੰਧੀ ਸਕੂਲ ਦੇ ਐੱਮ. ਡੀ. ਹਰਜੀਤ ਸਿੰਘ ਬਰਾੜ ਨੇ ਦੱਸਿਆ ਕਿ ਬੋਰਡ ਪ੍ਰੀਖਿਆਵਾਂ ਦੌਰਾਨ ਮੈਰਿਟ ਵਿੱਚ ਸਥਾਨ ਪ੍ਰਾਪਤ ਕਰਨ ਵਾਲੇ ਸਕੂਲ ਦੇ ਵਿਦਿਆਰਥੀਆਂ ਨੂੰ 10 ਹਜ਼ਾਰ ਨਗਦ ਇਨਾਮ ਦੇ ਕੇ ਸਨਮਾਨਤ ਕਰਨ ਤੋਂ ਇਲਾਵਾ ਬੋਰਡ ਪ੍ਰੀਖਿਆਵਾਂ ਵਿੱਚ ਪਹਿਲੇ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਨਗਦ ਇਨਾਮ ਦਿੱਤੇ ਗਏ।ਇਸ ਤੋਂ ਇਲਾਵਾ ਰਾਸ਼ਟਰੀ ਖੇਡਾਂ 'ਚ ਪਹਿਲਾ ਸਥਾਨ ਪ੍ਰਾਪਤ ਖਿਡਾਰੀਆਂ ਨੂੰ ਵੀ ਉਚੇਚੇ ਤੌਰ 'ਤੇ ਨਗਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਤੋਂ ਇਲਾਵਾ ਸਕੂਲ ਮੈਨੇਜਮੈਂਟ ਵੱਲੋਂ ਨੈੱਟਬਾਲ ਕੋਚ ਮਨਪ੍ਰੀਤ ਸਿੰਘ ਨੂੰ ਵੀ 11 ਹਜ਼ਾਰ ਦੀ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਗੁਰਮੇਲ ਸਿੰਘ ਡੀਪੀਆਈ, ਮਨਪ੍ਰੀਤ ਸਿੰਘ ਨੈੱਟਬਾਲ ਕੋਚ, ਗੁਰਜੰਟ ਸਿੰਘ, ਬਲਕਰਨ ਸਿੰਘ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਮਹਾਂਦੇਵ ਸੇਵਾ ਸੰਘ ਅਰੂਣਾਏ ਧਾਮ ਕਮੇਟੀ ਦੀ ਚੋਣ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਮਹਾਂਦੇਵ ਸੇਵਾ ਸੰਘ ਅਰੂਣਾਏ ਧਾਮ ਮੰਡਲ ਰਾਮਪੁਰਾ ਫੂਲ ਦੀ ਮੀਟਿੰਗ ਪ੍ਰਧਾਨ ਦਿਨੇਸ਼ ਮਿੱਤਲ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਨਵੀਂ ਕਮੇਟੀ ਦੀ ਚੋਣ ਕੀਤੀ ਗਈ ਹੈ, ਜਿਸ ਵਿੱਚ ਸਰਬਸੰਮਤੀ ਨਾਲ ਸ਼ੰਭੋ ਸ਼ੰਕਰ ਨੂੰ ਸਰਪ੍ਰਸਤ, ਮਿੰਟੂ ਸੈਨ ਚੇਅਰਮੈਨ,



ਦਿਨੇਸ਼ ਮਿੱਤਲ ਪ੍ਰਧਾਨ, ਜਨਕ ਰਾਜ ਉਪ ਪ੍ਰਧਾਨ, ਅਨਿਲ ਕੁਮਾਰ ਕੈਸ਼ੀਅਰ, ਰਾਜਪਾਲ ਸੈਕਟਰੀ, ਬਲਜੀਤ ਕੁਮਾਰ ਸਲਾਹਕਾਰ ਤੇ ਅਮਿਤ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ ਅਤੇ ਅਗਲੀ ਬੱਸ ਯਾਤਰਾ 17 ਮਾਰਚ 2026 ਨੂੰ ਅਰੂਣਾਏ ਧਾਮ (ਹਰਿਆਣਾ) ਦੇ ਨਾਲ ਨਾਲ ਕਾਲੀ ਮਾਤਾ ਮੰਦਿਰ ਸੰਗਰੂਰ ਦੇ ਦਰਸ਼ਨ ਕਰਾਏ ਜਾਣਗੇ।ਬੱਸ ਯਾਤਰਾ ਦੇ 2 ਸਾਲ ਪੂਰੇ ਹੋਣ ਦੀ ਖ਼ੁਸ਼ੀ ਵਿੱਚ ਕਾਲੀ ਮਾਤਾ ਮੰਦਿਰ ਵਿਖੇ ਕੇਕ ਕੱਟਿਆ ਜਾਵੇਗਾ ਤੇ ਸਾਰੇ ਯਾਤਰੀਆਂ ਨੂੰ ਗਿਫ਼ਟ ਵੰਡੇ ਜਾਣਗੇ।

# ਗੁਰਦੁਆਰਾ ਕਾਲਾਮਾਲਾ ਸਾਹਿਬ ਵਿਖੇ ਇਕੋਤਰੀ ਸਮਾਗਮ ਮਨਾਇਆ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ (ਬਰਨਾਲਾ) ਵਿਖੇ ਸਾਲਾਨਾ ਇਕੋਤਰੀ ਸਮਾਗਮ ਗੁਰਦੁਆਰਾ ਕਾਲਾਮਾਲਾ ਸਾਹਿਬ



ਕਮੇਟੀ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸ੍ਰ: ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਕਾਲਾਮਾਲਾ ਸਾਹਿਬ ਦੇ ਵਿਦਿਆਰਥੀਆਂ ਦੇ ਰਾਗੀ ਜਥੇ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।ਵਿਸ਼ੇਸ਼ ਤੌਰ 'ਤੇ ਪਹੁੰਚੇ ਸੰਤ ਬਾਬਾ ਓਂਕਾਰ ਸਿੰਘ ਬੇਰ ਖੁਰਦ ਨੇ ਕਥਾ ਕੀਰਤਨ ਦੁਆਰਾ ਸਮੂਹ ਸੰਗਤਾਂ ਨੂੰ ਗੁਰੂ ਸਾਹਿਬਾਨ ਦੀ ਸਿੱਖਿਆ ਅਨੁਸਾਰ ਗੁਰਸਿੱਖੀ ਜੀਵਨ ਧਾਰਨ ਕਰਕੇ ਬਾਣੀ ਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਸਰਪੰਚ ਗੁਰਦੀਪ ਸਿੰਘ ਬਾਬਾ, ਪ੍ਰਧਾਨ ਕੁਲਵੰਤ ਸਿੰਘ ਸੂਮ, ਭਾਈ ਜਸਵੀਰ ਸਿੰਘ ਮਾਣਕੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਕਾਲਾਮਾਲਾ ਸਾਹਿਬ ਦੇ ਇਤਿਹਾਸ ਬਾਰੇ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਸੱਚਖੰਡ ਵਾਸੀ ਬਾਬਾ ਮੱਲ ਸਿੰਘ ਕਾਲਾਮਾਲਾ ਸਾਹਿਬ ਤੇ ਸੰਤ ਜਸਵੀਰ ਸਿੰਘ ਖ਼ਾਲਸਾ ਵੱਲੋਂ ਲੰਬੇ ਸਮੇਂ ਤੋਂ ਚਲਾਈ ਗਈ ਪ੍ਰੰਪਰਾ ਅਨੁਸਾਰ ਇਸ ਅਸਥਾਨ ਉੱਪਰ ਧਾਰਮਿਕ ਸਮਾਗਮ ਕਰਵਾ ਕੇ ਸੰਗਤਾਂ ਨੂੰ ਗੁਰਸਿੱਖੀ ਨਾਲ ਜੋੜਨ ਦੇ ਕਾਰਜ ਨਿਰੰਤਰ ਜਾਰੀ ਰੱਖੇ ਜਾਣਗੇ।ਇਸ ਮੌਕੇ ਸਮੂਹ ਪ੍ਰਬੰਧਕਾਂ ਵੱਲੋਂ ਰਾਗੀ ਜਥਿਆਂ, ਵੱਖ-ਵੱਖ ਨਾਮਵਰ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਬਾਬਾ ਗੁਰਦੇਵ ਸਿੰਘ ਕਾਰ ਸੇਵਾ, ਬਾਬਾ ਮੁਖਤਿਆਰ ਸਿੰਘ ਖੰਨਾ, ਭਾਈ ਬਲਤੇਜ ਸਿੰਘ ਯੂ ਐੱਸ ਏ, ਅਵਤਾਰ ਸਿੰਘ ਅਣਖੀ, ਭਾਈ ਗੁਰਮੀਤ ਸਿੰਘ ਪੰਡੋਰੀ, ਮੈਨੇਜਰ ਸਤਪਾਲ ਸਿੰਘ ਤਲਵੰਡੀ, ਇੰਚਾਰਜ ਗੁਰਜੰਟ ਸਿੰਘ ਛੀਨੀਵਾਲ, ਬਲਵੰਤ ਸਿੰਘ ਮਹੇਰਨਾ, ਬਲਜੀਤ ਸਿੰਘ ਪੰਡੋਰੀ, ਭਾਈ ਜਗਸੀਰ ਸਿੰਘ ਖ਼ਾਲਸਾ, ਬਾਬਾ ਧਰਮ ਸਿੰਘ, ਪ੍ਰਧਾਨ ਜਗਤਾਰ ਸਿੰਘ ਪੰਡੋਰੀ, ਸੁਖਵਿੰਦਰ ਸਿੰਘ ਬਿੰਦਰ, ਬੀਬੀ ਪਰਮਜੀਤ ਕੌਰ ਭੱਠਲ, ਮਾਤਾ ਸੁਰਜੀਤ ਕੌਰ, ਕਰਮਜੀਤ ਕਰਮਾ, ਰਾਜਵਿੰਦਰ ਸਿੰਘ ਬਦੇਸ਼ੇ, ਬਲਦੇਵ ਸਿੰਘ ਚੁਹਾਣਕੇ, ਗੁਰਮੇਲ ਸਿੰਘ ਗੰਗੋਹਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਇਰਫ਼ਾਨ ਹਬੀਬ ਤੇ ਨਸੀਰੂਦੀਨ ਸ਼ਾਹ ਦੀ ਫਿਰਕਾਪ੍ਰਸਤਾਂ ਵੱਲੋਂ ਜ਼ਬਾਨਬੰਦੀ ਕਰਨ ਦੀ ਸਖ਼ਤ ਨਿੰਦਾ

**ਲੁਧਿਆਣਾ (ਸਤੀਸ਼ ਸਚਦੇਵਾ)**- ਬੀਤੇ ਦਿਨੀਂ ਭਾਜਪਾ ਹਕੂਮਤ ਦੀ ਸਰਪ੍ਰਸਤੀ ਹੇਠ ਫ਼ਿਰਕੂ ਅਨਸਰਾਂ ਵੱਲੋਂ ਮੁਲਕ ਦੇ ਦੋ ਪ੍ਰਸਿੱਧ ਵਿਦਵਾਨਾਂ ਐੱਸ. ਇਰਫ਼ਾਨ ਹਬੀਬ ਤੇ ਅਦਾਕਾਰ ਨਸੀਰੂਦੀਨ ਸ਼ਾਹ ਉਪਰ ਯੋਜਨਾਬੱਧ ਢੰਗ ਨਾਲ ਹਮਲਾ ਕਰਕੇ ਉਨ੍ਹਾਂ ਦੀ ਜ਼ਬਾਨਬੰਦੀ ਕਰਨ ਦੀ ਫਾਸ਼ੀਵਾਦੀ ਕਾਰਵਾਈ ਦਾ ਕਈ ਜਮਹੂਰੀ ਤੇ ਤਰਕਸ਼ੀਲ ਜਥੇਬੰਦੀਆਂ ਵੱਲੋਂ ਸਖ਼ਤ ਵਿਰੋਧ ਕਰਦਿਆਂ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।ਜਥੇਬੰਦੀਆਂ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ, ਜਮਹੂਰੀ ਅਧਿਕਾਰ ਸਭਾ ਪੰਜਾਬ, ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ, ਇਨਕਲਾਬੀ ਮਜ਼ਦੂਰ ਕੇਂਦਰ ਸ਼ਾਮਲ ਹਨ।ਇਨ੍ਹਾਂ ਦੇ ਆਗੂਆਂ ਜਸਵੰਤ ਜ਼ੀਰਖ, ਹਰਚੰਦ ਭਿੰਡਰ, ਪ੍ਰੋ. ਏ ਕੇ ਮਲੇਰੀ, ਐਡਵੋਕੇਟ ਹਰਪ੍ਰੀਤ ਜ਼ੀਰਖ, ਕਾ. ਸੁਰਿੰਦਰ ਸਿੰਘ ਨੇ ਜਾਰੀ ਇੱਕ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਸਮਾਜਿਕ ਮੁੱਦਿਆਂ 'ਤੇ ਬੇ-ਬਾਕੀ ਨਾਲ ਆਜ਼ਾਦਾਨਾ ਵਿਚਾਰ ਪ੍ਰਗਟ ਕਰਨ ਵਾਲੇ ਪ੍ਰਸਿੱਧ ਅਦਾਕਾਰ ਨਸੀਰੂਦੀਨ ਸ਼ਾਹ ਦਾ ਮੁੰਬਈ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨਾਲ ਵਿਚਾਰ ਚਰਚਾ ਕਰਨ ਤੋਂ ਕੁੱਝ ਘੰਟੇ ਪਹਿਲਾਂ ਪ੍ਰਬੰਧਕਾਂ ਵੱਲੋਂ ਹਕੂਮਤੀ ਦਬਾਅ ਹੇਠ ਸੱਦਾ ਪੱਤਰ ਰੱਦ ਕਰਨ ਤੇ ਦਿੱਲੀ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਨਾਮਵਰ ਲੋਕ ਪੱਖੀ ਇਤਿਹਾਸਕਾਰ ਐੱਸ. ਇਰਫ਼ਾਨ ਹਬੀਬ ਉੱਪਰ ਪਾਣੀ ਦੀ ਬਾਲਟੀ ਸੁੱਟ ਕੇ ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਸਮਾਗਮ ਵਿੱਚ ਖਲਲ ਪਾਉਣ ਦੀ ਫਾਸ਼ੀਵਾਦੀ ਕਾਰਵਾਈ, ਮੋਦੀ ਹਕੂਮਤ ਦੇ ਦੇਸ਼ ਵਿੱਚ ਤਾਨਾਸ਼ਾਹੀ ਰਾਜ ਦਾ ਨੰਗਾ ਚਿੱਟਾ ਸਬੂਤ ਹੈ ਅਤੇ ਵਿਚਾਰ ਪ੍ਰਗਟਾਵੇ ਦੀ ਸੰਵਿਧਾਨਕ ਆਜ਼ਾਦੀ ਉੱਤੇ ਸਿੱਧਾ ਹਮਲਾ ਹੈ।ਆਗੂਆਂ ਨੇ ਦੋਸ਼ ਲਾਇਆ ਕਿ ਮੋਦੀ ਹਕੂਮਤ ਦੇਸ਼ ਵਿਰੋਧੀ ਭਾਰਤ-ਅਮਰੀਕਾ ਮੁਕਤ ਵਪਾਰ ਲੋਕ ਮਾਰੂ ਸਮਝੌਤੇ, ਬਿਜਲੀ ਸੋਧ ਬਿੱਲ, ਬੀਜ ਬਿੱਲ ਤੇ 4 ਕਿਰਤ ਕੋਡਾਂ ਦੇ ਕਾਲੇ ਕਾਨੂੰਨਾਂ ਅਤੇ ਐਪਸਟੀਨ ਫਾਈਲ ਸਕੈਂਡਲ ਕਾਰਨ ਉੱਠਣ ਵਾਲੇ ਜਨਤਕ ਪ੍ਰਤੀਰੋਧ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਅਜਿਹੇ 'ਕਾਰਨਾਮੇ' ਕਰਵਾ ਰਹੀ ਹੈ।ਲੋਕ ਪੱਖੀ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਵਿਰੁੱਧ ਅਰਬਨ ਨਕਸਲ ਦਾ ਇੱਕ ਯੋਜਨਾਬੱਧ ਝੂਠਾ ਪ੍ਰਚਾਰ ਕਰਕੇ ਉਨ੍ਹਾਂ ਦੀ ਜ਼ਬਾਨਬੰਦੀ ਕਰਨਾ ਚਾਹੁੰਦੀ ਹੈ, ਪਰ ਮੁਲਕ ਦੇ ਜਮਹੂਰੀ ਚੇਤਨ ਲੋਕ ਅਜਿਹੇ ਲੋਕ ਵਿਰੋਧੀ ਮਨਸੂਬੇ ਕਦੇ ਵੀ ਸਫਲ ਨਹੀਂ ਹੋਣ ਦੇਣਗੇ।ਉਨ੍ਹਾਂ ਕਿਹਾ ਕਿ ਲੋਕ ਪੱਖੀ ਬੁੱਧੀਜੀਵੀਆਂ ਨੂੰ ਚੁੱਪ ਕਰਵਾਉਣ ਦਾ ਭਰਮ ਪਾਲਣ ਵਾਲੀਆਂ ਫ਼ਿਰਕੂ ਤਾਕਤਾਂ ਨੂੰ ਨਸੀਰੂਦੀਨ ਸ਼ਾਹ ਤੇ ਐੱਸ. ਇਰਫ਼ਾਨ ਹਬੀਬ ਵੱਲੋਂ ਤੁਰੰਤ ਦਿੱਤੀ ਪ੍ਰਤੀਕਿਰਿਆ ਕਿ 'ਉਹ ਆਪਣੀ ਗੱਲ ਹਰ ਹਾਲਤ ਭਵਿੱਖ ਵਿੱਚ ਵੀ ਜਾਰੀ ਰੱਖਣਗੇ' ਦੇ ਨਿੱਡਰਤਾ ਨਾਲ ਕੀਤੇ ਐਲਾਨ ਤੋਂ ਬਾਖ਼ੂਬੀ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਹੱਕ ਸੱਚ ਦੀ ਆਵਾਜ਼ ਨੂੰ ਕਿਸੇ ਵੀ ਜਬਰ ਰਾਹੀਂ ਖਾਮੋਸ਼ ਨਹੀਂ ਕੀਤਾ ਜਾ ਸਕਦਾ। ਆਗੂਆਂ ਨੇ ਸਮੂਹ ਲੋਕ ਪੱਖੀ ਜਮਹੂਰੀ ਤੇ ਜਨਤਕ ਜਥੇਬੰਦੀਆਂ ਅਤੇ ਬੁੱਧੀਜੀਵੀ ਵਰਗ ਨੂੰ ਇੱਕਜੁੱਟ ਹੋ ਕੇ ਹਕੂਮਤੀ ਤਾਨਾਸ਼ਾਹੀ, ਕਾਰਪੋਰੇਟ ਪੱਖੀ ਨੀਤੀਆਂ, ਕਾਲੇ ਕਾਨੂੰਨਾਂ ਤੇ ਫ਼ਿਰਕੂ ਫ਼ਾਸ਼ੀਵਾਦ ਦਾ ਡੱਟਵਾਂ ਵਿਰੋਧ ਕਰਨ ਦੀ ਅਪੀਲ ਕੀਤੀ ਹੈ।

# ਪੰਜਾਬੀ 'ਵਰਸਿਟੀ ਵਿਖੇ ਨਸ਼ਿਆਂ ਤੇ ਏਡਜ਼ ਦੀ ਰੋਕਥਾਮ ਬਾਰੇ ਭਾਸ਼ਣ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬੀ ਯੂਨੀਵਰਸਿਟੀ ਦੇ ਐੱਨ. ਐੱਸ. ਐੱਸ. ਵਿਭਾਗ ਵੱਲੋਂ ਨਸ਼ਿਆਂ ਤੇ ਏਡਜ਼ ਦੀ ਰੋਕਥਾਮ ਬਾਰੇ ਵਿਸ਼ੇਸ਼ ਭਾਸ਼ਣ ਕਰਵਾਏ ਗਏ।ਰੈੱਡ ਰਿਬਨ ਕਲੱਬ ਤੇ ਸਿਵਲ



ਇੰਜੀਨੀਅਰਿੰਗ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਇਸ ਪ੍ਰੋਗਰਾਮ ਵਿੱਚ ਰਜਿੰਦਰਾ ਹਸਪਤਾਲ ਪਟਿਆਲਾ ਤੋਂ ਆਈ.ਐੱਚ.ਬੀ.ਟੀ. ਮੁਖੀ ਡਾ. ਮੋਨਿਕਾ ਗਰਗ ਤੇ ਮਾਡਲ ਨਸ਼ਾ ਛੁਡਾਊ ਕੇਂਦਰ ਦੇ ਇੰਚਾਰਜ ਡਾ. ਰੋਹਿਤ ਗਰਗ ਨੇ ਆਪਣੇ ਵਿਚਾਰ ਪ੍ਰਗਟਾਏ। ਉੱਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਕਿਸੇ ਵੀ ਕੌਮ ਜਾਂ ਦੇਸ਼ ਦਾ ਸਰਮਾਇਆ ਹੁੰਦੇ ਹਨ, ਪਰ ਨਸ਼ਿਆਂ ਤੇ ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਇਸ ਸਰਮਾਏ ਨੂੰ ਅੰਦਰੋਂ-ਅੰਦਰੀ ਖ਼ੋਖਲਾ ਕਰ ਰਹੀਆਂ ਹਨ।ਅਜੋਕੇ ਸਮੇਂ 'ਚ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬੀ ਗਿਆਨ ਦੇਣਾ ਹੀ ਕਾਫ਼ੀ ਨਹੀਂ, ਸਗੋਂ ਉਨ੍ਹਾਂ ਨੂੰ ਸਮਾਜਿਕ ਬੁਰਾਈਆਂ ਪ੍ਰਤੀ ਜਾਗਰੂਕ ਕਰਨਾ ਵੀ ਯੂਨੀਵਰਸਿਟੀ ਦੀ ਅਹਿਮ ਜ਼ਿੰਮੇਵਾਰੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਨਾ ਸਿਰਫ਼ ਖੁਦ ਇਨ੍ਹਾਂ ਅਲਾਮਤਾਂ ਤੋਂ ਦੂਰ ਰਹਿਣ, ਸਗੋਂ ਸਮਾਜ ਵਿੱਚ ਇੱਕ 'ਜਾਗਰੂਕ ਦੂਤ' ਵਜੋਂ ਵਿਚਰਦਿਆਂ ਦੂਜਿਆਂ ਨੂੰ ਵੀ ਸਿਹਤਮੰਦ ਜੀਵਨ ਜਿਊਣ ਲਈ ਪ੍ਰੇਰਿਤ ਕਰਨ।ਇਸ ਮੌਕੇ ਡਾ. ਮੋਨਿਕਾ ਗਰਗ, ਡਾ. ਰੋਹਿਤ ਗਰਗ ਤੇ ਐੱਨ. ਐੱਸ. ਐੱਸ. ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ ਨੇ ਵੀ ਸੰਬੋਧਨ ਕੀਤਾ।ਇਸ ਪ੍ਰੋਗਰਾਮ ਵਿੱਚ ਐਡੀਸ਼ਨਲ ਡਾਇਰੈਕਟਰ ਮਲਕੀਤ ਮਾਨ, ਐੱਨ. ਐੱਸ. ਐੱਸ. ਪ੍ਰੋਗਰਾਮ ਅਫ਼ਸਰ ਡਾ. ਸਿਮਰਨਜੀਤ ਸਿੰਘ ਸਿੱਧੂ, ਡਾ. ਸੁਨੀਤਾ, ਡਾ. ਅਭਿਨਵ ਭੰਡਾਰੀ, ਡਾ. ਨਮਰਤਾ ਵਡੇਰਾ ਤੇ ਡਾ. ਚਰਨਜੀਵ ਸਰੋਆ ਸਮੇਤ ਲਗਭਗ 150 ਵਲੰਟੀਅਰਾਂ ਨੇ ਭਾਗ ਲਿਆ।

# ਜਦੋਂ ਸਿੱਖਿਆ ਮੰਤਰੀ ਅਚਾਨਕ ਘੁਲਾਲ ਸਕੂਲ 'ਚ ਆਣ ਵੜੇ...

**ਸਮਰਾਲਾ (ਸੁਰਜੀਤ ਸਿੰਘ)**- ਸਿੱਖਿਆ ਮੰਤਰੀ ਹਰਜੋਤ ਬੈਂਸ ਚੰਡੀਗੜ੍ਹ ਤੋਂ ਲੁਧਿਆਣਾ ਨੂੰ ਜਾਂਦਿਆਂ ਜੀ ਟੀ ਰੋਡ 'ਤੇ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਘੁਲਾਲ ਦੀਆਂ ਬਾਹਰੀ ਕੰਧਾਂ 'ਤੇ ਉੱਕਰੇ ਚਿੱਤਰ ਤੇ ਪੰਜਾਬੀ ਮੁਹਾਰਨੀ ਦੇਖ ਕੇ ਸਕੂਲ ਵਿੱਚ ਆਣ ਵੜੇ।ਸਕੂਲ ਦਾ



ਪ੍ਰਬੰਧ ਦੇਖ ਕੇ ਉਹ ਬਹੁਤ ਮੁਤਾਸਿਰ ਹੋਏ।ਉਨ੍ਹਾਂ ਸਕੂਲ ਸਟਾਫ ਤੋਂ ਜਾਣਕਾਰੀ ਲਈ ਕਿ ਇਹ ਕੌਣ ਟੀਚਰ ਹੈ, ਜਿਸ ਨੇ ਅਜਿਹਾ ਇਨੋਵੇਟਿਵ ਕੰਮ ਸਕੂਲ ਦੀਆਂ ਕੰਧਾਂ ਉੱਤੇ ਕਰਵਾਇਆ ਹੈ।ਸਟੇਟ ਐਵਾਰਡੀ ਸਕੂਲ ਅਧਿਆਪਕ ਸੰਜੀਵ ਕੁਮਾਰ ਕਲਿਆਣ ਨੇ ਮੰਤਰੀ ਨੂੰ ਦੱਸਿਆ ਕਿ ਉਹ ਬੀਤੇ 19 ਸਾਲਾਂ ਤੋਂ ਇਸ ਸਕੂਲ ਵਿੱਚ ਹੀ ਕੰਮ ਕਰ ਰਿਹਾ ਹੈ। ਉਨ੍ਹਾਂ ਮੰਤਰੀ ਨੂੰ ਦੱਸਿਆ ਕਿ ਸਿੱਖਿਆ ਵਿਭਾਗ ਦੀ 'ਬਾਲਾ' ਯੋਜਨਾ ਤਹਿਤ, ਜਿਸ ਵਿੱਚ ਸਕੂਲ ਦੀ ਇਮਾਰਤ ਦੀਆਂ ਕੰਧਾਂ 'ਤੇ ਉੱਕਰੇ ਚਿੱਤਰਾਂ ਰਾਹੀਂ ਬੱਚਿਆਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ, ਇਹ ਕੰਮ ਕਰਵਾਇਆ ਗਿਆ।ਮੰਤਰੀ ਵੱਲੋਂ ਸਕੂਲ ਦੀ ਕਾਰਜਪ੍ਰਣਾਲੀ ਦਾ ਨਿਰੀਖਣ ਕੀਤਾ ਗਿਆ।ਸਕੂਲ ਦੀਆਂ ਕੰਧਾਂ ਤੇ ਦੀਵਾਰਾਂ ਉੱਤੇ ਪੈਂਤੀ, ਭੁਲਾਵੇਂ ਤੇ ਸਿੱਧੇ ਅੱਖਰ, ਮੁਹਾਰਨੀ, ਨਕਸ਼ੇ, ਕਾਰਟੂਨ ਤੇ ਪਹਾੜੇ ਖ਼ੂਬਸੂਰਤ ਰੰਗਾਂ ਨਾਲ ਉਕੇਰੇ ਹੋਏ ਸਨ, ਜਿਸ ਨੇ ਸਿੱਖਿਆ ਮੰਤਰੀ ਨੂੰ ਪ੍ਰਭਾਵਿਤ ਕੀਤਾ।ਮੰਤਰੀ ਨੇ ਬੱਚਿਆਂ ਤੋਂ ਪੈਂਤੀ ਲਿਖਵਾਈ।ਉਨ੍ਹਾਂ ਮਿੱਡ ਡੇ ਮੀਲ, ਰਸੋਈ, ਪਖਾਨੇ ਤੇ ਕਲਾਸ ਰੂਮ ਚੈੱਕ ਕੀਤੇ।ਮਿੱਡ ਡੇ ਮੀਲ ਵਰਕਰਾਂ ਨਾਲ ਵੀ ਗੱਲ ਕੀਤੀ।ਮੰਤਰੀ ਨੇ ਸਕੂਲ ਟੀਚਰ ਅਰਚਨਾ ਰਾਣੀ ਦੀ ਕਲਾਸ ਦੇ ਬੱਚਿਆਂ ਦੀ ਪੜ੍ਹਾਈ ਦਾ ਟੈਸਟ ਵੀ ਲਿਆ।ਉਨ੍ਹਾਂ ਮਾਸਟਰ ਸੰਜੀਵ ਕੁਮਾਰ ਕਲਿਆਣ ਨੂੰ ਸ਼ਾਬਾਸ਼ੀ ਵੀ ਦਿੱਤੀ ਤੇ ਕਿਹਾ ਕਿ ਉਹ ਉਸ ਦੀ ਕਾਰਗੁਜ਼ਾਰੀ ਤੋਂ ਅਤੀ ਪ੍ਰਸੰਨ ਹੋਏ।ਉਨ੍ਹਾਂ ਕਿਹਾ ਕਿ ਪਿੰਡ ਘੁਲਾਲ ਦਾ ਪ੍ਰਾਇਮਰੀ ਸਕੂਲ ਪੰਜਾਬ ਦਾ ਰੋਲ ਮਾਡਲ ਬਣਾਇਆ ਜਾਵੇਗਾ।

# ਆਈ ਐੱਚ ਐੱਮ ਵਿਖੇ ਕ੍ਰਾਫਟਸਮਾਨਸ਼ਿਪ ਸਰਟੀਫ਼ਿਕੇਟ ਲਈ ਦਾਖਲੇ ਸ਼ੁਰੂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਪੰਜਾਬ ਸਰਕਾਰ ਦੇ ਸੈਰ ਸਪਾਟਾ ਵਿਭਾਗ ਵੱਲੋਂ ਚਲਾਏ ਜਾਂਦੇ ਇੰਸਟੀਚਿਊਟ ਆਫ ਹਾਸਪੀਟੈਲਿਟੀ ਮੈਨੇਜਮੈਂਟ (ਆਈ. ਐੱਚ. ਐੱਮ.) ਦੇ ਹੋਟਲ ਮੈਨੇਜਮੈਂਟ ਕੋਰਸਾਂ ਲਈ ਦਾਖਲਾ ਸ਼ੁਰੂ ਹੋ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ-ਕਮ-ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਕੰਚਨ ਆਈ.ਏ.ਐੱਸ. ਨੇ ਦੱਸਿਆ ਕਿ ਡਿਗਰੀ ਕੋਰਸ, ਡਿਪਲੋਮਾ ਕੋਰਸ ਤੇ ਕ੍ਰਾਫਟਸਮਾਨਸ਼ਿਪ ਸਰਟੀਫਿਕੇਟ ਕੋਰਸ ਲਈ ਦਾਖ਼ਲੇ ਸ਼ੁਰੂ ਕਰ ਦਿੱਤੇ ਗਏ ਹਨ।ਉਨ੍ਹਾਂ ਕਿਹਾ ਕਿ ਹੋਟਲ ਮੈਨੇਜਮੈਂਟ ਦੇ ਵਿਦਿਆਰਥੀਆਂ ਨੂੰ ਭਾਰਤ ਤੇ ਵਿਦੇਸ਼ਾਂ ਵਿੱਚ ਸਫਲ ਨੌਕਰੀ ਦੀ ਪਲੇਸਮੈਂਟ ਲਈ ਮੌਕਿਆਂ ਦਾ ਲਾਭ ਮਿਲਦਾ ਹੈ।ਉਨ੍ਹਾਂ ਦੱਸਿਆ ਕਿ ਡਿਗਰੀ ਕੋਰਸ 'ਚ ਅਪਲਾਈ ਕਰਨ ਲਈ ਘੱਟੋ-ਘੱਟ ਵਿੱਦਿਅਕ ਯੋਗਤਾ +2 (ਕਿਸੇ ਵੀ ਵਿਸ਼ੇ 'ਚ) ਨਾਲ ਰਾਸ਼ਟਰੀ ਹੋਟਲ ਪ੍ਰਬੰਧਨ ਤੇ ਕੈਟਰਿੰਗ ਤਕਨੀਕੀ ਕੌਂਸਲ ਵੱਲੋਂ ਲਈ ਗਈ ਪ੍ਰਵੇਸ਼ ਪ੍ਰੀਖਿਆ ਪਾਸ ਹੋਣੀ ਚਾਹੀਦੀ ਹੈ।ਇਸੇ ਤਰ੍ਹਾਂ ਡਿਪਲੋਮਾ ਕੋਰਸ ਲਈ ਕਿਸੇ ਵੀ ਵਿਸ਼ੇ 'ਚ +2 ਪਾਸ ਹੋਣਾ ਚਾਹੀਦਾ ਹੈ।ਆਈ.ਐੱਚ.ਐੱਮ. ਵੱਲੋਂ ਫ਼ੂਡ ਪ੍ਰੋਡਕਸ਼ਨ, ਫ਼ਰੰਟ ਆਫ਼ਿਸ, ਹਾਊਸ ਕੀਪਿੰਗ, ਫ਼ੂਡ ਐਂਡ ਬੇਵਰੇਜ ਸਰਵਿਸ ਤੇ ਬੇਕਰੀ ਅਤੇ ਕਨਫ਼ੈਕਸ਼ਨਰੀ 'ਚ ਡਿਪਲੋਮਾ ਕੋਰਸ ਕਰਵਾਏ ਜਾਂਦੇ ਹਨ ।ਉਨ੍ਹਾਂ ਦੱਸਿਆ ਕੇ ਵਧੇਰੇ ਜਾਣਕਾਰੀ ਲਈ ਵਿਦਿਆਰਥੀ **https://www.ihmbti.com** 'ਤੇ ਵੇਰਵੇ ਵੇਖ ਸਕਦੇ ਹਨ।ਇਸ ਤੋਂ ਇਲਾਵਾ 97800-02223, 98156-49642 ਤੇ 97800-08610 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ ।

# ਬੋਰਡ ਪ੍ਰੀਖਿਆਵਾਂ ਦੀ ਸ਼ੁਰੂਆਤ ਮੌਕੇ ਸਟੀਫਨ ਸਕੂਲ 'ਚ ਹਵਨ ਸਮਾਰੋਹ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਸੀਬੀਐੱਸਈ ਬੋਰਡ ਪ੍ਰੀਖਿਆਵਾਂ ਦੀ ਸ਼ੁਰੂਆਤ ਦੇ ਮੌਕੇ 'ਤੇ ਵਿਦਿਆਰਥੀਆਂ ਦੀ ਕਾਮਯਾਬੀ ਤੇ ਚੰਗੇ ਨਤੀਜਿਆਂ ਲਈ ਸਟੀਫਨ ਇੰਟਰਨੈਸ਼ਨਲ ਸਕੂਲ ਵਿੱਚ ਪਵਿੱਤਰ ਹਵਨ ਸਮਾਰੋਹ ਕੀਤਾ ਗਿਆ।ਇਸ ਧਾਰਮਿਕ ਸਮਾਗਮ ਵਿੱਚ ਵਿਦਿਆਰਥੀਆਂ, ਅਧਿਆਪਕਾਂ ਤੇ ਸਕੂਲ ਪ੍ਰਬੰਧਨ ਨੇ ਭਗਤੀ ਤੇ ਸ਼ਰਧਾ ਨਾਲ ਭਾਗ



ਲਿਆ।ਵੈਦਿਕ ਮੰਤਰ ਉਚਾਰਣ ਦੇ ਦਰਮਿਆਨ ਸ਼ਾਂਤ ਤੇ ਸਕਾਰਾਤਮਕ ਮਾਹੌਲ ਵਿੱਚ ਵਿਦਿਆਰਥੀਆਂ ਦੀ ਆਤਮ-ਵਿਸ਼ਵਾਸ, ਇਕਾਗਰਤਾ ਤੇ ਸ਼ਾਨਦਾਰ ਪ੍ਰਦਰਸ਼ਨ ਲਈ ਅਰਦਾਸ ਕੀਤੀ ਗਈ।ਇਸ ਮੌਕੇ ਪ੍ਰਿੰਸਿਪਲ-ਡਾਇਰੈਕਟਰ ਮੈਡਮ ਮੋਨਿਕਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਸ਼ਾਂਤ, ਕੇਂਦ੍ਰਿਤ ਤੇ ਆਤਮ-ਵਿਸ਼ਵਾਸ ਨਾਲ ਪ੍ਰੀਖਿਆ ਦੇਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਵਿਦਿਆਰਥੀ ਆਪਣੀ ਤਿਆਰੀ 'ਤੇ ਭਰੋਸਾ ਰੱਖਣ ਤੇ ਪੂਰੇ ਜਜ਼ਬੇ ਨਾਲ ਆਪਣਾ ਸਰਵੋਤਮ ਦੇਣ।ਚੇਅਰਮੈਨ ਸ਼੍ਰੀ ਦੀਪਕ ਕੁਮਾਰ ਨੇ ਵੀ ਸਾਰੇ ਬੋਰਡ ਵਿਦਿਆਰਥੀਆਂ ਨੂੰ ਦਿਲੋਂ ਸ਼ੁੱਭ-ਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਚਮਕਦਾਰ ਭਵਿੱਖ ਲਈ ਅਸੀਸਾਂ ਦਿੱਤੀਆਂ।ਹਵਨ ਸਮਾਰੋਹ ਦਾ ਸਮਾਪਨ ਪ੍ਰਸਾਦ ਵੰਡ ਤੇ ਕਾਮਯਾਬੀ ਦੀਆਂ ਮੰਗਲ ਕਾਮਨਾਵਾਂ ਨਾਲ ਕੀਤਾ ਗਿਆ।ਇਹ ਸਮਾਗਮ ਸਕੂਲ ਦੀ ਅਕਾਦਮਿਕ ਉਤਕ੍ਰਿਸ਼ਟਤਾ ਨਾਲ ਨਾਲ ਆਧਿਆਤਮਿਕ ਤੇ ਨੈਤਿਕ ਮੁੱਲਾਂ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ (ਲੈਂਜ਼) ਕੈਂਪ 22 ਨੂੰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਨੇਤਰਦਾਨ ਮਹਾਦਾਨ ਦੇ ਸੰਕਲਪ ਨੂੰ ਹੋਰ ਬੁਲੰਦੀਆਂ 'ਤੇ ਲਿਜਾਣ ਵਾਲੀ ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਪੁਨਰਜੋਤੀ ਆਈ-ਡੋਨੇਸ਼ਨ ਸੋਸਾਇਟੀ ਰਾਮਪੁਰਾ ਫੂਲ ਵੱਲੋਂ ਸ਼੍ਰੀ ਮਹੰਤ ਰਾਮ ਨਰਾਇਣ ਗਿਰੀ ਜੀ, ਤ੍ਰਿਵੈਣੀ ਗਿਰੀ ਆਸ਼ਰਮ ਵਾਲੇ ਦੇ ਅਸ਼ੀਰਵਾਦ ਨਾਲ 145ਵਾਂ ਅੱਖਾਂ ਦਾ ਚੈੱਕਅਪ ਤੇ ਆਪ੍ਰੇਸ਼ਨ (ਲੈਂਜ਼) ਕੈਂਪ 22 ਫਰਵਰੀ ਐਤਵਾਰ ਨੂੰ ਸਵੇਰੇ 9 ਵਜੇ ਤੋਂ 1 ਵਜੇ ਤੱਕ ਸੰਤ ਤ੍ਰਿਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ ਬੱਸ ਸਟੈਂਡ ਰੋਡ ਨੇੜੇ ਨਗਰ ਕੌਂਸਲ ਦਫਤਰ ਰਾਮਪੁਰਾ ਫੂਲ ਵਿਖੇ ਲਗਾਇਆ ਜਾ ਰਿਹਾ ਹੈ।ਇਸ ਦੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੁੱਖ ਸੇਵਾਦਾਰ ਰਾਕੇਸ਼ ਤਾਇਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਆਪ੍ਰੇਸ਼ਨ (ਲੈਂਜ) ਤੇ ਦਵਾਈਆਂ ਬਿਲਕੁਲ ਮੁਫ਼ਤ ਦਿੱਤੀਆਂ ਜਾਣਗੀਆਂ।ਮਰੀਜ਼ ਅਪਣਾ ਪਹਿਚਾਣ ਪੱਤਰ ਵੋਟਰ ਕਾਰਡ, ਡਰਾਈਵਿੰਗ ਲਾਇਸੈਂਸ ਜ਼ਰੂਰ ਲੈ ਕੇ ਆਉਣ ਤੇ ਕੋਰੋਨਾ ਟੈਸਟ ਕਰਵਾ ਕੇ ਅਉਣ।ਇਸ ਮੌਕੇ ਸੋਸਾਇਟੀ ਮੈਂਬਰ ਸ਼ੇਰ ਜੰਗ ਬੌਬੀ, ਵਿਜੈ ਕੁਮਾਰ, ਅਸ਼ਵਨੀ ਕੁਮਾਰ, ਫਕੀਰ ਚੰਦ, ਅਸ਼ੋਕ ਕੁਮਾਰ, ਸੰਜੀਵ ਕੁਮਾਰ, ਅਵਿਨਾਸ਼ ਕੁਮਾਰ, ਮਿਲਵਰਤਣ ਭੰਡਾਰੀ, ਗੁਲਸ਼ਨ ਕੁਮਾਰ, ਵਿਨੋਦ ਕੁਮਾਰ, ਪ੍ਰਸ਼ੋਤਮ ਕੁਮਾਰ ਬੌਬੀ, ਜਤਿੰਦਰ ਕੁਮਾਰ ਤੇ ਤਰਸੇਮ ਕੁਮਾਰ ਆਦਿ ਹਾਜ਼ਰ ਸਨ।

# ਫ਼ੁੱਟਬਾਲ ਟੂਰਨਾਮੈਂਟ ਦੌਰਾਨ ਤੱਤਲਾ ਪਰਵਾਰ ਨੇ ਖਿਡਾਰੀਆਂ ਦੀ ਕੀਤੀ ਹੌਸਲਾ-ਅਫ਼ਜ਼ਾਈ



**ਚੌਕੀਮਾਨ (ਇੰਜੀ. ਬਲਬੀਰ ਸਿੰਘ ਮਾਨ)**- ਪਿੰਡ ਗੋਰਸੀਆਂ ਮੱਖਣ ਦੇ ਫ਼ੁੱਟਵਾਲ ਟੂਰਨਾਮੈਂਟ ਦੌਰਾਨ ਖਿਡਾਰੀਆਂ ਨਾਲ ਮੁਲਾਕਤ ਕਰਦਿਆਂ ਪਤਵੰਤਿਆਂ ਨੇ ਕਿਹਾ ਕਿ ਜਿਸ ਤਰ੍ਹਾਂ ਸਾਡੇ ਪਿੰਡ ਦੇ ਨੌਜਵਾਨਾਂ ਦੇ ਉਪਰਾਲੇ ਸਦਕਾ ਇਹ ਟੂਰਨਾਮੈਂਟ ਹੋਇਆ ਹੈ, ਇਸੇ ਤਰ੍ਹਾਂ ਦੇ ਟੂਰਨਾਮੈਂਟ ਬਹੁਤ ਜ਼ਰੂਰੀ ਹਨ। ਅਜਿਹੇ ਖੇਡ ਮੇਲੇ ਸਾਡੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਦੇ ਹਨ । ਇਸ ਸਮੇਂ ਇਕੱਤਰ ਹੋਏ ਪਤਵੰਤਿਆਂ 'ਚ ਤਰਲੋਕ ਸਿੰਘ ਤੱਤਲਾ ਕੈਨੇਡਾ, ਸੁਖਜਿੰਦਰ ਸਿੰਘ ਤੱਤਲਾ ਨੰਬਰਦਾਰ, ਹਰਮੇਲ ਸਿੰਘ, ਜਸਪ੍ਰੀਤ ਸਿੰਘ ਜੱਸਾ, ਰਣ ਸਿੰਘ ਸਮਰਾ, ਜਗਰੂਪ ਸਿੰਗ ਜੂਪਾ, ਜਗਤਾਰ ਸਿੰਘ ਤੱਤਲਾ, ਕਰਮਜੀਤ ਸਿੰਘ ਤੱਤਲਾ, ਬਲਜੀਤ ਸਿੰਘ ਮੈਂਬਰ, ਅਮਰਜੀਤ ਸਿੰਘ, ਬਬਨਦੀਪ ਸਿੰਘ, ਸੁਖਦੀਪ ਸਿੰਘ, ਸੁਖਵੀਰ ਸਿੰਘ ਤੱਤਲਾ ਕੈਨੇਡਾ, ਦਰਸ਼ਨ ਸਿੰਘ, ਗੁਰਮੇਲ ਸਿੰਘ, ਲਖਵੀਰ ਸਿੰਘ, ਲਾਡੀ ਕੋਠੇ ਬੱਗੂਕੇ ਸਮੇਤ ਵੱਡੀ ਗਿਣਤੀ ਇਲਾਕਾ ਨਿਵਾਸੀ ਹਾਜ਼ਰ ਸਨ ।

# ਵਰਲਡ 'ਵਰਸਿਟੀ ਵੱਲੋਂ ਇੰਡੀਆ-ਏ ਆਈ ਇੰਪੈਕਟ ਸਮਿਟ 'ਤੇ ਪ੍ਰੋਗਰਾਮ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਵੱਲੋਂ ਇੰਡੀਆ-ਏਆਈ ਇੰਪੈਕਟ ਸਮਿਟ-2026 ਲਈ ਪ੍ਰੀ-ਸਮਿਟ ਗਤੀਵਿਧੀਆਂ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ



ਵਰਲਡ ਯੂਨੀਵਰਸਿਟੀ ਦੇ ਅੰਦਰੂਨੀ ਗੁਣਵੱਤਾ ਨਿਰਧਾਰਨ ਸੈੱਲ ਨੇ 'ਏ ਆਈ ਤੇ ਇਸ ਦੀ ਨੈਤਿਕ ਵਰਤੋਂ : ਵਿਕਸਿਤ ਭਾਰਤ ਲਈ ਨਵੀਨਤਾ, ਨੈਤਿਕਤਾ ਤੇ ਮਨੁੱਖੀ ਪੂੰਜੀ' ਸਿਰਲੇਖ ਹੇਠ ਛੇ ਘੰਟੇ ਦੇ ਪ੍ਰੀ-ਸਮਿਟ ਪ੍ਰੋਗਰਾਮ ਦਾ ਆਯੋਜਨ ਕੀਤਾ।ਇਸ ਸਮਾਗਮ ਵਿੱਚ 134 ਡੈਲੀਗੇਟਾਂ ਦੀ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ, ਜਿਨ੍ਹਾਂ ਵਿੱਚ ਵਿਦਿਆਰਥੀ, ਫੈਕਲਟੀ ਮੈਂਬਰ, ਮਾਹਰ ਤੇ ਪ੍ਰਸ਼ਾਸਨਕ ਅਧਿਕਾਰੀ ਸ਼ਾਮਲ ਸਨ।ਪੰਜਾਬ ਭਰ ਦੇ ਕਈ ਉੱਚ ਸਿੱਖਿਆ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲਿਆ, ਜੋ ਕਿ ਏ ਆਈ ਸਾਖਰਤਾ ਤੇ ਜ਼ਿੰਮੇਵਾਰ ਤਕਨੀਕੀ ਤਰੱਕੀ ਪ੍ਰਤੀ ਸਾਂਝੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਪ੍ਰੋਗਰਾਮ ਦੀ ਸ਼ੁਰੂਆਤ ਯੂਨੀਵਰਸਿਟੀ ਦੇ ਰਜਿਸਟਰਾਰ ਤੇ ਸੀ ਐੱਸ ਆਈ ਆਰ-ਐੱਸ ਜੀ ਜੀ ਡਬਲਯੂ ਦੇ ਚੇਅਰਮੈਨ ਪ੍ਰੋਫੈਸਰ (ਡਾ.) ਤੇਜਬੀਰ ਸਿੰਘ ਦੇ ਸਵਾਗਤੀ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਰਾਸ਼ਟਰੀ ਮਿਸ਼ਨਾਂ ਨਾਲ ਸੰਸਥਾਗਤ ਟੀਚਿਆਂ ਨੂੰ ਇਕਸਾਰ ਕਰਨ ਦੀ ਮਹੱਤਤਾ 'ਤੇ ਚਾਨਣਾ ਪਾਇਆ।ਪ੍ਰਧਾਨਗੀ ਭਾਸ਼ਣ ਵਾਈਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਦੁਆਰਾ ਦਿੱਤਾ ਗਿਆ, ਜਿਨ੍ਹਾਂ ਨੇ ਜ਼ਿੰਮੇਵਾਰ ਏ ਆਈ ਅਪਣਾਉਣ ਦੁਆਰਾ ਵਿਕਸਤ ਭਾਰਤ ਦੇ ਦ੍ਰਿਸ਼ਟੀਕੋਣ ਵਿੱਚ ਯੋਗਦਾਨ ਪਾਉਣ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਦੁਹਰਾਇਆ। ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ ਨੇ ਏ ਆਈ ਦੇ ਅਕਾਦਮਿਕ ਏਕੀਕਰਨ 'ਤੇ ਜ਼ੋਰ ਦਿੰਦਿਆਂ ਇਸ ਸਮਾਗਮ ਦੀ ਸ਼ਲਾਘਾ ਕੀਤੀ।ਡਾ. ਅੰਕਦੀਪ ਕੌਰ ਅਟਵਾਲ ਡਾਇਰੈਕਟਰ ਆਈਕਿਊਏਸੀ ਨੇ ਇੰਡੀਆ-ਏ ਆਈ ਇੰਪੈਕਟ ਸਮਿਟ ਦੇ ਸੱਤ ਥੀਮਾਂ ਦੀ ਸੰਖੇਪ ਜਾਣਕਾਰੀ ਦਿੱਤੀ।ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਡਾ. ਸਰਪ੍ਰੀਤ ਸਿੰਘ, ਡਾ. ਸ਼ੀਨਾਮ ਮਲਹੋਤਰਾ, ਡਾ. ਕੰਚਨ ਗਰਗਸ ਡਾ. ਰਾਹੁਲ ਬਦਰੂ, ਸ਼੍ਰੀਮਤੀ ਜਸਪ੍ਰੀਤ ਕੌਰ, ਡਾ. ਬਲਜੀਤ ਕੌਰ, ਡਾ. ਨਵਸ਼ਗਨ ਦੀਪ ਕੌਰ ਨੇ ਓਪਨ-ਸੋਰਸ ਪਲੇਟਫਾਰਮਾਂ ਰਾਹੀਂ ਏਆਈ ਦੇ ਲੋਕਤੰਤਰੀਕਰਨ 'ਤੇ ਵਿਸਥਾਰ ਨਾਲ ਦੱਸਿਆ।ਸਮਾਗਮ ਦਾ ਸਮਾਪਨ ਸ਼੍ਰੀਮਤੀ ਜਸਪ੍ਰੀਤ ਕੌਰ ਦੇ ਧੰਨਵਾਦ ਮਤੇ ਨਾਲ ਹੋਇਆ।

# ਮਨਿਸਟੀਰੀਅਲ ਸਰਵਿਸ ਯੂਨੀਅਨ ਵੱਲੋਂ ਦਫਤਰਾਂ ਅੱਗੇ ਗੇਟ ਰੈਲੀਆਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸ ਯੂਨੀਅਨ ਦੇ ਸੱਦੇ 'ਤੇ ਜ਼ਿਲ੍ਹਾ ਇਕਾਈ ਫਿਰੋਜ਼ਪੁਰ ਵੱਲੋਂ ਜ਼ਿਲ੍ਹੇ ਭਰ ਦੇ ਵੱਖ-ਵੱਖ ਵਿਭਾਗਾਂ ਦੇ ਦਫਤਰਾਂ ਜਿਵੇਂ



ਕਮਿਸ਼ਨਰ ਦਫਤਰ, ਡੀ ਸੀ ਦਫਤਰ, ਲੋਕ ਨਿਰਮਾਣ ਵਿਭਾਗ, ਐੱਸਡੀਐੱਮ ਦਫਤਰ, ਸਕਾਰਤਾ ਵਿਭਾਗ, ਸਿੰਚਾਈ ਵਿਭਾਗ, ਆਬਕਾਰੀ ਤੇ ਕਰ ਵਿਭਾਗ, ਖੇਤੀਬਾੜੀ ਵਿਭਾਗ, ਰੋਡਵੇਜ਼, ਜੰਗਲਾਤ ਵਿਭਾਗ ਤੇ ਹੋਰ ਵੱਖ ਵੱਖ ਵਿਭਾਗਾਂ ਵਿੱਚ ਗੇਟ ਰੈਲੀਆਂ ਕੀਤੀਆਂ ਗਈਆਂ ਅਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਰੈਲੀਆਂ ਨੂੰ ਸੰਬੋਧਨ ਕਰਦਿਆਂ ਪੀਐੱਸਐੱਮਐੱਸਯੂ ਦੇ ਜ਼ਿਲ੍ਹਾ ਪ੍ਰਧਾਨ ਪਿੱਪਲ ਸਿੰਘ ਸਿੱਧੂ ਤੇ ਜ਼ਿਲ੍ਹਾ ਜਨਰਲ ਸਕੱਤਰ ਸੋਨੂੰ ਕਸ਼ਯਪ ਨੇ ਕਿਹਾ ਕਿ ਸਰਕਾਰ ਨੂੰ ਜਥੇਬੰਦੀ ਵੱਲੋਂ ਦਿੱਤੇ ਗਏ ਮੰਗ ਪੱਤਰ 'ਚ ਦਰਸਾਏ ਅਨੁਸਾਰ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਤੇ ਸਰਕਾਰ ਦੇ ਲਗਭਗ 4 ਸਾਲ ਪੂਰੇ ਹੋ ਗਏ ਹਨ। ਸਰਕਾਰ ਨਾਲ ਜਥੇਬੰਦੀ ਦੇ ਸੂਬਾਈ ਆਗੂਆਂ ਦੀਆਂ ਬਹੁਤ ਮੀਟਿੰਗਾਂ ਹੋਈਆਂ, ਪਰ ਮੀਟਿੰਗ ਵਿੱਚ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਮੰਨ ਕੇ ਵੀ ਮੰਗਾਂ ਨੂੰ ਲਾਗੂ ਨਹੀਂ ਕੀਤਾ ਗਿਆ, ਜਿਸ ਕਾਰਨ ਪੰਜਾਬ ਦੇ ਸਮੂਹ ਮੁਲਾਜ਼ਮਾਂ 'ਚ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ, ਕਿਉਂ ਜੋ ਸਰਕਾਰ ਨੇ ਸੱਤਾ ਸੰਭਾਲਣ ਤੋਂ ਪਹਿਲਾਂ ਉਨ੍ਹਾਂ ਨਾਲ ਜੋ ਵਾਅਦੇ ਕੀਤੇ ਸਨ, ਅਜੇ ਤੱਕ ਪੂਰੇ ਨਹੀਂ ਕੀਤੇ, ਜਿਵੇਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ, ਨਵੇਂ ਭਰਤੀ ਕ੍ਰਮਚਾਰੀਆਂ ਨੂੰ ਪ੍ਰੋਬੇਸ਼ਨ ਪੀਰੀਅਡ ਦੌਰਾਨ ਪੂਰੀ ਤਨਖਾਹ ਦੇਣਾ 4, 9, 14 ਪ੍ਰਵੀਨਤਾ ਤਰੱਕੀ, ਬੰਦ ਕੀਤੇ ਭੱਤੇ ਮੁੜ ਬਹਾਲ ਕਰਨਾ, ਡੀਏ ਦੀਆਂ ਕਿਸਤਾਂ ਦੀ ਅਦਾਇਗੀ ਤੋਂ ਇਲਾਵਾ ਬਹੁਤੀਆਂ ਮੰਗਾਂ ਪੈਂਡਿੰਗ ਹੀ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੀਆਂ ਚੋਣਾਂ ਦੌਰਾਨ ਸਰਕਾਰ ਮੁਲਾਜ਼ਮਾਂ ਦੀ ਬੇਰੁਖੀ ਦੇ ਨਤੀਜੇ ਭੁਗਤਣ ਲਈ ਤਿਆਰ ਰਹੇ। ਕਿਸਾਨ, ਮਜ਼ਦੂਰ, ਦੁਕਾਨਦਾਰ ਦੇ ਨਾਲ-ਨਾਲ ਮੁਲਾਜ਼ਮ ਵਰਗ ਨੂੰ ਵੀ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਪੰਜਾਬ ਸਰਕਾਰ ਮੁਲਜ਼ਮਾਂ ਦੀਆਂ ਮੰਗਾਂ ਮੰਨਣ ਨਹੀਂ ਤਾਂ ਮੁਲਾਜ਼ਮਾਂ ਵੱਲੋਂ ਵੱਡੇ ਪੱਧਰ 'ਤੇ ਐਕਸ਼ਨ ਕਰਕੇ ਆਉਣ ਵਾਲੇ ਵਿਧਾਨ ਸਭਾ ਸੈਸ਼ਨ ਦਾ ਘਿਰਾਓ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਸੜਕਾਂ 'ਤੇ ਦੌੜ ਰਹੀਆਂ ਅਣਢੱਕੀਆਂ ਮਿੱਟੀ ਦੀਆਂ ਟਰਾਲੀਆਂ ਤੋਂ ਲੋਕ ਪ੍ਰੇਸ਼ਾਨ

**ਬਰੇਟਾ (ਰੀਤਵਾਲ)**- ਸਥਾਨਕ ਸ਼ਹਿਰ ਵਿੱਚ ਸੜਕ ਸੁਰੱਖਿਆ ਦੇ ਨਿਯਮਾਂ ਦੀ ਖੁੱਲ੍ਹੀ ਉਲੰਘਣਾ ਹੁੰਦੀ ਨਜ਼ਰ ਆ ਰਹੀ ਹੈ।ਟ੍ਰੈਕਟਰ-ਟ੍ਰਾਲੀ ਚਾਲਕ ਮਿੱਟੀ ਨਾਲ ਓਵਰਲੋਡ



ਟਰਾਲੀਆਂ ਬਿਨਾਂ ਢੱਕੇ ਸੜਕਾਂ 'ਤੇ ਦੌੜਾਅ ਰਹੇ ਹਨ।ਸ਼ਹਿਰ ਤੇ ਨੇੜਲੇ ਇਲਾਕਿਆਂ 'ਚ ਦਿਨ ਭਰ ਧੂੜ ਦੇ ਗੁਬਾਰੇ ਬਣਦੇ ਰਹਿੰਦੇ ਹਨ, ਜਿਸ ਨਾਲ ਨਾ ਸਿਰਫ਼ ਟ੍ਰੈਫ਼ਿਕ ਪ੍ਰਭਾਵਿਤ ਹੋ ਰਿਹਾ ਹੈ, ਸਗੋਂ ਲੋਕਾਂ ਦੀ ਸਿਹਤ ਤੇ ਜਾਨ ਨੂੰ ਵੀ ਖ਼ਤਰਾ ਬਣਿਆ ਹੋਇਆ ਹੈ।ਲੋਕਾਂ ਅਨੁਸਾਰ ਕਿ ਸੜਕਾਂ 'ਤੇ ਧੂੜ, ਅੱਖਾਂ 'ਚ ਜਲਨ, ਹਾਦਸਿਆਂ ਦਾ ਡਰ ਵੱਖ-ਵੱਖ ਮੁੱਖ ਸੜਕਾਂ 'ਤੇ ਰਿਹਾਇਸ਼ੀ ਇਲਾਕਿਆਂ ਵਿੱਚ ਮਿੱਟੀ ਦੀ ਪਰਤ ਜੰਮ ਰਹੀ ਹੈ।ਦੋ-ਪਹੀਆ ਵਾਹਨ ਚਾਲਕਾਂ ਲਈ ਇਹ ਹਾਲਤ ਹੋਰ ਵੀ ਖ਼ਤਰਨਾਕ ਹੈ।ਧੂੜ ਅੱਖਾਂ 'ਚ ਜਾਣ ਨਾਲ ਦ੍ਰਿਸ਼ਟੀ ਧੁੰਦਲੀ ਹੋ ਜਾਂਦੀ ਹੈ ਤੇ ਸੰਤੁਲਨ ਖ਼ਰਾਬ ਹੋਣ ਨਾਲ ਟੱਕਰ ਦੀ ਸੰਭਾਵਨਾ ਕਈ ਗੁਣਾਂ ਵਧ ਜਾਂਦੀ ਹੈ।ਸਕੂਲ ਜਾਣ ਵਾਲੇ ਬੱਚੇ, ਬਜ਼ੁਰਗ ਤੇ ਪੈਦਲ ਰਾਹਗੀਰ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ।ਆਵਾਜ਼ ਬੁਲੰਦ ਲੋਕਾਂ ਦਾ ਕਹਿਣਾ ਹੈ ਕਿ ਮੋਟਰ ਵਾਹਨ ਕਾਨੂੰਨ ਅਨੁਸਾਰ ਓਵਰਲੋਡਿੰਗ ਤੇ ਬਿਨਾਂ ਢੱਕੇ ਸਾਮਾਨ ਲਿਜਾਣਾ ਦੰਡਨੀਆਂ ਅਪਰਾਧ ਹਨ।ਫ਼ਿਰ ਵੀ ਖੁੱਲ੍ਹੇਆਮ ਟਰਾਲੀਆਂ ਦਾ ਕਾਨੂੰਨਾਂ ਦੀ ਉਲੰਘਣਾ ਕਰਦੇ ਹੋਏ ਚੱਲਣਾ ਕਈ ਸਵਾਲ ਖੜ੍ਹੇ ਕਰਦਾ ਹੈ।ਲੋਕ ਕਹਿੰਦੇ ਹਨ ਕਿ ਸੰਬੰਧਤ ਵਿਭਾਗਾਂ ਵੱਲੋਂ ਨਿਯਮਿਤ ਨਾਕਾਬੰਦੀ ਤੇ ਚਲਾਨ ਮੁਹਿੰਮ ਕਿਉਂ ਨਹੀਂ ਚਲਾਈ ਜਾ ਰਹੀ ? ਲੋਕਾਂ ਨੇ ਜ਼ਿਲ੍ਹਾ ਪੁਲਸ ਮੁਖੀ ਤੋਂ ਮੰਗ ਕੀਤੀ ਹੈ ਕਿ ਮਿੱਟੀ ਲਿਜਾਣ ਵਾਲੀਆਂ ਟਰਾਲੀਆਂ ਨੂੰ ਤਰਪਾਲ ਨਾਲ ਢੱਕਣਾ ਲਾਜ਼ਮੀ ਕੀਤਾ ਜਾਵੇ, ਓਵਰਲੋਡਿੰਗ ਵਾਹਨਾਂ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ, ਸ਼ਹਿਰ ਵਿੱਚ ਨਿਯਮਿਤ ਟ੍ਰੈਫ਼ਿਕ ਚੈਕਿੰਗ ਤੇ ਨਾਕੇਬੰਦੀ ਹੋਵੇ।

# ਆਦਰਸ਼ ਨਗਰ 'ਚ ਗੁੰਡਾਗਰਦੀ ਦਾ ਨੰਗਾ ਨਾਚ, ਇੱਕ ਜ਼ਖ਼ਮੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ ਪੂਜਾ)** ਆਦਰਸ਼ ਨਗਰ ਗਲੀ ਨੰਬਰ 4 ਵਿੱਚ ਰਹਿਣ ਵਾਲੇ ਇੱਕ ਪਰਿਵਾਰ ਨੇ ਕੁਝ ਲੋਕਾਂ 'ਤੇ ਉਨ੍ਹਾਂ ਦੇ ਘਰ ਦੇ ਸਾਹਮਣੇ ਗੋਲੀਆਂ ਚਲਾਉਣ, ਇੱਟਾਂ-ਪੱਥਰਾਅ ਕਰਨ ਤੇ ਕਿਰਪਾਨਾਂ ਨਾਲ ਹਮਲਾ ਕਰਕੇ ਭੰਨਤੋੜ ਕਰਨ ਦੇ ਦੋਸ਼ ਲਗਾਏ ਹਨ।ਇਸ ਘਟਨਾ ਵਿੱਚ ਅਨਵਰ ਨਾਮ ਦਾ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਹੈ ਤੇ ਉਸ ਨੂੰ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜ਼ਖ਼ਮੀ ਅਨਵਰ ਦੀ ਪਤਨੀ ਕ੍ਰਿਸ਼ਮਾ ਤੇ ਦਾਦੀ ਮੰਜੂਰਾ ਦੇਵੀ ਨੇ ਦੱਸਿਆ ਕਿ ਮੰਗਲਵਾਰ ਰਾਤ ਨੂੰ



ਅਨਵਰ ਗਲੀ ਦੇ ਕੋਲ ਇੱਕ ਫਾਸਟ ਫੂਡ ਜੁਆਇੰਟ 'ਤੇ ਬਰਗਰ ਖਾ ਰਿਹਾ ਸੀ ਕਿ ਕੁਝ ਆਦਮੀ ਆਏ ਤੇ ਕਿਰਪਾਨਾਂ ਨਾਲ ਉਸ 'ਤੇ ਹਮਲਾ ਕਰ ਦਿੱਤਾ।ਹਮਲੇ ਵਿੱਚ ਅਨਵਰ ਜ਼ਖ਼ਮੀ ਹੋ ਗਿਆ।ਅਨਵਰ ਦੀ ਪਤਨੀ ਕ੍ਰਿਸ਼ਮਾ ਅਨੁਸਾਰ, ਜਦੋਂ ਆਂਢ-ਗੁਆਂਢ ਦੇ ਕੁਝ ਲੋਕਾਂ ਨੇ ਉਨ੍ਹਾਂ ਨੂੰ ਘਟਨਾ ਦੀ ਸੂਚਨਾ ਦਿੱਤੀ, ਤਾਂ ਉਹ ਤੁਰੰਤ ਉਸ ਨੂੰ ਇੱਕ ਆਟੋ ਵਿੱਚ ਸਿਵਲ ਹਸਪਤਾਲ ਲੈ ਏ।ਇਸ ਦੇ ਨਾਲ ਹੀ ਹਮਲਾਵਰ ਘਰ ਵਿੱਚ ਵੀ ਦਾਖ਼ਲ ਹੋਏ ਤੇ ਭੰਨਤੋੜ ਕੀਤੀ।ਉਨ੍ਹਾਂ ਘਰ ਦੇ ਨੇੜੇ ਗਲੀ ਵਿੱਚ ਪੱਥਰ ਤੇ ਇੱਟਾਂ ਵੀ ਚਲਾਈਆਂ। ਉਨ੍ਹਾਂ ਉੱਥੇ ਗੋਲੀਆਂ ਵੀ ਚਲਾਈਆਂ, ਜਿਸ ਦੀ ਆਵਾਜ਼ ਆਂਢ-ਗੁਆਂਢ ਦੇ ਵਸਨੀਕਾਂ ਨੇ ਵੀ ਸੁਣੀ। ਮੁਹੱਲਾ ਵਾਸੀ ਬਿਮਲਾ ਦੇਵੀ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਗੋਲੀਬਾਰੀ ਦੀ ਆਵਾਜ਼ ਸੁਣੀ ਤਾਂ ਉਹ ਗਲੀ ਵਿੱਚ ਬੈਠੇ ਸਨ।ਉਹ ਘਬਰਾ ਗਏ ਤੇ ਘਰ ਵਿੱਚ ਵੜ ਗਏ।ਬਾਅਦ ਵਿੱਚ, ਉਨ੍ਹਾਂ ਨੂੰ ਪਤਾ ਲੱਗਾ ਕਿ ਕੁਝ ਲੋਕ ਅਨਵਰ ਦੇ ਘਰ ਵਿੱਚ ਦਾਖਲ ਹੋਏ ਹਨ।ਇਸ ਦੌਰਾਨ, ਪਰਿਵਾਰ ਨੇ ਘਟਨਾ ਬਾਰੇ ਪੁਲਸ ਨੂੰ ਸੂਚਿਤ ਕੀਤਾ।ਪੁਲਸ ਬੁੱਧਵਾਰ ਸਵੇਰੇ ਮੌਕੇ ਦਾ ਮੁਆਇਨਾ ਕਰਨ ਲਈ ਮੌਕੇ 'ਤੇ ਪਹੁੰਚੀ ਤੇ ਮਾਮਲੇ ਦੀ ਜਾਂਚ ਕਰ ਰਹੀ ਹੈ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਨਵਰਾਹੀ ਘੁਗਿਆਣਵੀ ਦੇ ਦੇਹਾਂਤ 'ਤੇ ਅ਼ਫ਼ਸੋਸ ਦਾ ਪ੍ਰਗਟਾਵਾ

**ਲੁਧਿਆਣਾ (ਭਾਟੀਆ, ਕਥੂਰੀਆ)** ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਦੇ ਮੈਂਬਰਾਂ ਤੇ ਸਮੂਹ ਮੈਂਬਰਾਂ ਵੱਲੋਂ ਅਕਾਦਮੀ ਦੇ ਜੀਵਨ ਮੈਂਬਰ ਨਵਰਾਹੀ ਘੁਗਿਆਣਵੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਨਵਰਾਹੀ ਘੁਗਿਆਣਵੀ ਉੱਘੇ ਪੰਜਾਬੀ ਕਵੀ ਸਨ।ਉਹ ਅਧਿਆਪਨ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਮੁਲਾਜ਼ਮ ਤੇ ਲੇਖਕ ਜਥੇਬੰਦੀਆਂ ਵਿੱਚ ਸਰਗਰਮ ਰਹੇ।ਸੀਨੀ. ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਸ੍ਰੀ ਘੁਗਿਆਣਵੀ ਜੀ ਨੇ ਪ੍ਰਾਇਮਰੀ ਟੀਚਰ ਦੀ ਨੌਕਰੀ ਤੋਂ ਸ਼ੁਰੂਆਤ ਕਰਕੇ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸਨ।ਉਨ੍ਹਾਂ ਦੇ ਦੇਹਾਂਤ ਨਾਲ ਪੰਜਾਬੀ ਸਾਹਿਤ ਜਗਤ ਤੇ ਪਰਿਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਇਸ ਦੁੱਖ ਦੀ ਘੜੀ ਅਕਾਦਮੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਨਵਰਾਹੀ ਜੀ ਦਾ ਅਸਲ ਨਾਮ ਫੌਜਾ ਸਿੰਘ ਬਰਾੜ ਸੀ ਤੇ ਸਾਹਿਤਕ ਨਾਮ ਨਵਰਾਹੀ ਘੁਗਿਆਣਵੀ ਸੀ। ਉਨ੍ਹਾਂ ਨੇ 'ਘਾਲਣਾ', 'ਥਲਾਂ ਦੀ ਰੇਤ', 'ਅੰਬੀਆਂ', 'ਛਹਿਬਰ', 'ਮਾਹੌਲ', 'ਲਗ਼ਰਾਂ', 'ਮਹਿਤਾਬ ਨਾਮਾ', 'ਸੀਰਤਨਾਮਾ', 'ਗਨੇਰੀਆਂ', 'ਨਿਮੋਲੀਆਂ', 'ਮਾਸੂਮ', 'ਤਰਕਸ਼', 'ਗੁਲੇਲ', 'ਖ਼ਰਖਰਾ', 'ਜਾਇਜ਼ਾ', 'ਜਬੈ ਬਾਣ ਲਾਗਯੋ' ਸਮੇਤ ਕਈ ਮੁੱਲਵਾਨ ਪੁਸਤਕਾਂ ਦੀ ਰਚਨਾ ਕੀਤੀ।ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਪਾਲ ਕੌਰ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ.



ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਸਵੀਰ ਝੱਜ, ਜਨਮੇਜਾ ਸਿੰਘ ਜੌਹਲ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਪ੍ਰੋ. ਸਰਘੀ, ਪ੍ਰੇਮ ਸਾਹਿਲ, ਸ੍ਰੀ ਦੀਪ ਜਗਦੀਪ ਸਿੰਘ, ਪ੍ਰੋ. ਬਲਵਿੰਦਰ ਸਿੰਘ ਚਹਿਲ, ਕਰਮਜੀਤ ਸਿੰਘ ਗਰੇਵਾਲ ਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਸਨ।

# ਵਿੱਦਿਅਕ ਸੈਸ਼ਨ 2026-27 ਨੂੰ ਸਮਰਪਤ ਸੁਲਤਾਨਪੁਰ ਲੋਧੀ ਵਿਸ਼ੇਸ਼ ਸਪਲੀਮੈਂਟ



ਸੰਤ ਬਲਬੀਰ ਸਿੰਘ ਸੀਚੇਵਾਲ | ਇੰਜ. ਸਵਰਨ ਸਿੰਘ, ਪ੍ਰਧਾਨ ਜੀ ਐਨ ਕੇ ਕਾਲਜ | ਬੀਬੀ ਗੁਰਪ੍ਰੀਤ ਕੌਰ, ਮੈਂਬਰ ਐੱਸ ਜੀ ਪੀ ਸੀ | ਰਾਕੇਸ਼ ਕੁਮਾਰ ਧੀਰ, ਪ੍ਰਧਾਨ ਐਸ ਡੀ ਸਭਾ | ਕਰਨਲ ਅਜੀਤ ਸਿੰਘ ਢਿੱਲੋਂ, ਚੇਅਰਮੈਨ | ਨਵਦੀਪ ਕੌਰ ਢਿੱਲੋਂ, ਐਮ ਡੀ | ਡਾ. ਵੰਦਨਾ ਸ਼ੁਕਲਾ, ਪ੍ਰਿੰਸੀਪਲ | ਸੁਖਦੇਵ ਸਿੰਘ ਜੱਜ, ਐਮ ਡੀ ਅਕਾਲ ਅਕੈਡਮੀ | ਦੌਲਤ ਰਾਮ ਛੁਰਾ, ਸਮਾਜ ਸੇਵਕ | ਸਤਨਾਮ ਸਿੰਘ ਗਿੱਲ, ਸੀਨੀ. ਉੱਪ ਪ੍ਰਧਾਨ ਨੰਬਰਦਾਰ ਯੂਨੀਅਨ | ਦਿਲਬਾਗ ਸਿੰਘ ਗਿੱਲ, ਐਮ ਡੀ | ਪੰਕਜ ਚੱਡਾ, ਪ੍ਰਧਾਨ ਸੋਢਲ ਮੰਦਰ, ਜਲੰਧਰ | ਨਵਨੀਤ ਸਿੰਘ ਚੀਮਾ, ਵਾਇਸ ਪ੍ਰਧਾਨ ਨਗਰ ਕੌਂਸਲ | ਸੰਦੀਪ ਕੌਰ ਚੀਮਾ, ਕੌਂਸਲਰ



ਇੰਜੀ. ਹਰਨਿਆਮਤ ਕੌਰ, ਡਾਇਰੈਕਟਰ | ਇੰਜੀ. ਨਿਮਰਤਾ ਕੌਰ, ਪ੍ਰਸ਼ਾਸਕ | ਇੰਦਰਜੀਤ ਕੌਰ ਖਾਲਸਾ, ਪ੍ਰਿੰਸੀਪਲ | ਸੁਖਦੇਵ ਸਿੰਘ ਖਾਲਸਾ, ਐਮ ਡੀ | ਭੂਸ਼ਨ ਛੁਰਾ, ਸਮਾਜ ਸੇਵਕ | ਅਮਿਤ ਛੁਰਾ, ਸਮਾਜ ਸੇਵਕ | ਕੰਵਲਪ੍ਰੀਤ ਸਿੰਘ ਕੌੜਾ, ਅਧਿਆਪਕ ਆਗੂ | ਅਭਿਸ਼ੇਕ ਮਲਹੋਤਰਾ, The Mentor | ਸਤਪਾਲ ਮਦਾਨ, ਸਮਾਜ ਸੇਵਕ | ਮਾਧਵ ਗੁਪਤਾ, ਸਮਾਜ ਸੇਵਕ



**ਐਨ ਕੇ ਹਨੀ**
ਵਿਸ਼ੇਸ਼ ਪ੍ਰਤੀਨਿਧ
98724-90393

## ਧੰਨਵਾਦ

ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੀਆਂ ਅਤਿ ਸਤਿਕਾਰਯੋਗ ਸ਼ਖ਼ਸੀਅਤਾਂ ਦਾ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦ ਕਰਦੇ ਹਾਂ।



**ਪਵਨ ਹਨੀ**
ਪ੍ਰੈੱਸ ਫੋਟੋਗ੍ਰਾਫਰ
98724-97197

## ਸਿੱਖ ਮਿਸ਼ਨ ਅਕੈਡਮੀ

**ਦਾਖ਼ਲਾ ਸ਼ੁਰੂ** ਨਰਸਰੀ ਤੋਂ ਬਾਰ੍ਹਵੀਂ ਜਮਾਤ ਤੱਕ



ਸੁਖਦੇਵ ਸਿੰਘ ਖਾਲਸਾ ਐਮ ਡੀ
98155-78434

ਸਰਕਾਰ ਵੱਲੋਂ ਆਰਥਿਕ ਪੱਖੋਂ ਪੱਛੜੇ ਮਾਪਿਆਂ ਦੇ ਵਿਦਿਆਰਥੀਆਂ ਲਈ 25 ਫੀਸਦੀ ਫਰੀ ਰਾਖਵੀਆਂ ਸੀਟਾਂ ਲਈ ਵੀ ਦਾਖ਼ਲਾ ਸ਼ੁਰੂ



ਪ੍ਰਿੰਸੀਪਲ ਇੰਦਰਜੀਤ ਕੌਰ ਖਾਲਸਾ
98780-90354

**ਗਾਜ਼ੀਪੁਰ ਰੋਡ, ਸੁਲਤਾਨਪੁਰ ਲੋਧੀ**



ਰਾਣਾ ਗੁਰਜੀਤ ਸਿੰਘ, ਐੱਮ ਐੱਲ ਏ, ਸਾਬਕਾ ਮੰਤਰੀ | ਰਾਣਾ ਇੰਦਰਪ੍ਰਤਾਪ ਸਿੰਘ, ਐੱਮ ਐੱਲ ਏ | ਨਵਨੀਤ ਸਿੰਘ ਚੀਮਾ, ਵਾਇਸ ਪ੍ਰਧਾਨ ਨਗਰ ਕੌਂਸਲ | ਸੰਦੀਪ ਕੌਰ ਚੀਮਾ, ਕੌਂਸਲਰ

ਵਿਦਿਅਕ ਸੈਸ਼ਨ 2026-27 ਨੂੰ ਸਮਰਪਤ ਸੁਲਤਾਨਪੁਰ ਲੋਧੀ ਵਿਸ਼ੇਸ਼ ਸਪਲੀਮੈਂਟ ਦੀਆਂ ਸਮੂਹ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ

**ਵੱਲੋਂ : ਨਵਨੀਤ ਸਿੰਘ ਚੀਮਾ ਵਾਇਸ ਪ੍ਰਧਾਨ ਨਗਰ ਕੌਂਸਲ, ਸੰਦੀਪ ਕੌਰ ਚੀਮਾ ਕੌਂਸਲਰ**

## ਗਿੱਲ ਆਟੋਮੋਬਾਈਲਜ਼



ਸਤਨਾਮ ਸਿੰਘ ਗਿੱਲ
ਸੀਨੀ. ਉਪ ਪ੍ਰਧਾਨ ਨੰਬਰਦਾਰ ਯੂਨੀਅਨ
98770-25596

**ਮਹਿੰਦਰਾ ਟਰੈਕਟਰ ਏਜੰਸੀ**
ਸੁਲਤਾਨਪੁਰ ਲੋਧੀ
ਬਰਾਂਚ ਆਫ਼ਿਸ : ਸ਼ਾਹਕੋਟ, ਨਕੋਦਰ, ਜ਼ੀਰਾ ਅਤੇ ਧਰਮਕੋਟ

ਇੱਥੇ 15 ਹਾਰਸ ਪਾਵਰ ਤੋਂ ਲੈ ਕੇ 85 ਹਾਰਸ ਪਾਵਰ ਅਤੇ ਮਹਿੰਦਰਾ ਦੇ ਟਰੈਕਟਰ, ਖੇਤੀ ਦੇ ਸੰਦ ਰੋਟਾਵੇਟਰ, ਲੈਵਲ ਲੇਜ਼ਰ, ਆਲੂ ਪਲਾਂਟਰ ਆਦਿ ਦੇ ਸਾਰੇ ਸੰਦ ਮਿਲਦੇ ਹਨ।



ਦਿਲਬਾਗ ਸਿੰਘ ਗਿੱਲ
ਐਮ ਡੀ
98729-72595
98770-25595

**ਨੋਟ : ਇੱਥੇ ਟਰੈਕਟਰ ਦੇ ਸਪੇਅਰ ਪਾਰਟਸ ਅਤੇ ਸਰਵਿਸ ਕੀਤੀ ਜਾਂਦੀ ਹੈ।**



ਵਿਦਿਅਕ ਸੈਸ਼ਨ 2026-27 ਨੂੰ ਸਮਰਪਤ ਸੁਲਤਾਨਪੁਰ ਲੋਧੀ ਵਿਸ਼ੇਸ਼ ਸਪਲੀਮੈਂਟ ਦੀਆਂ ਸਮੂਹ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ

**ਸਤਪਾਲ ਮਦਾਨ**





ਰਾਣਾ ਇੰਦਰਪ੍ਰਤਾਪ ਸਿੰਘ, ਐੱਮ ਐੱਲ ਏ | ਸਵ. ਵਿਨੋਦ ਕੁਮਾਰ ਗੁਪਤਾ, ਸਾਬਕਾ ਪ੍ਰਧਾਨ ਨਗਰ ਕੌਂਸਲ | ਮਾਧਵ ਗੁਪਤਾ

**M/s. Jagan Nath Ranbir Chand, M/s Madhav Gupta & Co.**
**Grain Market, Sultanpur Lodhi**

## LORD KRISHNA COLLEGE OF EDUCATION

REGISTRATION OPEN B.ED. TWO YEAR PROGRAMME SESSION 2025-27

Dera Saidan, Opp. Railway Station, Sultanpur Lodhi (KPT.)

**ਚੱਲ ਰਹੇ ਕੋਰਸ**

| B.Ed. | E.T.T./D.El. ED |
|---|---|
| Affiliated G.N.D.U | Affiliated to S.C.E.R.T. Chandigarh |

- ਤਜ਼ਰਬੇਕਾਰ/ਕੁਆਲੀਫਾਈਡ ਸਟਾਫ਼
- ਹਰ ਸਾਲ 100 ਫ਼ੀਸਦੀ ਨਤੀਜੇ

ਨੋਟ : B.A., B.Sc. B.Com. ਤੋਂ ਬਾਅਦ B.Ed/D.EL.Ed/ETT 'ਚ ਦਾਖ਼ਲਾ ਲੈ ਸਕਦੇ ਹੋ।

**ਸੈਸ਼ਨ 2026-28**

ਜਨਰਲ ਕੈਟਾਗਰੀ ਵਾਲੇ ਵਿਦਿਆਰਥੀਆਂ ਦੇ ਦਾਖਲੇ ਲਈ 50 ਫੀਸਦੀ ਅਤੇ SC/OBC ਵਾਲੇ ਵਿਦਿਆਰਥੀਆਂ ਲਈ 45 ਫੀਸਦੀ ਅੰਕ ਜ਼ਰੂਰੀ ਹਨ।

Contact : 94632-84336, 94632-13422, 98143-26929

## AKAL GALAXY CONVENT SCHOOL

*Vill. Alladad Chak, Sultanpur Lodhi*

**ADMISSIONS OPEN SESSION 2026-27**

WE ARE HIRING!
BECOME A PART OF OUR TEAM!!!

**Teachers are Required in Following Categories :-**
PGT - Biology, Computer Science, English, Clerical Department
Interested Candidates may send their details/Resume at:-
principal.akalgalaxy@yahoo.com
9914222448, 9877310005, 8437052800

## Akal Academy International

*Sultanpur Lodhi*

**Admission Open for Session 2026-27**

We are Hiring!

**Become a part of our Team**
Physics, Mathematics, Biology, Chemistry, English, Computer. Interested candidates can send their resume on
akalcdm@gmail.com, akal3839@yahoo.com
+91 98151-17798, +91 98764-51538
Free bus serviced for Staff from Jalandhar, Kapurthala &RCF

## S.D. COLLEGE FOR WOMEN

**Sultanpur Lodhi (KPT.)**

ਵਿਸ਼ੇਸ਼ਤਾਵਾਂ : •ਘੱਟ ਫੀਸਾਂ ਤੇ ਹਰ ਸਾਲ ਸ਼ਾਨਦਾਰ ਨਤੀਜੇ • ਹੁਣ ਤੱਕ ਅਣਗਿਣਤ ਮੈਰਿਟ ਪੁਜ਼ੀਸ਼ਨਾਂ • ਤਜ਼ਰਬੇਕਾਰ ਤੇ ਮਿਹਨਤੀ ਸਟਾਫ਼ • ਸ਼ਾਨਦਾਰ ਪ੍ਰਦੂਸ਼ਣ ਰਹਿਤ ਬਿਲਡਿੰਗ •Wi-Fi ਕੈਂਪਸ • ਡਿਜੀਟਲ ਲਾਇਬ੍ਰੇਰੀ •ਸਰਕਾਰੀ ਵਜ਼ੀਫੇ •ਖੇਡਾਂ ਦੇ ਮੈਦਾਨ • ਵਿਦਿਆਰਥਣਾਂ ਦੇ ਸੁਨਹਿਰੇ ਭਵਿੱਖ ਲਈ ਵਚਨਬੱਧ ਹਾਂ।

ਨੋਟ : ਐਸ. ਡੀ. ਸਭਾ ਵੱਲੋਂ ਐਸ. ਡੀ. ਕਾਲਜ ਦੇ ਕੈਂਪਸ 'ਚ ਚੱਲ ਰਹੀਆਂ ਸਿਹਤ ਸੰਸਥਾਵਾਂ :

**Hospital**

Charitable Path. Lab., Homeopathy Lab., Dental Clinic, Jan Aushadhi

**01828-502116**



ਦੌਲਤ ਰਾਮ ਛੁਰਾ | ਭੂਸ਼ਨ ਛੁਰਾ | ਅਮਿਤ ਛੁਰਾ


## ਰੌਸ਼ਨ ਲਾਲ ਐਂਡ ਕੰਪਨੀ

BKO ਲੋਹੀਆਂ ਰੋਡ ਸੁਲਤਾਨਪੁਰ ਲੋਧੀ
M/s Bhushan Chhura & Co. Govt Cont.
Guru Nanak Ready Mix Concrete Plant, Dalla Road Sultanpur Lodhi
M/s. Deot Sidh Cold Store Lohian Road
M/s. Deot Sidh Petrol Pump, Vill Deepewal
Mob. 98152-06627, 98722-00827

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ

ਸਾਹਮਣੇ ਆਰ. ਸੀ. ਐਫ. ਕਪੂਰਥਲਾ | ਸੁਲਤਾਨਪੁਰ ਲੋਧੀ, ਕਪੂਰਥਲਾ

ਸੰਪਰਕ :998886-22446 , 99886-00592




ਸ. ਆਤਮਾ ਸਿੰਘ ਜੀ, ਸਾਬਕਾ ਕੈਬਨਿਟ ਮੰਤਰੀ ਪੰਜਾਬ | ਬੀਬੀ ਗੁਰਪ੍ਰੀਤ ਕੌਰ, ਮੈਂਬਰ ਸ਼੍ਰੋਮਣੀ ਕਮੇਟੀ | ਇੰਜੀ. ਸਵਰਨ ਸਿੰਘ, ਪ੍ਰਧਾਨ ਜੀ. ਐਨ. ਕੇ. ਕਾਲਜ | ਇੰਜੀ. ਹਰਨਿਆਮਤ ਕੌਰ, ਡਾਇਰੈਕਟਰ | ਇੰਜੀ. ਨਿਮਰਤਾ ਕੌਰ, ਪ੍ਰਸ਼ਾਸਕ | ਰੇਨੂ ਅਰੋੜਾ, ਪ੍ਰਿੰਸੀਪਲ | ਦਿਮਪਲ ਸ਼ਰਮਾ, ਪ੍ਰਿੰਸੀਪਲ

### Our Shining Stars CLASS 12Th BOARD RESULT (SESSION 2024-25)



KIRANDEEP KAUR 93.2% | ROSEPREET SINGH 92.6% | SHREYA VASHISHT 92.4% | KAJALPREET KAUR 92.2% | PREETPAL KAUR 92.2% | PALAKPREET KAUR 92% | INDERPREET KAUR 90.8% | SUKHMANPREET KAUR 90.2%



GURLEEN KAUR 89.8% | RITIKA 89.8% | CHANDI ARYA 89% | GULSHANPREET KAUR 88% | SUKHMANPREET KAUR 87.2% | YUVRAJ SINGH 87% | MEHAKPREET KAUR 86.6% | NEHA ARORA 86.2%

### Our Shining Stars CLASS 10Th BOARD RESULT (SESSION 2024-25)



NAVDEEP KAUR 94.2% | JASMEEN KAUR 91.8% | YUVRAJ SINGH GORAYA 91.4% | CASHPREET SINGH 90.8% | VIVEK KUMAR 90.6% | NOBLEPREET KAUR 88.2% | HARRAJ SINGH 87.8% | SIMRANPREET SINGH 87.6%



NAVRAJ KUMAR 87.4% | MANVIR SINGH 87.4% | GURLEEN KAUR 87.2% | LOVEPREET SINGH 86.2% | JASLEEN KAUR 85.4% | PALAKPREET KAUR 84.4% | JASMEET KAUR 84.4% | GURMANNAT KAUR 83.8%

**ਦਾਖਲਾ ਸ਼ੁਰੂ : ਸੈਸ਼ਨ 2026-27**

ਸਹੂਲਤਾਂ: ▶ ਸ਼ਾਨਦਾਰ ਬਿਲਡਿੰਗ ▶ ਟਰਾਂਸਪੋਰਟ ਦਾ ਉਚਿਤ ਪ੍ਰਬੰਧ ▶ ਪੜ੍ਹਨ ਤੇ ਖੇਡਣ ਦੇ ਨਾਲ ਨਾਲ ਬੱਚਿਆਂ ਦੇ ਸਰਵਪੱਖੀ ਵਿਕਾਸ ਵੱਲ ਖਾਸ ਧਿਆਨ ▶ ਬੱਚਿਆਂ ਦੇ ਅਭਿਆਸ ਅਤੇ ਵਿਕਾਸ ਲਈ ਨਿਰੰਤਰ ਅਤੇ ਸਿਰਜਣਾਤਮਕ ਅਵਸਰ ▶ ਤਜਰਬੇਕਾਰ ਸਟਾਫ ▶ ਬੋਰਡ ਇਮਤਿਹਾਨਾਂ ਵਿਚ ਸਕੂਲ ਦਾ ਸ਼ਾਨਦਾਰ ਨਤੀਜਾ ▶ ਵਿਅਕਤੀਗਤ ਸਿਖਲਾਈ ਲਈ ਵੱਖ ਵੱਖ ਮਾਪਢੰਡ ▶ ਸੰਤੁਲਿਤ ਅਤੇ ਪ੍ਰਮਾਣਿਕ ਮੁਲਾਂਕਣt

WEBSITE: www.sriguruharkrishanpublicschoolrcf.com, www.sriguruharkrishanpublicschool.com

## ADMISSIONS OPEN 2026-27!

**FALCON INTERNATIONAL SCHOOL**
CBSE AFFILIATED | Affiliation No. 1631201
Talwandi Choudhrian Highway

**CLASSES OFFERED**
Nursery to 10+2 (CBSE)
10+2 Streams:
Medical | Non-Medical
Commerce | Arts

**FALCON CRICKET ACADEMY**



**OUR FACILITIES**
- Air-Conditioned & Digital Classrooms
- Transport Facility on All Routes
- CCTV Secured Campus
- Spoken English Classes

**ਇਲਾਕੇ ਦਾ ਪਹਿਲਾ NCC ਮਾਨਤਾ ਪ੍ਰਾਪਤ ਪ੍ਰਾਇਵੇਟ ਸਕੂਲ।**

**SPECIAL BENEFITS**
- Scholarships for 9th & 10+1 Classes
- Spoken English Classes




**Contact Us**
9988467079
9988767079